REAL ESTATE IN CALIFORNIA
XANDER
GURJATINDER S. RANDHAWA
REALTOR
CA BRE LICENCE # 01490567
916-320-9444
Xander Mortgage & Real Estate Inc.
9281 Office Park Circle # 150, Elk Grove CA 95758

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: Gurjatinder Singh Randhawa
Punjab Mail USA

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ, ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
Sacramento: 2953 W Capitol Ave. Sacramento CA 95691 Phone: 916-372-4448 Fax: 916-372-4440
FREMONT: 44790 S. Grimmer Blvd.# 208 Fremont, CA 94538 Phone: 510-657-6444 Fax: 510-657-6445
FRESNO: 4491 W. Shaw Ave. Suit No. 300B Near Costco Fresno, CA 93722 Phone: 559-271-5511
Turlock 209-632-3292

Vol. 12, Issue- 611, 17 to 23 Sept. 2020, Ph: 916-320-9444, E-mail: punjabmailusa@yahoo.com, Web: punjabmailusa.com

# ਅਕਾਲੀ ਦਲ ਹੋ ਸਕਦੈ ਕੇਂਦਰ ਸਰਕਾਰ 'ਚੋਂ ਬਾਹਰ!

» ਖੇਤੀ ਆਰਡੀਨੈਂਸਾਂ ਦੇ 3 ਬਿੱਲਾਂ ਦਾ ਵਿਰੋਧ ਕਰਨ ਲਈ ਅਕਾਲੀ ਦਲ ਤਿਆਰ




**ਜਲੰਧਰ, (ਮੇਜਰ ਸਿੰਘ/ਪੰਜਾਬ ਮੇਲ)-** ਸੰਸਦ 'ਚ ਪੇਸ਼ ਹੋਏ ਖੇਤੀ ਬਿੱਲਾਂ ਬਾਰੇ ਕਾਫ਼ੀ ਜੱਕੋ-ਤੱਕੀ ਤੇ ਕਿਸਾਨਾਂ ਦੇ ਭਾਰੀ ਦਬਾਅ ਕਾਰਨ ਆਖਰ ਅਕਾਲੀ ਦਲ ਖੇਤੀ ਆਰਡੀਨੈਂਸਾਂ ਨੂੰ ਕਾਨੂੰਨ 'ਚ ਬਦਲਣ ਲਈ ਪੇਸ਼ ਕੀਤੇ 3 ਬਿੱਲਾਂ ਦਾ ਵਿਰੋਧ ਕਰਨ ਲਈ ਤਿਆਰ ਹੋ ਗਿਆ ਹੈ ਤੇ ਜੇਕਰ ਕੇਂਦਰ ਸਰਕਾਰ ਨੇ ਇਹ ਬਿੱਲ ਵਾਪਸ ਲੈਣ ਜਾਂ ਸੋਧਾਂ ਕਰਕੇ ਕਿਸਾਨਾਂ ਦੇ ਖ਼ਦਸ਼ੇ ਦੂਰ ਨਾ ਕੀਤੇ, ਤਾਂ ਲੋਕ ਸਭਾ 'ਚ ਪਾਰਟੀ ਦੇ ਮੈਂਬਰਾਂ ਵਲੋਂ ਵਿਰੋਧ ਕੀਤੇ ਜਾਣ ਦੇ ਫ਼ੈਸਲੇ ਦਾ ਪਤਾ ਲੱਗਾ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਪਿਛਲੇ ਦਿਨੀਂ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ 'ਚ 2 ਦਿਨ ਪਾਰਟੀ ਦੇ ਸੀਨੀਅਰ ਆਗੂਆਂ, ਕਿਸਾਨ ਸੰਗਠਨਾਂ ਦੇ ਨੇਤਾਵਾਂ ਤੇ ਖੇਤੀ ਵਿਸ਼ੇ ਨਾਲ ਸਬੰਧਿਤ ਬੁੱਧੀਜੀਵੀਆਂ ਨਾਲ ਲੰਬੀਆਂ ਮੀਟਿੰਗਾਂ ਕੀਤੀਆਂ ਸਨ ਤੇ ਇਨ੍ਹਾਂ ਮੀਟਿੰਗਾਂ 'ਚ ਆਏ ਵਿਚਾਰਾਂ ਦੇ ਆਧਾਰ ਉੱਪਰ ਹੀ ਪਤਾ ਲੱਗਾ ਹੈ ਕਿ ਫਿਰ ਪਹਿਲਾਂ ਕੇਂਦਰ ਸਰਕਾਰ ਤੇ ਭਾਜਪਾ ਨੇਤਾਵਾਂ ਨੂੰ ਕਿਸਾਨਾਂ ਦੇ ਖਦਸ਼ੇ ਦੂਰ ਕਰਨ ਤੱਕ ਖੇਤੀ ਬਿੱਲ ਸੰਸਦ 'ਚ ਪੇਸ਼ ਨਾ ਕਰਨ ਦੀ ਅਪੀਲ ਕੀਤੀ ਪਰ ਨਾਲ ਹੀ ਪਤਾ ਲੱਗਾ ਹੈ ਕਿ ਇਹ ਵੀ ਫ਼ੈਸਲਾ ਕਰ ਲਿਆ ਗਿਆ ਹੈ ਕਿ ਜੇਕਰ ਕੇਂਦਰ ਸਰਕਾਰ ਖੇਤੀ ਆਰਡੀਨੈਂਸਾਂ ਨੂੰ ਇੰਨ-ਬਿੰਨ ਪਾਸ ਕਰਵਾਉਣ ਦਾ ਯਤਨ ਕਰੇਗੀ, ਤਾਂ ਅਕਾਲੀ ਦਲ ਦੇ ਨੁਮਾਇੰਦੇ ਸੰਸਦ 'ਚ ਇਸ ਦਾ ਵਿਰੋਧ ਕਰਨਗੇ। ਇਸੇ ਰਣਨੀਤੀ ਤਹਿਤ ਹੀ ਹੁਣ ਜਦ ਸਰਕਾਰ ਨੇ ਖੇਤੀ ਆਰਡੀਨੈਂਸਾਂ ਨੂੰ ਇੰਨ-ਬਿੰਨ ਕਾਨੂੰਨ 'ਚ ਬਦਲਣ ਲਈ ਬਿੱਲ ਲੋਕ ਸਭਾ 'ਚ ਪੇਸ਼ ਕਰ ਦਿੱਤੇ ਹਨ, ਤਾਂ ਅਕਾਲੀ ਦਲ ਨੇ ਇਸ ਦਾ ਵਿਰੋਧ ਕਰਨ ਦੀ ਤਿਆਰੀ ਕਰ ਲਈ ਹੈ। ਵਰਨਣਯੋਗ ਹੈ ਕਿ ਲੋਕ ਸਭਾ ਵਿਚ ਇਸ ਵੇਲੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਮੈਂਬਰ ਹਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਚੰਡੀਗੜ੍ਹ ਦੀ ਮੀਟਿੰਗ ਵਿਚ ਸਾਰੇ ਪਹਿਲੂਆਂ 'ਤੇ ਵਿਚਾਰ ਸਮੇਂ ਸਰਕਾਰ ਦੇ ਬਿੱਲ ਦੇ ਵਿਰੋਧ ਤੋਂ ਉਪਜਣ ਵਾਲੇ ਸਿੱਟਿਆਂ ਬਾਰੇ ਵਿਚਾਰ ਕਰਦਿਆਂ ਬੀਬਾ ਹਰਸਿਮਰਤ ਕੌਰ ਬਾਦਲ ਦੇ ਭਵਿੱਖ ਬਾਰੇ ਵੀ ਚਰਚਾ ਹੋਈ ਤੇ ਸਮਝਿਆ ਜਾਂਦਾ ਹੈ ਕਿ ਬਿੱਲ ਦੇ ਵਿਰੋਧ ਤੋਂ ਬਾਅਦ ਉਹ ਵੀ ਵਜ਼ਾਰਤ ਤੋਂ ਅਸਤੀਫ਼ਾ ਦੇ ਸਕਦੇ ਹਨ। ਇਸ ਤਰ੍ਹਾਂ ਅਕਾਲੀ ਦਲ ਕੇਂਦਰ ਸਰਕਾਰ 'ਚੋਂ ਬਾਹਰ ਹੋ ਸਕਦਾ ਹੈ।

ਅਕਾਲੀ-ਭਾਜਪਾ ਗੱਠਜੋੜ ਪਿਛਲੇ ਕਰੀਬ 25 ਸਾਲ ਦੌਰਾਨ ਪਹਿਲਾਂ ਵੀ ਕਈ ਵਾਰ ਬੇਇਤਫਾਕੀ ਤੇ ਔਕੜਾਂ ਵਿਚ ਘਿਰਦਾ ਰਿਹਾ ਹੈ ਪਰ ਇਹ ਪਹਿਲਾ ਸੰਕਟ ਹੈ ਜਦ ਗੱਠਜੋੜ ਹੀ ਸੰਕਟ ਦੇ ਮੂੰਹ ਪੈਂਦਾ ਨਜ਼ਰ ਆ ਰਿਹਾ ਹੈ। ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਦੇ ਹੱਕ ਵਿਚ ਡਟਣ ਦਾ ਪੈਂਤੜਾ ਲੈਣ ਬਾਅਦ ਅਕਾਲੀ ਦਲ ਨੂੰ ਭਾਜਪਾ ਨਾਲ ਭਾਈਵਾਲੀ ਰੱਖਣੀ ਮੁਸ਼ਕਿਲ ਹੋ ਜਾਵੇਗੀ ਤੇ ਪਤਾ ਲੱਗਾ ਹੈ ਕਿ ਅਕਾਲੀ ਲੀਡਰਸ਼ਿਪ ਕਿਸਾਨਾਂ ਦਾ ਭਰੋਸਾ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ। ਉਂਝ ਤਾਂ ਮੁੱਢ ਤੋਂ ਹੀ ਅਕਾਲੀ ਆਗੂ ਇਹ ਕਹਿੰਦੇ ਆ ਰਹੇ ਹਨ ਕਿ ਉਹ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੇ ਹਨ ਤੇ ਕਿਸਾਨ ਹੱਕਾਂ ਲਈ ਕੋਈ ਵੀ

■ ਬਾਕੀ ਖਬਰ ਸਫਾ 28 'ਤੇ

## ਲਾਪਤਾ ਪਾਵਨ ਸਰੂਪ ਮਾਮਲਾ

# ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਤੇ ਟਾਸਕ ਫੋਰਸ ਨੇ ਧਰਨਾਕਾਰੀਆਂ 'ਤੇ ਕੀਤਾ ਹਮਲਾ

■ ਝਗੜੇ 'ਚ ਨਿਹੰਗ ਸਿੰਘ ਜ਼ਖਮੀ, ਦਸਤਾਰਾਂ ਦੀ ਕੀਤੀ ਬੇਅਦਬੀ
■ ਵੱਖ-ਵੱਖ ਆਗੂਆਂ ਵਲੋਂ ਘਟਨਾ ਦੀ ਨਿਖੇਧੀ



ਹਰਿਮੰਦਰ ਸਾਹਿਬ ਕੰਪਲੈਕਸ 'ਚ ਹੋਈ ਝੜਪ ਦੌਰਾਨ ਜ਼ਖ਼ਮੀ ਹੋਇਆ ਇਕ ਨਿਹੰਗ ਸਿੰਘ।

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਦੇ ਬਾਹਰ ਧਰਨਾ ਦੇ ਰਹੇ ਸਿੱਖ ਕਾਰਕੁਨਾਂ ਦੇ ਹੱਕ 'ਚ ਆਏ ਕੁਝ ਨਿਹੰਗ ਸਿੰਘਾਂ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਿਚਾਲੇ ਤਕਰਾਰ ਮਗਰੋਂ ਹੋਏ ਝਗੜੇ ਵਿਚ ਕੁਝ ਨਿਹੰਗ ਸਿੰਘ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਦੀਆਂ ਦਸਤਾਰਾਂ ਵੀ ਉੱਤਰ ਗਈਆਂ। ਇਸ ਦੌਰਾਨ ਟਾਸਕ ਫੋਰਸ ਦੇ ਕਰਮਚਾਰੀਆਂ ਵੱਲੋਂ ਮੀਡੀਆ ਕਰਮੀਆਂ ਨਾਲ ਵੀ ਦੁਰਵਿਹਾਰ ਕੀਤਾ ਗਿਆ। ਲਾਪਤਾ ਸਰੂਪਾਂ ਦੀ ਜਾਂਚ ਰਿਪੋਰਟ 'ਚ ਦੱਸੇ ਗਏ ਦੋਸ਼ੀਆਂ ਖ਼ਿਲਾਫ਼ ਪੁਲਿਸ ਕੇਸ ਦਰਜ ਕਰਾਉਣ ਦੀ ਮੰਗ ਨੂੰ ਲੈ ਕੇ ਸਤਿਕਾਰ ਕਮੇਟੀਆਂ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਕਾਰਕੁਨ ਸੋਮਵਾਰ ਤੋਂ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਦੇ ਬਾਹਰ ਧਰਨੇ 'ਤੇ ਬੈਠੇ ਹੋਏ ਸਨ। ਧਰਨਾ ਦੂਜੇ ਦਿਨ ਵੀ ਜਾਰੀ ਰਿਹਾ ਅਤੇ ਸ਼੍ਰੋਮਣੀ ਕਮੇਟੀ ਅਤੇ ਧਰਨਾਕਾਰੀਆਂ ਦੇ ਆਗੂਆਂ

■ ਬਾਕੀ ਖਬਰ ਸਫਾ 28 'ਤੇ

Are you looking to BUY or SELL any Commercial Prop/Business anywhere in California ?
SPECIALIZE IN:
HOTELS • MOTELS • INVESTMENTS PROPERTIES • GAS STATIONS • COMMERCIAL LOTS
FRANCHISED BUSINESSES • LIQUOR STORES • AGRICULTURAL FARMS
TAJ RANDHAWA
(559)394-9000
RE/MAX COMMERCIAL
BRE#01495361

# ਖੇਤੀ ਆਰਡੀਨੈਂਸ ਦੇ ਵਿਰੋਧ 'ਚ ਕਿਸਾਨਾਂ ਦਾ ਪੰਜਾਬ 'ਚ ਰੋਹ ਭਰਪੂਰ ਪ੍ਰਦਰਸ਼ਨ

» ਸੜਕਾਂ 'ਤੇ ਕਿਸਾਨਾਂ ਦੇ ਹੜ੍ਹਾਂ ਨੇ ਕੀਤੀ ਆਵਾਜਾਈ ਠੱਪ » 600 ਸੰਘਰਸ਼ੀ ਕਿਸਾਨਾਂ 'ਤੇ ਕੇਸ ਦਰਜ



ਮਹਿਲ ਕਲਾਂ ਵਿਖੇ ਲੁਧਿਆਣਾ-ਬਠਿੰਡਾ ਮੁੱਖ ਮਾਰਗ ਜਾਮ ਕਰਕੇ ਲਗਾਏ ਵਿਸ਼ਾਲ ਧਰਨੇ ਦੌਰਾਨ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਕਿਸਾਨ।

**ਚੰਡੀਗੜ੍ਹ, (ਪੰਜਾਬ ਮੇਲ)-** ਖੇਤੀ ਆਰਡੀਨੈਂਸਾਂ ਖ਼ਿਲਾਫ਼ ਪੰਜਾਬ ਭਰ 'ਚ ਕਿਸਾਨਾਂ ਦੇ ਰੋਹ ਭਰਪੂਰ ਨਾਅਰੇ ਗੂੰਜੇ। ਸੰਸਦ ਦੇ ਮੌਨਸੂਨ ਇਜਲਾਸ 'ਚ ਪੇਸ਼ ਇਨ੍ਹਾਂ ਖੇਤੀ ਆਰਡੀਨੈਂਸਾਂ ਨੂੰ ਕਿਸਾਨਾਂ ਨੇ ਸੜਕਾਂ 'ਤੇ ਉਤਰ ਕੇ ਰੱਦ ਕਰ ਦਿੱਤਾ। ਦਰਜਨਾਂ ਕਿਸਾਨੀ ਧਿਰਾਂ ਨੇ ਵੱਖ-ਵੱਖ ਥਾਵਾਂ ਉੱਤੇ ਜਰਨੈਲੀ ਸੜਕਾਂ 'ਤੇ ਧਰਨੇ ਲਾ ਕੇ ਆਵਾਜਾਈ ਠੱਪ ਕੀਤੀ। ਉਨ੍ਹਾਂ ਤਿੰਨ ਦਰਿਆਈ ਪੁਲਾਂ ਨੂੰ ਵੀ ਰੋਕਿਆ।

ਕਰੋਨਾ ਦੀ ਪ੍ਰਵਾਹ ਕੀਤੇ ਬਿਨਾਂ ਕਿਸਾਨ ਆਪਣੀਆਂ ਮੰਗਾਂ ਦੇ ਹੱਕ 'ਚ ਡਟੇ ਰਹੇ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੱਦੇ 'ਤੇ ਹਜ਼ਾਰਾਂ ਕਿਸਾਨਾਂ-ਮਜ਼ਦੂਰਾਂ ਨੇ ਸ਼ੁਰੂ ਹੋਏ ਦਿਨ-ਰਾਤ ਦੇ ਮੋਰਚੇ ਤਹਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸ਼ਹਿਰ ਪਟਿਆਲਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਿੰਡ ਬਾਦਲ ਵਿਚਲੀ ਰਿਹਾਇਸ਼ ਨੂੰ ਛਾਉਣੀ 'ਚ ਤਬਦੀਲ ਕਰ ਦਿੱਤਾ।

■ ਬਾਕੀ ਖਬਰ ਸਫਾ 13 'ਤੇ

## ਸੁਖਬੀਰ ਵਲੋਂ ਆਰਡੀਨੈਂਸ ਦਾ ਜ਼ੋਰਦਾਰ ਵਿਰੋਧ

**ਨਵੀਂ ਦਿੱਲੀ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਨੇ ਜ਼ਰੂਰੀ ਵਸਤਾਂ (ਸੋਧ) ਬਿੱਲ 2020 ਦਾ ਜ਼ੋਰਦਾਰ ਵਿਰੋਧ ਕਰਦਿਆਂ ਕਿਹਾ ਕਿ ਕਿਸਾਨਾਂ ਦੀ ਪਾਰਟੀ ਹੋਣ ਨਾਤੇ ਉਹ ਅਜਿਹੀ ਕਿਸੇ ਵੀ ਚੀਜ਼ ਦੀ ਹਮਾਇਤ ਨਹੀਂ ਕਰ ਸਕਦੀ, ਜੋ ਦੇਸ਼ ਖਾਸ ਤੌਰ 'ਤੇ ਪੰਜਾਬ ਦੇ ਅੰਨਦਾਤਾ ਦੇ ਹਿੱਤਾਂ ਦੇ ਖ਼ਿਲਾਫ਼ ਹੋਵੇ। ਸ. ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ 'ਚ ਜ਼ੋਰਦਾਰ ਤਕਰੀਰ ਵਿਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦਾ ਹੀ ਸੰਗਠਨ ਹੈ। ਉਨ੍ਹਾਂ ਕਿਹਾ ਕਿ ਇਸ ਵਿਰਾਸਤ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ, ਭਾਵੇਂ ਸਾਨੂੰ ਕੋਈ ਵੀ ਕੀਮਤ ਅਦਾ ਕਰਨੀ ਪਵੇ। ਸ. ਬਾਦਲ ਨੇ 10 ਮਿੰਟ ਦੀ ਤਿੱਖੀ ਤਕਰੀਰ 'ਚ ਕਿਹਾ ਕਿ ਸਰਕਾਰ ਨੇ ਕਿਸਾਨਾਂ ਤੇ ਉਨ੍ਹਾਂ ਦੇ ਸੰਗਠਨਾਂ ਨੂੰ ਨਾਲ ਨਾ ਲੈ ਕੇ ਬਹੁਤ ਵੱਡੀ ਗਲਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਆਰਡੀਨੈਂਸ ਤਿਆਰ ਕਰਨ ਸਮੇਂ ਸ਼੍ਰੋਮਣੀ ਅਕਾਲੀ ਦਲ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ।

Global Allianz
LAW FIRM LLP
ਕਾਨੂੰਨੀ ਸਲਾਹ
■ ਇਮੀਗ੍ਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Atul Kapoor C.E.O
Asylum & Deportation Defense
Neat Allen Sawyer Attorney at Law
7899 N. PERSHING AVE., STOCKTON, CA -95207
PHONE:209-808-2136, 209-952-5578, Fax: 209-476-7188

TRUSTED NAME
MOHAN CHEEMA
NMLS ID # 698952
DRE LIC.# 02067197
559-825-5555
XANDER
MORTGAGE & REAL ESTATE INC.
Here at XANDER... Dreams do come true
2520 W Shaw Ln, Ste 106, Fresno CA 93711

Punjab Insurance Brokers Inc.
Punjab Insurance Brokers Inc.
Covered CA Open Enrollment Ends 30th June 2020 | Medicare Supplement Plans
• Life • Health • Travel • Medicare • Trucking
• ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
COVERED CALIFORNIA
Certified Insurance Agent
KAISER PERMANENTE. Authorized Agent
blue of california
Western Health Advantage
Inderjeet Singh Mann
CA Lic# 0H82488
Health Net Anthem UnitedHealthcare
551 N Palora Ave, Suite B Yuba City CA 95991, Ph.: (916) 900-2000, (530) 927-5777
1-888-978-6522
www.punjabinsurance.com

INSTALL
Trusted Name In 4K Technology
20 YEARS OF EXPERIENCE
HIGH QUALITY VIDEO IMAGES
COMMERCIAL GRADE PRODUCT
VISTA HD Surveillance Systems
www.vistacctv.net
We Instal All Over California
Call Sukhpal
1-661-586-5080

ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
Amantel.com
ਅਮਰੀਕਾ ਅਤੇ ਕੈਨੇਡਾ ਤੋਂ ਫੋਨ ਕਰਨ ਲਈ ਪੰਜਾਬੀ ਪਰਿਵਾਰਾਂ ਦੀ ਪੂਰੀ ਅਤੇ ਭਰੋਸੇਮੰਦ ਸਰਵਿਸ ਕੰਪਨੀ
ਘਰ ਦੇ ਫੋਨ ਅਤੇ ਸੈੱਲ ਫੋਨ ਤੇ ਇਕੋ ਰੇਟ
$25 ਵਿਚ 2600 ਮਿੰਟ (44 ਘੰਟੇ) ਗੱਲਾਂ ਕਰੋ
ਇੰਡੀਆ ਦੇ ਕਿਸੇ ਵੀ ਹਿੱਸੇ ਵਿਚ ਸੈੱਲ ਜਾਂ ਲੈਂਡਲਾਈਨ ਤੇ ਕਾਲ ਕਰੋ
24 ਘੰਟੇ 7 ਦਿਨ
ਸੁਪਰ ਸਟਾਰ ਧਰਮਿੰਦਰ ਅਤੇ ਡ੍ਰੀਮ ਗਰਲ ਹੇਮਾ ਮਾਲਿਨੀ ਦੀ ਪਹਿਲੀ ਪਸੰਦ
* ਕੋਈ ਵਾਧੂ ਚਾਰਜ ਨਹੀਂ ਹੈ
* 100% Money Back Gurantee on Quality
* Customer Service Available
ਸਰਵਿਸ ਲੈਣ ਲਈ ਕਾਲ ਕਰੋ
1-888-652-6268
1-732-983-4332/4333

# ਸੰਘਰਸ਼ਸ਼ੀਲ ਸਿੱਖਾਂ ਦੀਆਂ ਪੰਜਾਬ 'ਚ ਜਾਇਦਾਦਾਂ ਕੁਰਕ ਕਰਨਾ ਭਾਰਤੀ ਹਕੂਮਤ ਦੀ ਬੁਖਲਾਹਟ ਦੀ ਨਿਸ਼ਾਨੀ

**■ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਇਦਾਦਾਂ ਕੁਰਕ ਕਰਨ ਦਾ ਕੀਤਾ ਡੱਟਵਾਂ ਵਿਰੋਧ**

**ਨਿਊਯਾਰਕ, (ਪੰਜਾਬ ਮੇਲ)-** ਇਤਿਹਾਸ ਗਵਾਹ ਹੈ ਕਿ ਸਿੱਖ ਕੌਮ ਹਮੇਸ਼ਾ ਜਬਰ ਦਾ ਸਬਰ ਨਾਲ ਵਿਰੋਧ ਕਰਦੀ ਆਈ ਹੈ, ਹੁਕਮਰਾਨ ਜ਼ਾਲਮਾਂ ਨੇ ਜਦੋਂ ਕਦੇ ਵੀ ਸਿੱਖਾਂ ਦੇ ਘਰ-ਬਾਰ ਉਜਾੜੇ, ਸਿੱਖਾਂ ਦੇ ਰੁਜ਼ਗਾਰ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ, ਤਾਂ ਸਿੱਖ ਕੌਮੀ ਮਰਜੀਵੜਿਆਂ ਨੇ ਮੰਨੂੰ ਵਰਗਿਆਂ ਨੂੰ ਜਵਾਬ ਦੇਣ ਲਈ ਕਹਾਵਤਾਂ ਬਣਾ ਲਈਆਂ "ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ। ਉਹ ਜਿਉਂ ਜਿਉਂ ਸਾਨੂੰ ਵੱਡਦਾ, ਅਸੀਂ ਦੂਣ ਸਵਾਏ ਹੋਏ"। ਭਾਰਤੀ ਮੋਦੀ ਹਕੂਮਤ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜ਼ਕਰੀਆ ਖਾਨ ਨੇ ਸਿੱਖਾਂ ਦੇ ਘਰ ਉਜਾੜਕੇ ਸਿੱਖਾਂ ਦੇ ਖਤਮ ਹੋਣ ਦਾ ਢਿੰਡੋਰਾ ਪਿਟਵਾ ਦਿੱਤਾ ਸੀ ਪਰ ਅੱਜ ਉਸ ਹੀ ਖਾਲਸਾ ਰਾਜ ਦੇਸ਼ ਪੰਜਾਬ ਦੀ ਧਰਤੀ ਉਪਰ ਖਾਲਸੇ ਦੀ ਚੜ੍ਹਦੀ ਕਲਾ ਦੇ ਨਿਸ਼ਾਨ ਸਾਹਿਬ ਪੂਰੀ ਚੜ੍ਹਦੀ ਕਲਾ ਨਾਲ ਝੂਲਦੇ ਹਨ, ਜਿਸ ਕਿਸੇ ਨੇ ਵੀ ਸਿੱਖ ਪੰਥ ਨਾਲ ਮੱਥਾ ਲਾਇਆ ਹੈ, ਉਸ ਦਾ ਨਿਸ਼ਾਨ ਇਸ ਧਰਤੀ ਉਪਰ ਨਹੀਂ ਰਿਹਾ ਹੈ। ਮੌਜੂਦਾ ਸਮੇਂ ਭਾਰਤੀ ਹਕੂਮਤ ਦੀ ਦਹਿਸ਼ਤਗਰਦੀ ਦੇ ਖਿਲਾਫ ਖਾਲਸਾ ਪੰਥ ਪੂਰੇ ਸੰਸਾਰ ਵਿਚ ਆਜ਼ਾਦੀ ਦੀ ਲੜਾਈ ਲੜਨ ਲਈ ਇਕਮੁੱਠ ਹੋ ਰਿਹਾ ਹੈ।

ਭਾਰਤੀ ਕਾਨੂੰਨ ਦੇ ਅੰਤਰਰਾਸ਼ਟਰੀ ਕਾਨੂੰਨ ਦੇ ਮੋਹਰੇ ਲਾਚਾਰ ਦਿਖਾਈ ਦੇ ਰਹੇ ਹਨ, ਸਿੱਖ ਪੰਥ ਵੱਲੋਂ ਅੰਤਰਰਾਸ਼ਟਰੀ ਕਾਨੂੰਨ ਤਹਿਤ ਪੰਜਾਬ ਨੂੰ ਭਾਰਤੀ ਕਬਜ਼ੇ ਵਿਚੋਂ ਆਜ਼ਾਦ ਕਰਾਉਣ ਦਾ ਬਿਗੁਲ ਵਜਾ ਦਿੱਤਾ ਹੈ, ਜਿਸ ਦੀ ਬੁਖਲਾਹਟ ਵਿਚ ਆਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿੱਖ ਨੌਜਵਾਨਾਂ 'ਤੇ ਆਏ ਦਿਨ ਝੂਠੇ ਕੇਸ ਪਾ ਕੇ ਯੂ.ਏ.ਪੀ.ਏ. ਜਿਹੇ ਕਾਲੇ ਕਾਨੂੰਨ ਦੀਆਂ ਧਰਾਵਾਂ ਲਾਈਆਂ ਜਾਂਦੀਆਂ ਹਨ ਅਤੇ ਸਿੱਖਾਂ ਨੂੰ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ ਤੇ ਅੰਨ੍ਹਾ ਤਸ਼ੱਦਦ ਕੀਤਾ ਜਾ ਰਿਹਾ ਹੈ।

ਵਿਦੇਸ਼ਾਂ ਵਿਚੋਂ ਭਾਰਤੀ ਸਟੇਟ ਦੇ ਜ਼ੁਲਮ ਖਿਲਾਫ ਉੱਠ ਰਹੀ ਆਵਾਜ਼ ਨੇ ਭਾਰਤੀ ਸਟੇਟ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਵਿਦੇਸ਼ੀ ਸਿੱਖਾਂ ਦੀ ਏਕਤਾ ਨੇ ਪਿਛਲੇ ਲੰਬੇ ਸਮੇਂ ਤੋਂ ਭਾਰਤੀ ਅਖੌਤੀ ਲੀਡਰਾਂ ਦਾ ਬਾਈਕਾਟ ਕੀਤਾ ਹੋਇਆ ਹੈ।

ਸਿੱਖਾਂ ਵੱਲੋਂ ਆਜ਼ਾਦੀ ਦੀ ਆਰੰਭੀ ਮੁਹਿੰਮ ਨੇ ਭਾਰਤੀ ਸਟੇਟ ਨੂੰ ਦੁਨੀਆਂ ਦੀ ਕਚਹਿਰੀ ਵਿਚ ਜਵਾਬਦੇਹ ਬਣਾਇਆ ਹੈ। ਸਿੱਖ ਯੋਧਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਜ਼ਬਤ ਕਰਨੀਆਂ ਕੋਈ ਭਾਰਤੀ ਸਟੇਟ ਦਾ ਪਹਿਲਾ ਕੰਮ ਨਹੀਂ ਹੈ। ਵੱਡੀ ਗਿਣਤੀ ਸਿੱਖ ਨੌਜਵਾਨਾਂ ਨੂੰ ਭਾਰਤੀ ਹਕੂਮਤ ਵੱਲੋਂ ਬੇਘਰੇ ਕੀਤਾ ਜਾ ਚੁੱਕਾ ਹੈ। ਜਥੇਦਾਰ ਜਗਤਾਰ ਸਿੰਘ ਹਵਾਰਾ ਉਪਰ ਭਾਰਤੀ ਦਹਿਸ਼ਤਗਰਦ ਹਕੂਮਤ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਕਿਸੇ ਤੋਂ ਲੁਕੇ-ਛਿਪੇ ਨਹੀਂ ਹੋਏ।

ਭਾਈ ਗਜਿੰਦਰ ਸਿੰਘ, ਜਥੇਦਾਰ ਵਧਾਵਾ ਸਿੰਘ, ਭਾਈ ਪਰਮਜੀਤ ਸਿੰਘ ਪੰਜਵੜ ਅਤੇ ਹੋਰ ਅਨੇਕਾਂ ਸਿੰਘਾਂ ਨੇ ਸੰਘਰਸ਼ਸ਼ੀਲਾਂ ਯੋਧਿਆਂ ਨੇ ਆਪਣੇ ਕਾਰੋਬਾਰ, ਜ਼ਮੀਨਾਂ ਕੌਮੀ ਸੰਘਰਸ਼ ਪੰਥਕ ਸੇਵਾ ਲਈ ਕੁਰਬਾਨ ਕੀਤੀਆਂ ਹਨ। ਅੱਜ ਕਲਮ ਦੀ ਜੰਗ ਵਿਚ ਹਾਰਦੇ ਹੋਏ ਭਾਰਤ ਵੱਲੋਂ ਸਿੱਖਸ ਫਾਰ ਜਸਟਿਸ ਤੋਂ ਗੁਰਪਤਵੰਤ ਸਿੰਘ ਪੰਨੂੰ ਅਤੇ ਕੈਨੇਡਾ ਤੋਂ ਸਿੱਖ ਨੌਜਵਾਨ ਹਰਦੀਪ ਸਿੰਘ ਨਿੱਝਰ ਦੀ ਪੰਜਾਬ ਵਿਚ ਜ਼ਮੀਨ-ਜਾਇਦਾਦ ਨੂੰ ਕੁਰਕ ਕਰਕੇ ਖੁਦ ਕੈਪਟਨ ਅਮਰਿੰਦਰ ਨੇ ਆਪਣੇ ਮੂੰਹ ਉਪਰ ਆਪ ਕਾਲਖ ਮਲਣ ਵਾਲੀ ਗੱਲ ਕੀਤੀ ਹੈ। ਸਿੱਖ ਪੰਥ ਅੱਜ ਬਾਖੂਬੀ ਇਹ ਜਾਣਦਾ ਹੈ ਕਿ ਸਾਰੇ ਪੰਜਾਬ ਦੀ ਧਰਤੀ ਭਾਰਤੀ ਕਬਜ਼ੇ ਥੱਲੇ ਹੈ, ਜਿਸ ਨੂੰ ਆਜ਼ਾਦ ਕਰਾਉਣ ਲਈ ਸਿੱਖ ਪੰਥ ਵੱਲੋਂ ਜੱਦੋ-ਜਹਿਦ ਜਾਰੀ ਹੈ ਅਤੇ ਸਮੁੱਚੀ ਹੀ ਕੌਮ ਸੰਘਰਸ਼ਸ਼ੀਲ ਸਿੱਖਾਂ ਦੇ ਮੋਢੇ ਨਾਲ ਮੋਢਾ ਲਗਾ ਕੇ ਖੜ੍ਹੀ ਹੈ।

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਯੂ.ਐੱਸ.ਏ. ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤੀ ਹਕੂਮਤ ਦੇ ਇਸ ਕਾਇਰਤਾ ਭਰਪੂਰ ਕਾਰਨਾਮੇ ਦੀ ਪੁਰਜ਼ੋਰ ਨਿੰਦਿਆ ਕਰਦੀ ਹੈ ਅਤੇ ਸਮੁੱਚੀ ਕੌਮ ਨੂੰ ਸ਼ਾਂਤਮਈ ਸੰਘਰਸ਼ ਨੂੰ ਜਾਰੀ ਰੱਖਣ ਲਈ ਅਪੀਲ ਕਰਦੀ ਹੈ।

# ਸੁਮੇਧ ਸੈਣੀ ਨੂੰ ਜ਼ਮਾਨਤ ਦੇ ਕੇ ਭਾਰਤੀ ਸੁਪਰੀਮ ਕੋਰਟ ਨੇ ਆਪਣੇ ਅਪਰਾਧੀ ਹੋਣ ਨੂੰ ਕਬੂਲਿਆ



ਡਾ. ਪ੍ਰਿਤਪਾਲ ਸਿੰਘ
ਕੋਆਰਡੀਨੇਟਰ, ਏ.ਜੀ.ਪੀ.ਸੀ.



ਹਿੰਮਤ ਸਿੰਘ
ਕੋਆਰਡੀਨੇਟਰ, ਐੱਸ.ਸੀ.ਸੀ.ਈ.ਸੀ.

**ਸਾਨ ਫਰਾਂਸਿਸਕੋ, (ਬਲਵਿੰਦਰਪਾਲ ਸਿੰਘ ਖਾਲਸਾ/ ਪੰਜਾਬ ਮੇਲ)-** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਨਿਊਯਾਰਕ ਦੇ ਹਿੰਮਤ ਸਿੰਘ ਹੁਰਾਂ ਨੇ ਪੰਜਾਬ ਪੁਲਿਸ ਦੇ ਪੁਰਾਣੇ ਅਪਰਾਧੀ ਮੁਖੀ ਸੁਮੇਧ ਸੈਣੀ, ਜੋ ਕਿ ਆਪਣੇ ਜ਼ੁਲਮਾਂ ਤੇ ਨਿਰਦੋਸ਼ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕਰਨ 'ਚ ਬਹੁਤ ਬਦਨਾਮ ਰਿਹਾ ਹੈ, ਨੂੰ ਭਾਰਤ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਜ਼ਮਾਨਤ ਦੇ ਕੇ ਆਪਣੇ ਅਪਰਾਧੀ ਹੋਣ ਉੱਤੇ ਮੋਹਰ ਲਾ ਦਿੱਤੀ ਹੈ। ਭਾਰਤ ਦੀਆਂ ਘੱਟ-ਗਿਣਤੀਆਂ ਵਿਚ ਇਹ ਗੱਲ ਆਮ ਤੌਰ 'ਤੇ ਮਹਿਸੂਸ ਕੀਤੀ ਜਾਂਦੀ ਹੈ ਕਿ ਭਾਰਤੀ ਕਾਨੂੰਨ ਬ੍ਰਾਹਮਣਵਾਦੀ ਲੋਕਾਂ ਤੇ ਮਨੂੰਵਾਦੀਆਂ ਸ਼ੈਤਾਨਾਂ ਨੂੰ ਅਪਰਾਧੀ ਤੇ ਅੱਤਵਾਦੀ ਹੋਣ ਦੇ ਬਾਵਜੂਦ ਵੀ ਰਿਹਾਅ ਕਰਦਾ ਆ ਰਿਹਾ ਹੈ। ਭਾਰਤੀ ਸੁਪਰੀਮ ਕੋਰਟ ਦੇ ਜੱਜ ਅਪਰਾਧੀ ਬਿਰਤੀ ਵਾਲੇ ਲਾਏ ਜਾਂਦੇ ਹਨ, ਜਿਨਾਂ ਨੂੰ ਚੋਰ, ਡਾਕੂ, ਅਪਰਾਧੀ ਤੇ ਹਿੰਦੂਤਵਾ ਅੱਤਵਾਦੀ ਚੰਗੇ ਲੱਗਦੇ ਹਨ ਤੇ ਉਨ੍ਹਾਂ ਨੂੰ ਬਿਨਾਂ ਕਿਸੇ ਸਜ਼ਾ ਦੇ ਛੱਡ ਦਿੱਤਾ ਜਾਂਦਾ ਹੈ।

ਸੰਸਾਰ ਵਿਚਲੇ ਦੇਸ਼ਾਂ 'ਚ ਸਰਕਾਰ ਦੇ ਤਿੰਨ ਅੰਗ ਹੁੰਦੇ ਹਨ, ਕਾਨੂੰਨ ਬਣਾਉਣ ਵਾਲੇ ਪਾਰਲੀਮੈਂਟ ਮੈਂਬਰ ਤੇ ਵਿਧਾਨ ਸਭਾ ਮੈਂਬਰ, ਕਾਨੂੰਨ ਲਾਗੂ ਕਰਨ ਵਾਲਾ ਪੁਲਿਸ ਵਿਭਾਗ ਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਸੰਵਿਧਾਨ ਅਨੁਸਾਰ ਸਜ਼ਾ ਦੇਣ ਵਾਲੀਆਂ ਅਦਾਲਤਾਂ ਦੇ ਜੱਜ।

ਸਿੱਖਾਂ, ਮੁਸਲਮਾਨਾਂ, ਇਸਾਈਆਂ, ਦਲਿਤਾਂ ਤੇ ਹੋਰ ਘੱਟ ਗਿਣਤੀਆਂ ਨੂੰ ਤਾਂ ਇਹ ਜੱਜ ਬਹੁਤ ਛੇਤੀ ਸਜ਼ਾ ਦੇ ਦਿੰਦੇ ਹਨ ਪਰ ਅਪਰਾਧੀ ਬਿਰਤੀ ਦੇ ਪ੍ਰਧਾਨ ਮੰਤਰਰੀਆਂ, ਮੰਤਰੀਆਂ, ਪੁਲਿਸ ਅਫਸਰਾਂ ਤੇ ਗੁਨਾਹਗਾਰ ਤੇ ਰਿਸ਼ਵਤਖੋਰ ਜੱਜਾਂ ਨੂੰ ਬਰੀ ਕਰ ਦਿੰਦੇ ਹਨ, ਜਿਸ ਨਾਲ ਹਿਟਲਰਸ਼ਾਹੀ ਤੇ ਫਾਸ਼ਿਸਟ ਰੁਚੀਆਂ ਫੈਲਦੀਆਂ ਹਨ ਤੇ ਫੈਲ ਰਹੀਆਂ ਹਨ। ਸੁਮੇਧ ਸੈਣੀ ਵਰਗੇ ਕਾਤਲ ਤੇ ਨਸਲਘਾਤੀ ਨੂੰ ਜ਼ਮਾਨਤ ਦੇਣ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤ ਇਕ ਫੇਲ ਸਟੇਟ ਹੈ, ਜੋ ਭੰਗ ਹੋ ਜਾਣੀ ਚਾਹੀਦੀ ਹੈ ਤੇ ਖਿੱਲਰ ਜਾਣੀ ਚਾਹੀਦੀ ਹੈ।

# ਪੰਜਾਬੀ ਸਾਹਿਤਕਾਰ ਜੁਗਿੰਦਰ ਸਿੰਘ ਪਰਦੇਸੀ ਨਹੀਂ ਰਹੇ



ਮਹਾਨ ਗਾਇਕ ਤੇ ਸਾਹਿਤਕਾਰ ਜੁਗਿੰਦਰ ਸਿੰਘ ਪਰਦੇਸੀ ਦੀ ਪੁਰਾਣੀ ਤਸਵੀਰ।

**ਯੂਬਾ ਸਿਟੀ, (ਪੰਜਾਬ ਮੇਲ)-** ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਦੇ ਮਹਾਨ ਗਾਇਕ ਤੇ ਸਾਹਿਤਕਾਰ ਜੁਗਿੰਦਰ ਸਿੰਘ ਪਰਦੇਸੀ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਕਾਫੀ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ। ਜੁਗਿੰਦਰ ਸਿੰਘ ਪਰਦੇਸੀ ਪੰਜਾਬੀ ਸਾਹਿਤ ਸਭਾ ਦੇ ਸ਼ੁਰੂ ਤੋਂ ਹੀ ਕਰਤਾ-ਧਰਤਾ ਰਹੇ ਹਨ ਤੇ ਇਹ ਸਭਾ ਨੂੰ ਬਣਾਉਣ 'ਚ ਉਨ੍ਹਾਂ ਦਾ ਬਹੁਤ ਹੀ ਵੱਡਮੁੱਲਾ ਯੋਗਦਾਨ ਸੀ। ਕੁਝ ਮਹੀਨੇ ਪਹਿਲਾਂ ਹੀ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਢਿੱਲੋਂ "ਜਗਿਆਸੂ" ਜੀ ਤੇ ਸਭਾ ਦੇ ਹੋਰ ਮੈਂਬਰਾਂ ਨੇ ਜੁਗਿੰਦਰ ਸਿੰਘ ਪਰਦੇਸੀ ਜੀ ਦਾ ਸਭਾ ਵਲੋਂ ਸਨਮਾਨ ਕੀਤਾ ਸੀ। ਉਸ ਸਮੇਂ ਵੀ ਸਿਹਤ ਠੀਕ ਨਾ ਹੋਣ ਕਾਰਣ ਉਹ ਆ ਨਹੀਂ ਸੀ ਸਕੇ ਤੇ ਸਭਾ ਦੀ ਕਮੇਟੀ ਨੇ ਉਨ੍ਹਾਂ ਦੇ ਘਰ ਜਾ ਕੇ ਹੀ ਉਨ੍ਹਾਂ ਦਾ ਸਨਮਾਨ ਤੇ ਉਨ੍ਹਾਂ ਦੀ ਅਣਥੱਕ ਮਿਹਨਤ, ਲਗਨ ਤੇ ਪੰਜਾਬੀ ਸੱਭਿਆਚਾਰ ਦੇ ਸੇਵਾ ਲਈ ਉਨ੍ਹਾਂ ਦਾ ਸ਼ੁਕਰਾਨਾ ਕੀਤਾ ਸੀ। ਪੰਜਾਬੀ ਸਾਹਿਤ ਸਭਾ ਯੂਬਾ ਸਿਟੀ/ਕੈਲੀਫੋਰਨੀਆ ਦੇ ਸਾਰੇ ਮੈਂਬਰ ਇਸ ਦੁੱਖ ਦੀ ਘੜੀ 'ਚ ਉਨ੍ਹਾਂ ਦੇ ਪਰਿਵਾਰ ਨਾਲ ਖੜ੍ਹੇ ਹਨ ਤੇ ਪਰਦੇਸੀ ਜੀ ਦੀ ਰੂਹ ਦੀ ਸ਼ਾਂਤੀ ਲਈ ਦੁਆਵਾਂ ਕਰਦੇ ਹਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com




We Pay Your Sales Tax!
0% Financing Available
Inventory In Stock!
8" Gel Memory $295
Foam Mattress - Queen
4 Pc. Queen Set $695
Q. Bed, Dresser, Mirror, NS
4 Pc. Queen Set $1495
Q. Bed, Dresser, Mirror, NS
4 Pc. Queen Set $1095
Q. Bed, Dresser, Mirror, NS
+No Tax!
24" Barstools (2) $125
Set of 2
+No Tax!
6 Pc. Dining Set $495
Table, 4 Chairs, Bench
5 Pc. Dining Set $545
Bar Table, 4 Chairs
+No Tax!
7 Pc. Dining Set $985
Table, 6 Chairs
+No Tax!
Sofa + Loveseat $495
2 Pc. Set
Sofa + Loveseat $1345
2 Pc. Set / Recliner Available
+No Tax!
Sofa + Loveseat $1595
2 Pc. Set / Chair Available
+No Tax!
Sofa + Loveseat $1595
Genuine Leather Set
+No Tax!
HUGE SELECTION OF RUGS & MATTRESSES IN STORE!!!
EXPO
FURNITURE GALLERY
SACRAMENTO
7310 Home Leisure Plaza
Sacramento, CA 95823
(916) 392 - 3233
RANCHO CORDOVA
11415 Folsom Blvd. #105A
Rancho Cordova, CA 95742
(916) 635 - 3976
Valid from 7/17/20 - 8/30/20 while inventory lasts. No rain checks. Promotion does not apply to previous purchases, advertised items, clearance items or online only items. 0% Financing available on approved credit - see store for details. Although every precaution is taken, errors in pricing/description may occur. We reserve the right to correct any errors.

# ਕਾਂਗਰਸ ’ਚ ਫੇਰਬਦਲ ਨੇ ਬਦਲੇ ਪੰਜਾਬ ਕਾਂਗਰਸ ਦੇ ਸਿਆਸੀ ਹਾਲਾਤ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕੈਬਨਿਟ ’ਚੋਂ ਅਸਤੀਫਾ ਦੇਣ ਤੋਂ ਬਾਅਦ ਹਾਸ਼ੀਏ ’ਤੇ ਬੈਠੇ ਨਵਜੋਤ ਸਿੱਧੂ ਨੂੰ ਫਿਲਹਾਲ ਕਾਂਗਰਸ ਹਾਈਕਮਾਨ ਅਜੇ ਮੋਹਰੀ ਕਤਾਰ ’ਚ ਲਿਆਉਣ ਦੇ ਰੌਂਹ ਵਿਚ ਨਹੀਂ ਜਾਪ ਰਹੀ ਹੈ। ਇਸ ਦਾ ਅੰਦਾਜ਼ਾ ਇਸ ਤੋਂ ਹੀ ਹੋ ਜਾਂਦਾ ਹੈ ਕਿ ਪਾਰਟੀ ਵਲੋਂ ਬੀਤੇ ਦਿਨੀਂ ਕੌਮੀ ਟੀਮ ਵਿਚ ਕੀਤੇ ਵੱਡੇ ਫੇਰਬਦਲ ਵਿਚ ਪੰਜਾਬ ਵਿਚੋਂ ਸਿਰਫ ਕੁਲਜੀਤ ਨਾਗਰਾ ਨੂੰ ਹੀ ਜਗ੍ਹਾ ਮਿਲੀ। ਜਦਕਿ ਉਮੀਦ ਤੋਂ ਉਲਟ ਸਿੱਧੂ ਸਮੇਤ ਪੰਜਾਬ ਦੇ ਕਈ ਸੀਨੀਅਰ ਲੀਡਰਾਂ ਨੂੰ ਇਸ ਵਿਚ ਜਗ੍ਹਾ ਨਹੀਂ ਦਿੱਤੀ ਗਈ। ਪਾਰਟੀ ਵਿਚ ਵੱਡੇ ਅਹੁਦੇ ਦੀ ਉਮੀਦ ਲਗਾਈ ਬੈਠੇ ਸੂਬੇ ਦੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੱਧੂ ਨੂੰ ਲੈ ਕੇ ਹਾਈਕਮਾਨ ਵਲੋਂ ਕੋਈ

### ■ ਸਿੱਧੂ ਦੇ ਭਵਿੱਖ ’ਤੇ ਸਸਪੈਂਸ ਹਾਲੇ ਵੀ ਬਰਕਰਾਰ

ਫੈਸਲਾ ਅਜੇ ਤੱਕ ਨਹੀਂ ਲੈ ਸਕੀ ਹੈ, ਇਸ ਨਾਲ ਤੈਅ ਹੈ ਕਿ ਸਿੱਧੂ ਨੂੰ ਕਾਂਗਰਸ ਵਿਚ ਅਜੇ ਲੰਬੇ ਸਮੇਂ ਤਕ ਏਕਾਂਤਵਾਸ ਵਿਚ ਹੀ ਰਹਿਣਾ ਹੋਵੇਗਾ।

ਲਗਭਗ ਡੇਢ ਸਾਲ ਪਹਿਲਾਂ ਨਵਜੋਤ ਸਿੱਧੂ ਨੇ ਜਦੋਂ ਸਰਕਾਰ ਤੋਂ ਨਿਰਾਸ਼ ਹੋ ਕੇ ਕੈਬਨਿਟ ਮੰਤਰੀ ਦਾ ਅਹੁਦਾ ਛੱਡਿਆ ਸੀ, ਉਦੋਂ ਤੋਂ ਹੀ ਅਟਕਲਾਂ ਲੱਗ ਰਹੀਆਂ ਸਨ ਕਿ ਉਨ੍ਹਾਂ ਨੂੰ ਕੇਂਦਰੀ ਲੀਡਰਸ਼ਿਪ ਵਿਚ ਸ਼ਾਮਲ ਕਰਕੇ ਵੱਡੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ। ਹੁਣ ਜਦੋਂ ਲੰਬੇ ਸਮੇਂ ਬਾਅਦ ਕਾਂਗਰਸ ਨੇ ਫੇਰਬਦਲ ਕੀਤਾ ਹੈ ਤਾਂ ਵੀ ਸਿੱਧੂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ। ਪ੍ਰਿਅੰਕਾ ਗਾਂਧੀ ਅਤੇ ਰਾਹੁਲ ਦੇ ਕਰੀਬੀ ਮੰਨੇ ਜਾਣ ਦੇ ਬਾਵਜੂਦ ਪੰਜਾਬ ਕਾਂਗਰਸ ਵਿਚ ਆਪਣੀ ਸਥਿਤੀ ਨੂੰ ਲੈ ਕੇ ਉਹ ਮੁਸ਼ੱਕਤ ਕਰਦੇ ਨਜ਼ਰ ਆ ਰਹੇ ਹਨ।

ਦਰਅਸਲ ਹਾਈਕਮਾਨ ਨੇ ਸੋਨੀਆ ਗਾਂਧੀ ਨੂੰ ਬਦਲਾਅ ਲਈ ਪੱਤਰ ਲਿਖਣ ਵਾਲੇ ਕਈ ਨੇਤਾਵਾਂ ਨੂੰ ਹਾਸ਼ੀਏ ’ਤੇ ਧੱਕ ਦਿੱਤਾ ਹੈ। ਇਸ ਪੱਤਰ ਤੋਂ ਬਾਅਦ ਪੰਜਾਬ ਕਾਂਗਰਸ ਵਿਚ ਵੀ ਹਾਲਾਤ ਬਦਲ ਗਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਜਿਸ ਤਰ੍ਹਾਂ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇ ਪੱਖ ਵਿਚ ਖੁੱਲ੍ਹ ਕੇ ਮੈਦਾਨ ਵਿਚ ਉਤਰ ਆਏ ਉਸ ਨਾਲ ਸਾਫ਼ ਹੈ ਕਿ ਨਵਜੋਤ ਸਿੱਧੂ ਵੱਲ ਜ਼ਿਆਦਾ ਤਵੱਜੋ ਦੇ ਕੇ ਕਾਂਗਰਸ ਹਾਈਕਮਾਨ ਕੈਪਟਨ ਅਮਰਿੰਦਰ ਸਿੰਘ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ। 2022 ਵਿਚ ਵੀ ਹਾਈਕਮਾਨ ਨੂੰ ਪੰਜਾਬ ਅੰਦਰ ਫਿਰ ਸਰਕਾਰ ਬਣਾਉਣ ਦੀ ਉਮੀਦ ਹੈ ਅਤੇ ਹਾਈਕਮਾਨ ਕੈਪਟਨ ਅਮਰਿੰਦਰ ਸਿੰਘ ਨੂੰ ਕਿਸੇ ਵੀ ਤਰ੍ਹਾਂ ਨਾਰਾਜ਼ ਨਹੀਂ ਕਰਨਾ ਚਾਹੁੰਦੀ ਹੈ।

ਨਵਜੋਤ ਸਿੱਧੂ ਨੇ ਜਦੋਂ ਤੋਂ ਮੰਤਰੀ ਅਹੁਦਾ ਛੱਡਿਆ ਹੈ, ਉਦੋਂ ਤੋਂ ਉਹ ਆਪਣੇ ਸਮਰਥਕਾਂ ਤੋਂ ਇਲਾਵਾ ਕਿਸੇ ਨੂੰ ਨਹੀਂ ਮਿਲੇ ਹਨ। ਆਪਣੀ ਗੱਲ ਯੂ-ਟਿਊਬ ਚੈਨਲ ਰਾਹੀਂ ਰੱਖਦੇ ਹਨ। ਇਸ ਨਾਲ ਇਹ ਸਾਫ਼ ਨਹੀਂ ਹੋ ਰਿਹਾ ਹੈ ਕਿ ਉਹ ਭਵਿੱਖ ਵਿਚ ਕੀ ਕਦਮ ਚੁੱਕਣਗੇ।

ਸਿੱਧੂ ਨੂੰ ਜਿੱਥੇ ਟਕਸਾਲੀਆਂ ਵਲੋਂ ਖੁੱਲ੍ਹਾ ਸੱਦਾ ਹੈ, ਉਥੇ ਹੀ ਆਮ ਆਦਮੀ ਪਾਰਟੀ ਵਿਚ ਜਾਣ ਦੀਆਂ ਅਫਵਾਹਾਂ ਵੀ ਜ਼ੋਰ ਫੜਦੀਆਂ ਰਹਿੰਦੀਆਂ ਹਨ। ਉਂਞ ਆਮ ਆਦਮੀ ਪਾਰਟੀ ਇਹ ਸਾਫ਼ ਕਰ ਚੁੱਕੀ ਹੈ ਕਿ ਸਿੱਧੂ ਦੇ ‘ਆਪ’ ’ਚ ਆਉਣ ਦੀਆਂ ਖ਼ਬਰਾਂ ਮਹਿਜ਼ ਅਫਵਾਹਾਂ ਹਨ। ਫਿਲਹਾਲ ਸਿੱਧੂ ਦਾ ਕਦਮ ਭਵਿੱਖ ਵਿਚ ਕੀ ਹੋਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਹਿਊਸਟਨ ’ਚ ਸਿੱਖ ਡਿਪਟੀ ਸ਼ੈਰਿਫ ਸੰਦੀਪ ਸਿੰਘ ਦੇ ਨਾਂ ’ਤੇ ਰੱਖਿਆ ਜਾਵੇਗਾ ਡਾਕਖਾਨੇ ਦਾ ਨਾਂ



**ਹਿਊਸਟਨ, (ਪੰਜਾਬ ਮੇਲ)-** ਅਮਰੀਕਾ ਦੀ ਪ੍ਰਤੀਨਿਧ ਸਭਾ ਨੇ ਸਰਬਸੰਮਤੀ ਨਾਲ ਹਿਊਸਟਨ ਦੇ ਇੱਕ ਪੋਸਟ ਆਫਿਸ ਦਾ ਨਾਂ ਇੱਕ ਸਾਲ ਪਹਿਲਾਂ ਡਿਊਟੀ ਦੌਰਾਨ ਗੋਲੀ ਵੱਜਣ ਕਾਰਨ ਮਾਰੇ ਗਏ ਸਿੱਖ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੇ ਨਾਂ ’ਤੇ ਰੱਖਣ ਸਬੰਧੀ ਮਤਾ ਪਾਸ ਕੀਤਾ ਹੈ। ਅਮਰੀਕੀ ਮਹਿਲਾ ਆਗੂ ਲਿਜ਼ੀ ਫਲੈਚਰ ਨੇ ਕਿਹਾ, ‘ਡਿਪਟੀ (ਸ਼ੈਰਿਫ) ਧਾਲੀਵਾਲ ਨੇ ਆਪਣੇ ਭਾਈਚਾਰੇ ਵੱਲੋਂ ਸਰਵੋਤਮ ਸੇਵਾ ਕੀਤੀ ਹੈ। ਉਸ ਨੇ ਬਰਾਬਰੀ ਤੇ ਭਾਈਚਾਰੇ ਲਈ ਸੇਵਾਵਾਂ ਨਿਭਾਉਂਦਿਆਂ ਜਾਨ ਦੇ ਦਿੱਤੀ।’ ਫਲੈਚਰ ਨੇ ਕਿਹਾ ਕਿ ਸੰਦੀਪ ਸਿੰਘ ਧਾਲੀਵਾਲ ਅਮਰੀਕੀਆਂ ਲਈ ਇੱਕ ਆਦਰਸ਼ ਹੈ। ਉਹ ਹੈਰਿਸ ਸ਼ੈਰਿਫ ਦੇ ਦਫਤਰ ’ਚ ਕੰਮ ਕਰਨ ਵਾਲਾ ਪਹਿਲਾ ਸਿੱਖ ਸੀ। ਜ਼ਿਕਰਯੋਗ ਹੈ ਕਿ ਸੰਦੀਪ ਸਿੰਘ ਧਾਲੀਵਾਲ ਟੈਕਸਸ ਪੁਲਿਸ ’ਚ ਤਾਇਨਾਤ ਸੀ ਤੇ 27 ਸਤੰਬਰ 2019 ਨੂੰ ਡਿਊਟੀ ’ਤੇ ਸੀ, ਜਦੋਂ ਉਸ ਨੂੰ ਕਤਲ ਕਰ ਦਿੱਤਾ ਗਿਆ ਸੀ।

# ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੱਖਰੇ ਕੌਮੀ ਘਰ ਦੀ ਮੰਗ ਦਾ ਸਮਰਥਨ



**ਤਲਵੰਡੀ ਸਾਬੋ/ਅੰਮ੍ਰਿਤਸਰ (ਪੰਜਾਬ ਮੇਲ)-** ਪਿਛਲੇ ਸਮੇਂ ’ਚ ਖਾਲਿਸਤਾਨ ਲਈ ਹਾਂ-ਪੱਖੀ ਹੁੰਗਾਰਾ ਭਰ ਚੁੱਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾ. ਜਥੇ. ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਸਮਾਗਮ ਦੌਰਾਨ ਇਕ ਵਾਰ ਫਿਰ ਸਿੱਖਾਂ ਲਈ ਵੱਖਰੇ ਕੌਮੀ ਘਰ ਦੀ ਮੰਗ ਦਾ ਸਮਰਥਨ ਕੀਤਾ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ (ਗਰੇਵਾਲ) ਦੇ 76ਵੇਂ ਸਥਾਪਨਾ ਦਿਵਸ ਸਮਾਗਮਾਂ ਮੌਕੇ ਤਖਤ ਸਾਹਿਬ ਦੇ ਗੁਰਦੁਆਰਾ ਭਾਈ ਬੀਰ ਸਿੰਘ ਭਾਈ ਧੀਰ ਸਿੰਘ ਵਿਖੇ ਸੰਗਤਾਂ ਨੂੰ ਸੰਬੋਧਨ ਦੌਰਾਨ ਸਿੰਘ ਸਾਹਿਬ ਨੇ ਕਿਹਾ ਕਿ ਸਿੱਖਾਂ ਦੀ ਭਾਰਤ ਅੰਦਰ ਦਸ਼ਾ ਨੂੰ ਦੇਖਦਿਆਂ ਵੱਖਰੇ ਕੌਮੀ ਘਰ ਦੀ ਮੰਗ ਅਣਉੱਚਿਤ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਆਜ਼ਾਦੀ ਮਿਲਣ ਮੌਕੇ ਸਿੱਖਾਂ ਨੇ ਭਾਰਤ ਨਾਲ ਰਹਿਣ ਦਾ ਫੈਸਲਾ ਕੀਤਾ ਸੀ, ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਇਸ ਦੇਸ਼ ’ਚ ਉਹ ਖੁਦ, ਉਨ੍ਹਾਂ ਦਾ ਧਰਮ, ਉਨ੍ਹਾਂ ਦਾ ਅਕੀਦਾ, ਮਰਿਯਾਦਾਵਾਂ ਸੁਰੱਖਿਅਤ ਰਹਿਣਗੀਆਂ ਪਰ ਨਾ ਤਾਂ ਸਿੱਖ ਇਸ ਦੇਸ਼ ’ਚ ਸੁਰੱਖਿਅਤ, ਨਾ ਸਿੱਖ ਧਰਮ, ਨਾ ਸਿੱਖ ਦਾ ਅਕੀਦਾ ਅਤੇ ਨਾ ਮਰਿਯਾਦਾਵਾਂ ਹੋਰ ਤਾਂ ਹੋਰ ਸਿੱਖਾਂ ਦੇ ਧਾਰਮਿਕ ਗ੍ਰੰਥ ਤੱਕ ਸੁਰੱਖਿਅਤ ਨਹੀਂ ਰਹੇ। ਇਸ ਲਈ ਜੇਕਰ ਸਮੇਂ-ਸਮੇਂ ਸਿੱਖ ਵੱਖਰੇ ਕੌਮੀ ਘਰ ਦੀ ਮੰਗ ਕਰਦੇ ਹਨ। ਤਾਂ ਉਸ ’ਚ ਕੁਝ ਵੀ ਗਲਤ ਨਹੀਂ ਹੈ।

# ਬਹਿਬਲ ਕਲਾਂ ਗੋਲੀ ਕਾਂਡ: ਅਦਾਲਤ ਨੇ ਦੋਸ਼ੀ ਇੰਸਪੈਕਟਰ ਨੂੰ ਸਰਕਾਰੀ ਗਵਾਹ ਬਣਾਉਣ ਦੀ ਦਿੱਤੀ ਇਜਾਜ਼ਤ

**ਫਰੀਦਕੋਟ, (ਪੰਜਾਬ ਮੇਲ)-** ਬਹਿਬਲ ਕਲਾ ਗੋਲੀਕਾਂਡ ਨਾਲ ਜੁੜੀਆਂ ਦੋ ਅਹਿਮ ਪਟੀਸ਼ਨਾਂ ’ਤੇ ਅਦਾਲਤ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਹੈ। ਪਹਿਲੀ ਪਟੀਸ਼ਨ ਵਿਚ ਬਹਿਬਲ ਕਲਾ ਗੋਲੀਕਾਂਡ ਮਾਮਲੇ ਵਿਚ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵਲੋਂ ਅਦਾਲਤ ਵਿਚ ਇਸ ਗੋਲੀਕਾਂਡ ’ਚ ਨਾਮਜ਼ਦ ਮੁਲਜ਼ਮ ਇੰਸਪੈਕਟਰ ਪ੍ਰਦੀਪ ਸਿੰਘ ਨੂੰ ਸਰਕਾਰੀ ਗਵਾਹ ਬਣਾਉਣ ਲਈ ਅਰਜ਼ੀ ਦਿੱਤੀ ਸੀ, ਜਿਸ ’ਤੇ 10



ਸਤੰਬਰ ਨੂੰ ਫਰੀਦਕੋਟ ਦੀ ਸੈਸ਼ਨ ਕੋਰਟ ਵਿਚ ਸੁਣਵਾਈ ਹੋਈ ਅਤੇ ਅਦਾਲਤ ਵਲੋਂ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਨਣ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ। ਇਸ ਪਟੀਸ਼ਨ ’ਤੇ ਫ਼ੈਸਲਾ ਦਿੰਦੇ ਹੋਏ ਅਦਾਲਤ ਵਲੋਂ ਐੱਸ.ਆਈ.ਟੀ. ਦੀ ਅਰਜ਼ੀ ਮਨਜ਼ੂਰ ਕਰ ਲਈ ਹੈ ਅਤੇ ਇੰਸਪੈਕਟਰ ਪ੍ਰਦੀਪ ਸਿੰਘ ਨੂੰ ਸਰਕਾਰੀ ਗਵਾਹ ਬਣਾਉਣ ਨੂੰ ਇਜਾਜ਼ਤ ਦੇ ਦਿੱਤੀ ਹੈ।

ਦੂਜੀ ਪਟੀਸ਼ਨ ਜਿਹੜੀ ਬਹਿਬਲ ਕਲਾਂ ਗੋਲੀਕਾਂਡ ’ਚ ਮਾਰੇ ਗਏ ਸਿੱਖ ਕ੍ਰਿਸ਼ਨ ਭਗਵਾਨ ਦੇ ਭਰਾ ਰੇਸ਼ਮ ਸਿੰਘ ਨੇ ਦਾਇਰ ਕੀਤੀ ਸੀ, ਜਿਸ ਵਿਚ ਉਸ ਵਲੋਂ ਇੰਸਪੈਕਟਰ ਪ੍ਰਦੀਪ ਨੂੰ ਇਸ ਗੋਲੀਕਾਂਡ ਦਾ ਮੁੱਖ ਮੁਲਜ਼ਮ ਨਾਮਜ਼ਦ ਹੋਣ ਤੋਂ ਬਾਅਦ ਇਸ ਨੂੰ ਸਰਕਾਰੀ ਗਵਾਹ ਬਨਾਉਣ ਨੂੰ ਲੈ ਕੇ ਐੱਸ.ਆਈ.ਟੀ. ਦਾ ਵਿਰੋਧ ਕੀਤਾ ਸੀ ਪਰ ਅਦਾਲਤ ਵਲੋਂ ਰੇਸ਼ਮ ਸਿੰਘ ਦੀ ਅਰਜ਼ੀ ਖਾਰਜ਼ ਕਰ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਪ੍ਰਦੀਪ ਸਿੰਘ ਤਤਕਾਲੀ ਐੱਸ.ਐੱਸ.ਪੀ. ਮੋਗਾ ਚਰਨਜੀਤ ਸਿੰਘ ਸ਼ਰਮਾ ਦਾ ਰੀਡਰ ਰਿਹਾ ਹੈ ਅਤੇ ਘਟਨਾਸਥਾਨ ’ਤੇ ਜਿੱਥੇ ਗੋਲੀ ਚੱਲਣ ਕਾਰਣ ਦੋ ਲੋਕਾਂ ਦੀ ਮੌਤ ਹੋ ਗਈ ਸੀ, ਉਸ ਸਮੇਂ ਐੱਸ.ਐੱਸ.ਪੀ. ਦੇ ਨਾਲ ਸੀ।




# ਟਰੰਪ ਦੀ ਜਿੱਤ ਤੋਂ ਬਾਅਦ ਕੈਨੇਡਾ ਜਾਣ ਦੀ ਕੋਸ਼ਿਸ਼ ਕਰ ਰਹੇ ਅਮਰੀਕੀਆਂ ਦੀ ਗਿਣਤੀ 'ਚ ਭਾਰੀ ਵਾਧਾ!



ਓਟਵਾ, (ਪੰਜਾਬ ਮੇਲ)- ਜਦੋਂ ਨਵੰਬਰ 2016 'ਚ ਡੋਨਾਲਡ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਦੀ ਚੋਣ ਜਿੱਤੀ ਤਾਂ ਬਹੁਤ ਸਾਰੇ ਅਮਰੀਕੀ ਇਸ ਦੇ ਵਿਰੋਧ ਵਿਚ ਸਨ ਤੇ ਇਸ ਦੌਰਾਨ ਉਨ੍ਹਾਂ ਨੇ ਧਮਕੀ ਦਿੱਤੀ ਕਿ ਉਹ ਆਪਣੇ ਬਿਹਤਰ ਜੀਵਨ ਲਈ ਦੇਸ਼ ਛੱਡ ਕੇ ਸਰਹੱਦ ਤੋਂ ਨਾਰਥ ਵਾਲੇ ਪਾਸੇ ਜਾ ਕੇ ਵੱਸ ਜਾਣਗੇ। ਇਸ ਦੌਰਾਨ ਜੇਕਰ ਸਰਕਾਰੀ ਅੰਕੜੇ ਦੇਖੇ ਜਾਣ ਤਾਂ ਇਨ੍ਹਾਂ ਵਿਚੋਂ ਕਈਆਂ ਨੇ ਆਪਣੀ ਧਮਕੀ ਨੂੰ ਸੱਚ ਕਰਕੇ ਦਿਖਾਇਆ ਹੈ। ਇਮੀਗ੍ਰੇਸ਼ਨ ਕੈਨੇਡਾ ਦੇ ਨਵੇਂ ਅੰਕੜਿਆਂ ਮੁਤਾਬਕ ਟਰੰਪ ਦੀ ਜਿੱਤ ਤੋਂ ਬਾਅਦ ਕੈਨੇਡਾ ਜਾਣ ਦੀ ਕੋਸ਼ਿਸ਼ ਕਰ ਰਹੇ ਅਮਰੀਕੀਆਂ ਦੀ ਗਿਣਤੀ 'ਚ ਭਾਰੀ ਵਾਧਾ ਦੇਖਿਆ ਗਿਆ ਹੈ। 2015 'ਚ 6,800 ਤੋਂ ਵਧੇਰੇ ਅਮਰੀਕੀਆਂ ਨੇ ਕੈਨੇਡਾ ਵਿਚ ਸਥਾਈ ਨਿਵਾਸ ਲਈ ਅਰਜ਼ੀ ਦਿੱਤੀ ਤੇ ਉਸ ਤੋਂ ਬਾਅਦ 2016 'ਚ ਇਹ ਗਿਣਤੀ 7,700 ਤੋਂ ਵਧੇਰੇ ਰਹੀ। ਪਰ 2017 ਵਿਚ, ਟਰੰਪ ਪ੍ਰਸ਼ਾਸਨ ਦੀ ਸ਼ੁਰੂਆਤ ਦੇ ਸਾਲ ਦੌਰਾਨ ਇਹ ਅੰਕੜਾ 9,000 ਤੋਂ ਵੱਧ ਗਿਆ। ਇਸ ਤੋਂ ਬਾਅਦ ਬੀਤੇ ਸਾਲ ਇਹ ਗਿਣਤੀ ਥੋੜ੍ਹੀ ਘੱਟ ਕੇ 8,700 ਦੇ ਤਕਰੀਬਨ ਰਹੀ, ਹਾਲਾਂਕਿ 2020 ਇਹ ਅੰਕੜਾ ਕੀ ਰਹੇਗਾ, ਇਹ ਤਾਂ ਸਾਲ ਖਤਮ ਹੋਣ 'ਤੇ ਹੀ ਪਤਾ ਲੱਗੇਗਾ ਕਿਉਂਕਿ ਬੀਤੇ ਕੁਝ ਮਹੀਨਿਆਂ ਤੋਂ ਕੋਵਿਡ-19 ਮਹਾਮਾਰੀ ਕਾਰਣ ਅਮਰੀਕਾ-ਕੈਨੇਡਾ ਦੀ ਸਰਹੱਦ ਬੰਦ ਹੈ। ਇਮੀਗ੍ਰੇਸ਼ਨ ਕੈਨੇਡਾ ਨੇ ਕਿਹਾ ਕਿ ਇਨ੍ਹਾਂ ਅੰਕੜੇ ਪੂਰੀ ਤਰ੍ਹਾਂ ਬਦਲ ਵੀ ਸਕਦੇ ਹਨ। ਕੈਨੇਡੀਅਨ ਇਮੀਗ੍ਰੇਸ਼ਨ ਦੀ ਵਕੀਲ ਚੈਂਟਲ ਡੇਲੋਜਜ਼ ਦਾ ਕਹਿਣਾ ਹੈ ਕਿ ਇਹ ਮਾਮੂਲੀ ਵਾਧਾ ਉਨ੍ਹਾਂ ਨੂੰ ਹੈਰਾਨ ਨਹੀਂ ਕਰਦਾ ਕਿਉਂਕਿ ਇਹ ਕੋਈ ਵੱਡੀ ਗੱਲ ਨਹੀਂ ਹੈ। ਵਕੀਲ ਨੇ ਸੀ.ਟੀ.ਵੀ. ਨੂੰ ਇਕ ਫੋਨ ਇੰਟਰਵਿਊ ਵਿਚ ਕਿਹਾ ਕਿ ਸਾਨੂੰ ਅਮਰੀਕੀਆਂ ਵਲੋਂ ਬਹੁਤ ਸਾਰੀਆਂ ਅਰਜ਼ੀਆਂ ਮਿਲ ਰਹੀਆਂ ਹਨ, ਜੋ ਇਥੇ ਕੰਮ ਕਰ ਰਹੇ ਹਨ ਜਾਂ ਉਥੇ ਪੜ੍ਹਾਈ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਹੁਣ ਪਤਾ ਲੱਗ ਗਿਆ ਹੈ ਕਿ ਬਿਹਤਰ ਮੰਜ਼ਿਲ ਵਜੋਂ ਕੈਨੇਡਾ ਮੁਕਾਬਲੇ ਅਮਰੀਕਾ 'ਚ ਵਧੇਰੇ ਪਾਬੰਦੀਆਂ ਹਨ।

## ਮਾਈਕ੍ਰੋਸਾਫਟ ਕਾਰਪ ਨੇ ਕੀਤਾ ਸੁਚੇਤ; ਹੈਕਰਾਂ ਦੇ ਨਿਸ਼ਾਨੇ 'ਤੇ ਅਮਰੀਕੀ ਚੋਣਾਂ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਰਾਸ਼ਟਰਪਤੀ ਅਹੁਦੇ ਦੇ ਡੈਮੋਕ੍ਰੇਟ ਉਮੀਦਵਾਰ ਜੋਅ ਬਾਇਡਨ ਦੀ ਚੋਣ ਮੁਹਿੰਮ ਨੂੰ ਮੁੱਖ ਤੌਰ 'ਤੇ ਸਲਾਹ ਦੇਣ ਵਾਲੀਆਂ ਫਰਮਾਂ ਵਿਚੋਂ ਇਕ ਨੂੰ ਹਾਲ ਹੀ ਵਿਚ ਮਾਈਕ੍ਰੋਸਾਫਟ ਕਾਰਪ ਨੇ ਸੁਚੇਤ ਕੀਤਾ ਹੈ। ਇਸ ਫਰਮ ਨੂੰ ਰੂਸੀ ਸਰਕਾਰ ਸਮਰਥਿਤ ਸ਼ੱਕੀ ਹੈਕਰਾਂ ਨੇ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਸੂਤਰਾਂ ਮੁਤਾਬਕ ਵਾਸ਼ਿੰਗਟਨ ਸਥਿਤ ਇਹ ਮੁਹਿੰਮ ਰਣਨੀਤੀ ਅਤੇ ਸੰਚਾਰ ਫਰਮ ਬਾਇਡਨ ਅਤੇ ਦੂਜੇ ਚੋਟੀ ਦੇ ਡੈਮੋਕ੍ਰੇਟ ਆਗੂਆਂ ਨਾਲ ਕੰਮ ਕਰ ਰਹੀ ਹੈ। ਪਿਛਲੇ ਦੋ ਮਹੀਨਿਆਂ 'ਚ ਹੈਕਰਸ ਫਰਮ ਦੇ ਨੈੱਟਵਰਕ ਤੱਕ ਪੁੱਜਣ 'ਚ ਨਾਕਾਮ ਰਹੇ। ਕਿਉਂਕਿ ਫਰਮ ਚੰਗੀ ਤਰ੍ਹਾਂ ਆਪਣਾ ਬਚਾਅ ਕਰ ਰਹੀ ਹੈ ਇਸ ਲਈ ਹੈਕਰਸ ਦੀ ਦਾਲ ਨਹੀਂ ਗਲ ਪਾਈ।

## ਟਰੰਪ ਪ੍ਰਸ਼ਾਸਨ ਵੱਲੋਂ ਲਾਈਆਂ ਪਾਬੰਦੀਆਂ ਤਹਿਤ 9 ਹਜ਼ਾਰ ਦੇ ਕਰੀਬ ਪ੍ਰਵਾਸੀ ਬੱਚਿਆਂ ਨੂੰ ਅਦਾਲਤੀ ਸੁਣਵਾਈ ਬਿਨਾਂ ਦੇਸ਼ 'ਚੋਂ ਬਾਹਰ ਕੱਢਿਆ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਸਰਹੱਦ 'ਤੇ ਟਰੰਪ ਪ੍ਰਸ਼ਾਸਨ ਵੱਲੋਂ ਲਗਾਈਆਂ ਗਈਆਂ ਕੋਰੋਨਾਵਾਇਰਸ ਪਾਬੰਦੀਆਂ ਦੇ ਤਹਿਤ ਲਗਭਗ 9,000 ਪ੍ਰਵਾਸੀ ਬੱਚਿਆਂ ਨੂੰ ਅਦਾਲਤ ਦੀ ਸੁਣਵਾਈ ਦੇ ਬਿਨਾਂ ਦੇਸ਼ 'ਚੋਂ ਬਾਹਰ ਕੱਢ ਦਿੱਤਾ ਗਿਆ। ਸ਼ੁੱਕਰਵਾਰ ਨੂੰ ਅਮਰੀਕੀ ਸਰਹੱਦੀ ਗਸ਼ਤ ਦੇ ਡਿਪਟੀ ਪ੍ਰਮੁੱਖ ਰਾਊਲ ਓਰਟੀਜ਼ ਵੱਲੋਂ ਆਈ ਇਕ ਅਦਾਲਤੀ ਘੋਸ਼ਣਾ ਨੇ ਦੇਸ਼ 'ਚ ਗੈਰ ਪ੍ਰਵਾਸੀ ਬੱਚਿਆਂ ਦੀ ਗਿਣਤੀ ਦਾ ਖੁਲਾਸਾ ਕੀਤਾ। ਇਹ ਗਿਣਤੀ ਇਸ ਤੋਂ ਪਹਿਲਾਂ ਜਨਤਾ ਦੇ ਲਈ ਜਾਰੀ ਨਹੀਂ ਕੀਤੀ ਗਈ ਸੀ।



ਟਰੰਪ ਪ੍ਰਸ਼ਾਸਨ ਨੇ 20 ਮਾਰਚ ਨੂੰ ਸਰਹੱਦ 'ਤੇ ਨਵੀਆਂ ਪਾਬੰਦੀਆਂ ਨੂੰ ਲਾਗੂ ਕਰਨ ਦੇ ਲਈ ਪਬਲਿਕ ਹੈਲਥ ਕਾਨੂੰਨ ਲਾਗੂ ਕੀਤਾ ਸੀ। ਰਾਊਲ ਓਰਟੀਜ਼ ਦੇ ਮੁਤਾਬਕ, 20 ਮਾਰਚ ਦੇ ਬਾਅਦ ਤੋਂ ਲੈ ਕੇ ਹੁਣ ਤੱਕ ਏਜੰਸੀ ਨੇ 1 ਲੱਖ 59 ਹਜ਼ਾਰ ਤੋਂ ਵਧੇਰੇ ਲੋਕਾਂ ਨੂੰ ਬਾਹਰ ਕੱਢ ਦਿੱਤਾ ਹੈ। ਇਸ ਅੰਕੜੇ 'ਚ ਇਕੱਲੇ ਯਾਤਰਾ ਕਰ ਰਹੇ 8,800 ਬੱਚੇ ਸ਼ਾਮਲ ਸਨ ਅਤੇ 7,600 ਦੇ ਨਾਲ ਪਰਿਵਾਰ ਦੇ ਮੈਂਬਰ ਸਨ। ਸੀ.ਬੀ.ਐੱਸ. ਨਿਊਜ਼ ਦੀ ਰਿਪੋਰਟ ਦੇ ਮੁਤਾਬਕ, ਬਾਰਡਰ ਪੈਟਰੋਲ ਦੇ ਅਧਿਕਾਰੀਆਂ ਦੀ ਫਾਈਲਿੰਗ ਵੱਲੋਂ ਉਨ੍ਹਾਂ ਲੋਕਾਂ ਦੇ ਬਾਰੇ ਵਿਚ ਨਵੇਂ ਵੇਰਵੇ ਪਤਾ ਚੱਲੇ ਹਨ, ਜਿਨ੍ਹਾਂ ਨੂੰ ਜਨਤਕ ਸਿਹਤ ਪਾਬੰਦੀਆਂ ਦੇ ਤਹਿਤ ਅਮਰੀਕਾ ਤੋਂ ਬਾਹਰ ਕੱਢਿਆ ਜਾ ਚੁੱਕਾ ਹੈ ਜਾਂ ਦੇਸ਼ 'ਚ ਦਾਖਲ ਹੋਣ ਤੋਂ ਰੋਕਿਆ ਗਿਆ ਹੈ।

# ਟਰੰਪ ਦੇ ਹੁਕਮਾਂ 'ਤੇ 1000 ਤੋਂ ਵਧੇਰੇ ਚੀਨੀ ਨਾਗਰਿਕਾਂ ਦਾ ਯੂ.ਐੱਸ. ਵੀਜ਼ਾ ਰੱਦ

ਵਾਸ਼ਿੰਗਟਨ, (ਪੰਜਾਬ ਮੇਲ)- ਚੀਨ ਅਤੇ ਅਮਰੀਕਾ ਵਿਚਾਲੇ ਚੱਲ ਰਹੇ ਵਪਾਰ ਅਤੇ ਸ਼ਬਦੀ ਯੁੱਧ ਦੇ ਵਿਚ ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ ਦੇ ਤਹਿਤ 1000 ਚੀਨੀ ਨਾਗਰਿਕਾਂ ਦਾ ਯੂ.ਐੱਸ. ਵੀਜ਼ਾ ਰੱਦ ਕਰ ਦਿੱਤਾ ਗਿਆ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਬਿਆਨ ਜਾਰੀ ਕਰ ਕੇ ਦੱਸਿਆ ਕਿ 29 ਮਈ ਦੇ ਰਾਸ਼ਟਰਪਤੀ ਅਹੁਦੇ ਦੀ ਘੋਸ਼ਣਾ ਦੇ ਤਹਿਤ 1000 ਤੋਂ ਵਧੇਰੇ ਚੀਨੀ ਨਾਗਰਿਕਾਂ ਦੇ ਅਮਰੀਕੀ ਵੀਜ਼ਾ ਨੂੰ ਰੱਦ ਕਰ ਦਿੱਤਾ ਗਿਆ ਹੈ।



ਅਮਰੀਕੀ ਗ੍ਰਹਿ ਵਿਭਾਗ ਦੇ ਕਾਰਜਕਾਰੀ ਮੰਤਰੀ ਚੇਡ ਵੋਲਡ ਨੇ ਮਾਮਲੇ 'ਤੇ ਕਿਹਾ ਕਿ ਅਮਰੀਕਾ ਨੇ ਚੀਨ ਦੇ ਖੁਫੀਆ ਵਿਭਾਗ ਜਾਂ ਪੀਪਲਜ਼ ਲਿਬਰੇਸ਼ਨ ਆਰਮੀ ਨਾਲ ਸਬੰਧਤ ਚੀਨ ਦੀਆਂ ਸਿੱਖਿਆ ਸੰਸਥਾਵਾਂ ਨਾਲ ਜੁੜੇ ਗ੍ਰੈਜੁਏਟ ਵਿਦਿਆਰਥੀਆਂ ਅਤੇ ਸ਼ੋਧ ਕਰਤਾਵਾਂ ਦੇ ਵੀਜ਼ਾ ਰੱਦ ਕਰਨ ਦੇ ਮਹੀਨਿਆਂ ਪੁਰਾਣੇ ਪ੍ਰਸਤਾਵ 'ਤੇ ਵਿਚਾਰ ਕਰਦੇ ਹੋਏ ਇਹ ਫ਼ੈਸਲਾ ਲਿਆ ਹੈ। ਕਿਉਂਕਿ ਉਹ ਜਾਸੂਸੀ ਜਾਂ ਬੌਧਿਕ ਜਾਇਦਾਦ ਦੀ ਚੋਰੀ ਜਿਹਾ ਖਤਰਾ ਪੈਦਾ ਕਰ ਸਕਦੇ ਹਨ। ਚੇਡ ਵੋਲਫ ਨੇ ਚੀਨ 'ਤੇ ਅਨਿਆਂ ਪੂਰਨ ਵਪਾਰ ਵਿਵਹਾਰ, ਉਦਯੋਗਿਕ ਜਾਸੂਸੀ ਅਤੇ ਕੋਰੋਨਾ ਰਿਸਰਚ ਚੋਰੀ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਸੀ ਕਿ ਇਹ ਚੀਨ-ਅਮਰੀਕਾ ਵੱਲੋਂ ਵਿਦਿਆਰਥੀਆਂ ਨੂੰ ਦਿੱਤੇ ਜਾ ਰਹੇ ਵੀਜ਼ਾ ਦੀ ਦੁਰਵਰਤੋਂ ਕਰ ਰਿਹਾ ਹੈ।

1000 ਤੋਂ ਵਧੇਰੇ ਚੀਨੀ ਵਿਦਿਆਰਥੀਆਂ ਦੇ ਵੀਜ਼ਾ ਰੱਦ ਕਰਨ ਦੀ ਕਾਰਵਾਈ 'ਤੇ ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਕਿਹਾ ਗਿਆ ਹੈ ਕਿ ਉਕਤ ਫ਼ੈਸਲਾ ਰਾਸ਼ਟਰਪਤੀ ਟਰੰਪ ਦੀ 29 ਜੁਲਾਈ ਦੀ ਘੋਸ਼ਣਾ ਦੇ ਤਹਿਤ ਕੀਤਾ ਗਿਆ ਹੈ, ਤਾਂ ਜੋ ਉਨ੍ਹਾਂ ਨੂੰ ਅਨੁਸੰਧਾਨ ਨਾਲ ਜੁੜੀਆਂ ਜਾਣਕਾਰੀਆਂ ਨੂੰ ਚੋਰੀ ਕਰਨ ਤੋਂ ਰੋਕਿਆ ਜਾ ਸਕੇ।

## ਮੁਲਤਾਨੀ ਅਗਵਾ ਮਾਮਲਾ; ਸੁਪਰੀਮ ਕੋਰਟ ਨੇ ਸੁਮੇਧ ਸੈਣੀ ਦੀ ਗ੍ਰਿਫ਼ਤਾਰੀ 'ਤੇ ਲਾਈ ਆਰਜ਼ੀ ਰੋਕ



ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)- ਦੇਸ਼ ਦੀ ਸਰਵਉੱਚ ਅਦਾਲਤ ਨੇ ਸਿਟਕੋ ਦੇ ਜੂਨੀਅਰ ਇੰਜਨੀਅਰ (ਜੇ.ਈ.) ਬਲਵੰਤ ਸਿੰਘ ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਅਗਵਾ ਕਰਨ ਮਗਰੋਂ ਭੇਦਭਰੀ ਹਾਲਤ 'ਚ ਲਾਪਤਾ ਕਰਨ ਦੇ ਮਾਮਲੇ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਰਾਹਤ ਦਿੰਦਿਆਂ ਉਸ ਦੀ ਗ੍ਰਿਫ਼ਤਾਰੀ 'ਤੇ ਫ਼ਿਲਹਾਲ ਆਰਜ਼ੀ ਰੋਕ ਲਗਾ ਦਿੱਤੀ ਹੈ। ਸੈਣੀ ਨੂੰ ਵੀ ਪੁਲਿਸ ਜਾਂਚ 'ਚ ਸਹਿਯੋਗ ਦੇਣ ਦੇ ਆਦੇਸ਼ ਦਿੱਤੇ ਗਏ ਹਨ। ਸੂਬਾ ਸਰਕਾਰ ਨੂੰ ਤਿੰਨ ਹਫ਼ਤਿਆਂ ਅੰਦਰ ਆਪਣਾ ਜਵਾਬ ਦਾਖ਼ਲ ਕਰਨ ਲਈ ਕਿਹਾ ਗਿਆ ਹੈ। ਸਰਕਾਰੀ ਵਕੀਲ ਅਨੁਸਾਰ ਸਰਕਾਰ ਦੀ ਲਿਖਤੀ ਸਟੇਟਮੈਂਟ ਮਗਰੋਂ ਚੌਥੇ ਹਫ਼ਤੇ ਬਚਾਅ ਪੱਖ ਆਪਣਾ ਜਵਾਬ ਦੇਵੇਗਾ।




# ਅਮਰੀਕਾ ’ਚ ਭਿਆਨਕ ਜੰਗਲੀ ਅੱਗ ਕਾਰਨ 35 ਲੋਕਾਂ ਦੀ ਮੌਤ

■ 6.7 ਮਿਲੀਅਨ ਏਕੜ ਸੜਕੇ ਸਵਾਹ ■ ਔਰੇਗਨ ਵਿਚ ਅੱਗ ਲਾਉਣ ਦੇ ਦੋਸ਼ ਵਿਚ ਗੋਰਾ ਕਾਬੂ


ਅੱਗ ਲਾਉਣ ਦੇ ਦੋਸ਼ ਵਿਚ ਗ੍ਰਿਫਤਾਰ ਹੋਇਆ ਗੋਰਾ।

**ਕੈਲੀਫੋਰਨੀਆ, (ਨੀਟਾ/ ਕੁਲਵੰਤ/ ਪੰਜਾਬ ਮੇਲ)-** ਸੋਕੇ, ਗਰਮੀ ਅਤੇ ਖੁਸ਼ਕ ਮੌਸਮ ਦੇ ਚੱਲਦਿਆਂ ਅਮਰੀਕਾ ਦੀਆਂ ਤਕਰੀਬਨ 11 ਪੱਛਮੀ ਸਟੇਟਾਂ ’ਚ ਭਿਆਨਕ ਜੰਗਲੀ ਅੱਗ ਨੇ ਤਬਾਹੀ ਮਚਾਈ ਹੋਈ ਹੈ। ਇਨ੍ਹਾਂ ਅੱਗਾਂ ਵਿਚ ਤਕਰੀਬਨ 6.7 ਮਿਲੀਅਨ ਏਕੜ ਜੰਗਲ ਸੜਕੇ ਸਵਾਹ ਹੋ ਗਿਆ ਅਤੇ ਤਕਰੀਬਨ 35 ਲੋਕਾਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ ਅਤੇ ਡੇਢ ਦਰਜਨ ਦੇ ਕਰੀਬ ਲੋਕ ਲਾਪਤਾ ਵੀ ਦੱਸੇ ਜਾ ਰਹੇ ਹਨ। ਇਸ ਭਿਆਨਕ ਅੱਗ ਵਿਚ ਸੈਂਕੜੇ ਘਰ, ਦਰਜਨਾਂ ਦੇ ਹਿਸਾਬ ਨਾਲ ਬਿਜ਼ਨਸ ਸੜਕੇ ਸਵਾਹ ਹੋ ਗਏ। ਇਕੱਲੇ ਕੈਲੀਫੋਰਨੀਆ ਵਿਚ ਤਕਰੀਬਨ ਸਾਢੇ ਤਿੰਨ ਮਿਲੀਅਨ ਏਕੜ ਸੜੇ ਹਨ, ਅਤੇ ਦੋ ਦਰਜਨ ਦੇ ਕਰੀਬ ਲੋਕੀ ਮਾਰੇ ਗਏ ਹਨ। ਲੱਖਾਂ ਦੇ ਹਿਸਾਬ ਨਾਲ ਲੋਕਾਂ ਨੂੰ ਸੁਰੱਖਿਅਤ ਥਾਂਵਾਂ ’ਤੇ ਪਹੁੰਚਾਇਆ ਗਿਆ ਹੈ। ਦੂਸਰੀ ਸਟੇਟ ਜਿੱਥੇ ਜ਼ਿਆਦਾ ਨੁਕਸਾਨ ਹੋਇਆ ਹੈ, ਉਹ ਹੈ ਔਰੇਗਨ, ਇੱਥੇ 960,000 ਏਕੜ ਸੜੇ ਦੱਸੇ ਜਾ ਰਹੇ ਹਨ ਤੇ ਦਰਜਨ ਦੇ ਕਰੀਬ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ। ਇਸੇ ਤਰ੍ਹਾਂ ਵਾਸ਼ਿੰਗਟਨ ਸਟੇਟ ਵਿਚ 640,000 ਏਕੜ ਸੜੇ ਹਨ ਅਤੇ ਇੱਥੇ ਵੀ ਕਈ ਮੌਤਾਂ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਕੈਲੀਫੋਰਨੀਆ ’ਚ ਤਕਰੀਬਨ 29 ਥਾਂਵਾਂ ’ਤੇ ਇਸ ਸਮੇਂ ਭਿਆਨਕ ਅੱਗ ਨਾਲ 15000 ਫ਼ਾਇਰ ਫਾਈਟਰ ਜੂਝ ਰਹੇ ਹਨ। ਬਹੁਤ ਸਾਰੀਆਂ ਥਾਂਵਾਂ ’ਤੇ ਬਿਜਲੀ ਗੁੱਲ ਹੈ। ਔਰੇਗਨ ਸਟੇਟ ਵਿਚ ਕਈ ਪਿੰਡ ਪੂਰੇ ਦੇ ਪੂਰੇ ਸੜ ਗਏ ਹਨ। ਔਰੇਗਨ ਸਟੇਟ ਵਿਚ ਇੱਕ ਗੋਰੇ ਸ਼ਕਸ ਮਾਈਕਲ ਜਿਰਾਰਡ ਬਕੇਲਾ (41) ਨੂੰ ਪੁਲਿਸ ਨੇ ਜੰਗਲੀ ਅੱਗ ਸਟਾਰਟ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਹ ਕਥਿਤ ਦੋਸ਼ੀ ਡਰੱਗ ਵੇਚਣ ਮਾਮਲੇ ਵਿਚ ਜ਼ਮਾਨਤ ’ਤੇ ਬਾਹਰ ਸੀ। ਇਸੇ ਤਰੀਕੇ ਹੋਰ ਵੀ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਪੁਲਿਸ ਕਈ ਪਹਿਲੂਆਂ ’ਤੇ ਬਰੀਕੀ ਨਾਲ ਜਾਂਚ ਕਰ ਰਹੀ ਹੈ। ਬਹੁਤ ਸਾਰੀਆਂ ਸਟੇਟਾਂ ਵਿਚ ਸਟੇਟ ਆਫ ਐਮਰਜੈਂਸੀ ਐਲਾਨੀ ਜਾ ਚੁੱਕੀ ਹੈ। ਇਨ੍ਹਾਂ ਅੱਗਾ ਦੇ ਧੂੰਏਂ ਦਾ ਗ਼ੁਬਾਰ ਕੈਲੀਫੋਰਨੀਆ, ਔਰੇਗਨ, ਵਾਸਿੰਗਟਨ ਤੋਂ ਬਾਅਦ ਕੈਨੇਡਾ ਬੀ.ਸੀ. ਇਲਾਕੇ ਤੱਕ ਪਹੁੰਚ ਗਿਆ ਹੈ ਅਤੇ ਇਸ ਧੂੰਏਂ ਕਾਰਨ ਬਹੁਤ ਵੱਡੀ ਗਿਣਤੀ ਵਿਚ ਲੋਕ ਸਾਹ ਲੈਣ ਦੀ ਤਕਲੀਫ਼ ਤੋਂ ਪੀੜਤ ਹਨ ਅਤੇ ਲੋਕ ਆਪੋ ਆਪਣੇ ਤਰੀਕੇ ਨਾਲ ਪੀੜਤ ਲੋਕਾਂ ਲਈ ਫੰਡ ਇਕੱਤਰ ਕਰਕੇ ਦੁੱਖੀ ਲੋਕਾਂ ਦੀ ਮਦਦ ਲਈ ਅੱਗੇ ਆ ਰਹੇ ਹਨ। ਫਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਵਿਚ ਵੀ ਸਿੱਖ ਸੰਗਤ ਫ਼ਾਇਰ ਫਾਈਟਰਜ਼ ਲਈ ਫੰਡ ਅਤੇ ਲੋੜੀਂਦਾ ਸਮਾਨ ਇਕੱਤਰ ਕਰ ਰਹੀ ਹੈ। ਇਸ ਸਮੇਂ ਅਮਰੀਕਾ ਵਿਚ ਹਰ ਕੋਈ ਫ਼ਾਇਰ ਕਰਮੀਆਂ ਦੇ ਕੰਮ ਦੀ ਸਲਾਹਣਾ ਕਰ ਰਿਹਾ ਹੈ। ਆਸ ਕਰਦੇ ਹਾਂ ਕਿ ਫ਼ਾਇਰ ਫਾਇਟਰਜ਼ ਦੀ ਮਿਹਨਤ ਰੰਗ ਲਿਆਵੇਗੀ ਅਤੇ ਜਲਦ ਇਨ੍ਹਾਂ ਅੱਗਾਂ ’ਤੇ ਕਾਬੂ ਪਾਇਆ ਜਾ ਸਕੇਗਾ।


ਕੈਲੀਫੋਰਨੀਆ ਦੇ ਜੰਗਲਾਂ ’ਚ ਲੱਗੀ ਅੱਗ।

## ਕੈਲੀਫੋਰਨੀਆ ਦੇ ਜੰਗਲਾਂ ’ਚ ਲੱਗੀ ਅੱਗ ਕਾਰਨ ਪੰਜ ਲੱਖ ਲੋਕ ਘਰ ਛੱਡਣ ਲਈ ਮਜਬੂਰ



**ਕੈਲੀਫੋਰਨੀਆ, (ਪੰਜਾਬ ਮੇਲ)-** ਜੰਗਲਾਂ ’ਚ ਲੱਗੀ ਨਾਲ ਸਿਰਫ ਕੈਲੀਫੋਰਨੀਆ ਹੀ ਪ੍ਰਭਾਵਤ ਨਹੀਂ ਹੈ। ਗੁਆਂਢੀ ਓਰੇਗਨ ਅਤੇ ਵਾਸ਼ਿੰਗਟਨ ਸੂਬੇ ’ਚ ਵੀ ਇਸ ਨਾਲ ਕਾਫੀ ਨੁਕਸਾਨ ਹੋਇਆ ਹੈ। ਓਰੇਗਨ ਦੇ ਗਵਰਨਰ ਕੇਟ ਬਰਾਊਨ ਨੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਅੱਗ ਕਈ ਏਕੜ ਜ਼ਮੀਨ ਨੂੰ ਅਪਣੀ ਲਪੇਟ ’ਚ ਲੈ ਚੁੱਕੀ ਹੈ। ਹੁਣ ਤੱਕ ਪੰਜ ਲੱਖ ਲੋਕਾਂ ਨੂੰ ਘਰ ਛੱਡਣ ’ਤੇ ਮਜਬੂਰ ਹੋਣਾ ਪਿਆ ਹੈ। ਇਹ ਸੂਬੇ ਦੀ ਕੁੱਲ 42 ਲੱਖ ਦੀ ਆਬਾਦੀ ਦੇ 10 ਫ਼ੀਸਦੀ ਤੋਂ ਜ਼ਿਆਦਾ ਹਨ। ਪੋਰਟਲੈਂਡ ਮੈਟਰੋ ਖੇਤਰ ਨੂੰ ਖਾਲੀ ਕਰਾਉਣ ਦੇ ਸਬੰਧ ’ਚ ਜਦ ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਤੋਂ ਪੁਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਹਵਾ ਦੀ ਗਤੀ ਅਤੇ ਉਸ ਦੀ ਦਿਸ਼ਾ ’ਤੇ ਨਿਰਭਰ ਕਰਦਾ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਕੈਨੇਡਾ ਪੁੱਜਾ ਕੈਲੀਫੋਰਨੀਆ ਜੰਗਲਾਂ ’ਚ ਲੱਗੀ ਅੱਗ ਦਾ ਸੇਕ !

■ ਬ੍ਰਿਟਿਸ਼ ਕੋਲੰਬੀਆ ’ਚ ਵਾਤਾਵਰਣ ਕੈਨੇਡਾ ਵੱਲੋਂ ਐਡਵਾਇਜ਼ਰੀ ਜਾਰੀ



**ਟੋਰਾਂਟੋ, (ਪੰਜਾਬ ਮੇਲ)-** ਸੰਯੁਕਤ ਰਾਜ ਅਮਰੀਕਾ ਦੇ ਪੱਛਮੀ ਤੱਟ ਦੇ ਜੰਗਲਾਂ ਵਿਚ ਅੱਗ ਲਗਾਤਾਰ ਫੈਲਦੀ ਜਾ ਰਹੀ ਹੈ, ਜਿਸ ਦਾ ਸੇਕ ਹੁਣ ਕੈਨੇਡਾ ਵਿਚ ਪੁੱਜਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਦੇ ਪੱਛਮੀ ਤੱਟ ਨੇੜੇ ਲੱਗੀ ਅੱਗ ਕਾਰਣ ਕੈਨੇਡਾ ਦੇ ਕੁਝ ਹਿੱਸਿਆਂ ’ਚ ਹਵਾ ਦੀ ਗੁਣਵੱਤਾ ਵਿਚ ਤੇਜ਼ੀ ਨਾਲ ਗਿਰਾਵਟ ਆਈ ਹੈ, ਜਿਸ ਕਾਰਣ ਵਾਤਾਵਰਣ ਕੈਨੇਡਾ ਵਲੋਂ ਐਡਵਾਇਜ਼ਰੀ ਵੀ ਜਾਰੀ ਕੀਤੀ ਗਈ ਹੈ। ਇਸ ਦੀ ਜਾਣਕਾਰੀ ਸੀ.ਟੀ.ਵੀ. ਨਿਊਜ਼ ਕੈਨੇਡਾ ਵਲੋਂ ਦਿੱਤੀ ਗਈ ਹੈ।

ਵਾਤਾਵਰਣ ਕੈਨੇਡਾ ਨੇ ਸ਼ੁੱਕਰਵਾਰ ਨੂੰ ਦੱਖਣੀ ਬ੍ਰਿਟਿਸ਼ ਕੋਲੰਬੀਆ ’ਚ ਹਵਾ ਦੀ ਖਰਾਬ ਗੁਣਵੱਤਾ ਦੇ ਚੱਲਦੇ ਲੋਕਾਂ ਲਈ ਐਡਵਾਇਜ਼ਰੀ ਜਾਰੀ ਕੀਤੀ ਕਿਉਂਕਿ ਇਸ ਕਾਰਣ ਕਈ ਸ਼ਹਿਰਾਂ ਦੇ ਲੋਕਾਂ ਲਈ ਸਿਹਤ ਸਬੰਧੀ ਦਿੱਕਤਾਂ ਪੈਦਾ ਹੋ ਸਕਦੀਆਂ ਹਨ। ਵਾਸ਼ਿੰਗਟਨ ਅਤੇ ਓਰੇਗਨ ਦੀ ਜੰਗਲੀ ਅੱਗ ਦੇ ਧੂੰਏ ਕਾਰਣ ਸ਼ਨੀਵਾਰ ਨੂੰ ਮੈਟਰੋ ਵੈਨਕੂਵਰ ’ਚ ਵੀ ਲਗਾਤਾਰ 5ਵੇਂ ਦਿਨ ਹੈਲਥ ਐਡਵਾਇਜ਼ਰੀ ਜਾਰੀ ਕੀਤੀ ਗਈ ਸੀ। ਤਾਜ਼ਾ ਜਾਰੀ ਐਡਵਾਇਜ਼ਰੀ ’ਚ ਲਿਖਿਆ ਗਿਆ ਹੈ ਕਿ ਪੱਛਮੀ ਅਮਰੀਕਾ ’ਚ ਜੰਗਲੀ ਅੱਗ ਦੇ ਧੂੰਏ ਕਾਰਣ ਲੰਬੀ ਦੂਰੀ ’ਤੇ ਮੌਜੂਦ ਵੈਨਕੂਵਰ ਆਈਲੈਂਡ, ਲੋਅਰ ਮੇਨਲੈਂਡ ਅਤੇ ਹੋਰ ਕਈ ਅੰਦਰੂਨੀ ਹਿੱਸੇ ਪ੍ਰਭਾਵਿਤ ਹੋਏ ਹਨ। ਵਰਲਡ ਏਅਰ ਕੁਆਲਿਟੀ ਇੰਡੈਕਸ ਮੁਤਾਬਕ ਹਾਲਾਤ ਇਸ ਤਰ੍ਹਾਂ ਖਰਾਬ ਹੋ ਰਹੇ ਹਨ ਕਿ ਵੈਨਕੂਵਰ ਵਿਸ਼ਵ ਦੀ ਸਭ ਤੋਂ ਖਰਾਬ ਹਵਾ ਦੀ ਗੁਣਵੱਤਾ ਵਾਲੇ ਸ਼ਹਿਰਾਂ ਦੀ ਸੂਚੀ ’ਚ ਦੂਜੇ ਸਥਾਨ ’ਤੇ ਆ ਗਿਆ ਹੈ।

ਅਲਬਰਟਾ ’ਚ ਹਵਾ ਦੀ ਗੁਣਵੱਤਾ ਸਬੰਧੀ ਅਜੇ ਕੋਈ ਐਡਵਾਇਜ਼ਰੀ ਜਾਰੀ ਨਹੀਂ ਕੀਤੀ ਗਈ ਹੈ। ਵਾਤਾਵਰਣ ਕੈਨੇਡਾ ਦਾ ਏਅਰ ਕੁਆਲਿਟੀ ਹੈਲਥ ਇੰਡੈਕਸ ਦੇਸ਼ ’ਚ ਹਵਾ ਦੀ ਗੁਣਵੱਤਾ ਮਾਪਦਾ ਹੈ। ਸ਼ਨੀਵਾਰ ਨੂੰ ਹੈਲਥ ਕੈਨੇਡਾ ਨੇ ਟਵਿੱਟਰ ’ਤੇ ਇਕ ਪੋਸਟ ਕਰਕੇ ਜੰਗਲਾਂ ਦੀ ਅੱਗ ਨਾਲ ਵੱਧ ਰਹੇ ਧੂੰਏਂ ਨੂੰ ਦੇਖਦਿਆਂ ਕੈਨੇਡੀਅਨਾਂ ਨੂੰ ਸਾਵਧਾਨ ਰਹਿਣ ਲਈ ਸਲਾਹ ਦਿੱਤੀ ਸੀ। ਪ੍ਰਭਾਵਿਤ ਇਲਾਕਿਆਂ ’ਚ ਹਾਲਾਤਾਂ ਦੇ ਮੱਦੇਨਜ਼ਰ ਕੈਨੇਡੀਅਨਾਂ ਨੂੰ ਘੱਟ ਤੋਂ ਘੱਟ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹਣ, ਵਧੇਰੇ ਪਾਣੀ ਪੀਣ ਤੇ ਆਪਣੀਆਂ ਬਾਹਰੀ ਗਤੀਵਿਧੀਆਂ ਨੂੰ ਘਟਾਉਣ ਦੀ ਸਲਾਹ ਦਿੱਤੀ ਗਈ ਹੈ। ਅਮਰੀਕਾ ਦੇ ਜੰਗਲਾਂ ਦੀ ਅੱਗ ਕੈਲੀਫੋਰਨੀਆ ਪਾਰ ਕਰਕੇ ਵਾਸ਼ਿੰਗਟਨ ਤੇ ਓਰੇਗਨ ਤੱਕ ਪਹੁੰਚ ਗਈ ਹੈ। ਨਾਸਾ ਮੁਤਾਬਕ ਅੱਗ ਤੋਂ ਉੱਠਿਆ ਧੂੰਆ 2000 ਕਿਲੋਮੀਟਰ ਤੋਂ ਵਧੇਰੇ ਦਾ ਸਫਰ ਤੈਅ ਕਰ ਚੁੱਕਿਆ ਹੈ ਤੇ ਪ੍ਰਸ਼ਾਂਤ ਮਹਾਸਾਗਰ ਵੱਲ ਵੱਧ ਰਿਹਾ ਹੈ।



# ਬਰਗਾੜੀ ਬੇਅਦਬੀ ਕਾਂਡ : ਪੀੜਤਾਂ ਦਾ ਸਿਆਸਤਦਾਨਾਂ ਸਮੇਤ ਸਿੱਖ ਸੰਸਥਾਵਾਂ ਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਤੋਂ ਉਠਿਆ ਵਿਸ਼ਵਾਸ

» ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪੀੜ੍ਹਤ ਪਰਿਵਾਰ ਅੱਜ ਵੀ ਹੋ ਰਹੇ ਨੇ ਜ਼ਲੀਲ

» ਕਮਿਸ਼ਨ ਦੀ ਰਿਪੋਰਟ ਨੇ ਅਸਲ ਤੱਥ ਕੀਤੇ ਉਜਾਗਰ

**ਫਰੀਦਕੋਟ, (ਪੰਜਾਬ ਮੇਲ)-** ਬਰਗਾੜੀ ਬੇਅਦਬੀ ਕਾਂਡ ਤੋਂ ਬਾਅਦ ਬਹਿਬਲ ਕਲਾਂ ਵਿਖੇ ਇਨਸਾਫ਼ ਦੀ ਮੰਗ ਲਈ ਸ਼ਾਂਤਮਈ ਧਰਨੇ 'ਤੇ ਬੈਠੀਆਂ ਸੰਗਤਾਂ ਉੱਪਰ ਢਾਹੇ ਗਏ ਅੱਤਿਆਚਾਰ ਦੌਰਾਨ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰਨ ਅਤੇ ਅਨੇਕਾਂ ਨੂੰ ਜ਼ਖ਼ਮੀ ਕਰ ਦੇਣ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪੀੜਤ ਪਰਿਵਾਰ ਅੱਜ ਵੀ ਜਲੀਲ ਹੋ ਰਹੇ ਹਨ। ਲਗਭਗ 5 ਸਾਲ ਸੰਤਾਪ ਹੰਡਾਉਣ ਤੋਂ ਬਾਅਦ ਪੀੜਤ ਪਰਿਵਾਰਾਂ ਦਾ ਅਕਾਲੀ-ਭਾਜਪਾ ਗਠਜੋੜ ਦੇ ਨਾਲ-ਨਾਲ ਕਾਂਗਰਸ, ਆਮ ਆਦਮੀ ਪਾਰਟੀ ਅਤੇ ਹੋਰ ਸਿਆਸਤਦਾਨਾਂ ਸਮੇਤ ਸਿੱਖ ਸੰਸਥਾਵਾਂ ਅਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਤੋਂ ਵੀ ਵਿਸ਼ਵਾਸ ਉੱਠ ਚੁੱਕਾ ਹੈ।

ਪੁਲਿਸ ਦੀ ਗੋਲੀ ਨਾਲ ਮਾਰੇ ਗਏ ਕਿਸ਼ਨ ਭਗਵਾਨ ਸਿੰਘ ਨਿਆਮੀਵਾਲਾ ਅਤੇ ਗੁਰਜੀਤ ਸਿੰਘ ਬਿੱਟੂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਗੱਲ ਦੀ ਵੀ ਹੈਰਾਨੀ ਹੈ ਕਿ ਬਾਦਲਾਂ ਨੇ ਸੱਤਾ 'ਚ ਹੁੰਦਿਆਂ ਵੀ ਸਾਨੂੰ ਇਨਸਾਫ ਨਹੀਂ ਲੈਣ ਦਿੱਤਾ ਅਤੇ ਹੁਣ ਜਦੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਅਤੇ ਹੋਰ ਵਿਸ਼ੇਸ਼ ਜਾਂਚ ਟੀਮਾਂ ਨੇ ਸਾਰੀ ਤਸਵੀਰ ਸਪੱਸ਼ਟ ਕਰ ਦਿੱਤੀ ਹੈ, ਤਾਂ ਬਾਦਲਾਂ ਵੱਲੋਂ ਜਾਂਚ 'ਚ ਅੜਿੱਕੇ ਪਤਾ ਨਹੀਂ ਕਿਉਂ ਪਾਏ ਜਾ ਰਹੇ ਹਨ? ਗੁਰਜੀਤ ਸਿੰਘ ਬਿੱਟੂ ਦੇ ਪਿਤਾ ਸਾਧੂ ਸਿੰਘ ਸਰਾਵਾਂ ਅਤੇ ਮਾਤਾ ਅਮਰਜੀਤ ਕੌਰ ਨੇ ਦੱਸਿਆ ਕਿ 14 ਅਕਤੂਬਰ 2015 ਦੀ ਘਟਨਾ ਤੋਂ ਬਾਅਦ ਉਨ੍ਹਾਂ ਘਰ ਰਾਹੁਲ ਗਾਂਧੀ, ਅਰਵਿੰਦ ਕੇਜਰੀਵਾਲ, ਕੈਪਟਨ ਅਮਰਿੰਦਰ ਸਿੰਘ, ਪ੍ਰਤਾਪ ਸਿੰਘ ਬਾਜਵਾ, ਭਗਵੰਤ ਮਾਨ ਅਤੇ ਸੁਖਪਾਲ ਖਹਿਰਾ ਵਰਗੇ ਵੱਡੇ ਆਗੂਆਂ ਸਮੇਤ ਅਨੇਕਾਂ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਆਏ, ਜਿਨ੍ਹਾਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਨਾਲ-ਨਾਲ ਪਰਿਵਾਰ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਿਸ਼ਵਾਸ਼ ਦਿਵਾਇਆ ਪਰ ਹੁਣ ਕੋਈ ਵੀ ਉਨ੍ਹਾਂ ਦੀ ਸਾਰ ਲੈਣ ਨੂੰ ਤਿਆਰ ਨਹੀਂ।

ਉਨ੍ਹਾਂ ਦੱਸਿਆ ਕਿ ਸਾਡੀ ਜਾਨ ਨੂੰ ਖਤਰਾ ਹੈ, ਪੁਲਿਸ ਸੁਰੱਖਿਆ ਦੇਣ ਦੀ ਹਾਮੀ ਤਾਂ ਭਰਦੀ ਹੈ ਪਰ ਅਸੀਂ ਸੁਰੱਖਿਆ ਦਾ ਖਰਚਾ ਭਰਨ ਤੋਂ ਅਸਮਰੱਥ ਹਾਂ। ਕੈਪਟਨ ਸਰਕਾਰ ਵੀ ਹੁਣ ਪੀੜਤ ਪਰਿਵਾਰਾਂ ਦੀ ਸਾਰ ਨਹੀਂ ਲੈ ਰਹੀ ਕਿਉਂਕਿ ਲਗਭਗ ਸਵਾ ਮਹੀਨੇ ਤੋਂ ਜ਼ਿਆਦਾ ਚੱਲੇ ਬਰਗਾੜੀ ਦੇ ਇਨਸਾਫ ਮੋਰਚੇ ਦੀ ਸਮਾਪਤੀ ਲਈ 9 ਦਸੰਬਰ 2018 ਨੂੰ ਉਚੇਚੇ ਤੌਰ 'ਤੇ ਆਏ ਕੈਪਟਨ ਸਰਕਾਰ ਦੇ ਦੋ ਕੈਬਨਿਟ ਮੰਤਰੀਆਂ ਅਤੇ ਪੰਜ ਵਿਧਾਇਕਾਂ ਵੱਲੋਂ ਸੰਗਤਾਂ ਦੇ ਭਾਰੀ ਇਕੱਠ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ 'ਚ ਕੀਤੇ ਗਏ ਵਾਅਦੇ ਅੱਜ ਤੱਕ ਵਫਾ ਨਾ ਹੋਏ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਮੋਗਾ ਦੇ ਸਾਬਕਾ ਐੱਸ.ਐੱਸ.ਪੀ. ਚਰਨਜੀਤ ਸ਼ਰਮਾ, ਉਸ ਦੇ ਰੀਡਰ ਇੰਸਪੈਕਟਰ ਪ੍ਰਦੀਪ ਸਿੰਘ, ਐੱਸ.ਪੀ. ਬਿਕਰਮਜੀਤ ਸਿੰਘ, ਬਾਜਾਖਾਨਾ ਦੇ ਉਸ ਸਮੇਂ ਦੇ ਐੱਸ.ਐੱਚ.ਓ. ਅਮਰਜੀਤ ਸਿੰਘ ਕੁਲਾਰ ਨੂੰ ਬਾਜਾਖਾਨਾ ਥਾਣੇ 'ਚ ਦਰਜ ਐੱਫ.ਆਈ.ਆਰ. 'ਚ ਨਾਮਜ਼ਦ ਕੀਤਾ ਗਿਆ ਸੀ। ਉਕਤ 'ਚੋਂ ਚਰਨਜੀਤ ਸ਼ਰਮਾ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ, ਜਦਕਿ ਬਾਕੀ ਦੇ ਤਿੰਨ ਮੁਲਜ਼ਮ ਹਾਈਕੋਰਟ ਤੋਂ ਅੰਤਰਿਮ ਜ਼ਮਾਨਤ 'ਤੇ ਹਨ। ਹੁਣ ਉਕਤ ਮਾਮਲੇ ਦੀ ਜਾਂਚ ਕਰ ਰਹੀ ਐੱਸ.ਆਈ.ਟੀ. ਨੇ ਬਾਜਾਖਾਨਾ ਥਾਣੇ 'ਚ ਦਰਜ 130 ਨੰਬਰ ਐੱਫ.ਆਈ.ਆਰ. 'ਚ ਸੁਹੇਲ ਸਿੰਘ ਬਰਾੜ, ਪੰਕਜ ਬਾਂਸਲ ਅਤੇ ਉਸ ਸਮੇਂ ਦੇ ਐੱਸ.ਐੱਚ.ਓ. ਗੁਰਦੀਪ ਸਿੰਘ ਪੰਧੇਰ ਨੂੰ ਵੀ ਨਾਮਜ਼ਦ ਕੀਤਾ ਹੈ।

## ਸ਼੍ਰੋਮਣੀ ਕਮੇਟੀ ਸੰਕਟ ਤੋਂ ਟਾਲਾ ਵੱਟਣਾ ਅਕਾਲੀਆਂ ਨੂੰ ਪੈ ਸਕਦਾ ਹੈ ਮਹਿੰਗਾ

● ਲੀਡਰਸ਼ਿਪ ਦੇ ਵਤੀਰੇ ਤੋਂ ਪਾਰਟੀ ਆਗੂ ਵੀ ਹੈਰਾਨ

**ਜਲੰਧਰ, (ਮੇਜਰ ਸਿੰਘ/ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਗੁਰੂ ਗ੍ਰੰਥ ਸਾਹਿਬ ਦੇ 300 ਤੋਂ ਵਧੇਰੇ ਸਰੂਪਾਂ ਦੇ ਗੁੰਮ ਹੋਣ ਤੇ ਕਮੇਟੀ ਦੇ ਪ੍ਰਬੰਧ 'ਚ ਵੱਡੀਆਂ ਖਾਮੀਆਂ ਹੀ ਨਹੀਂ, ਸਗੋਂ 10 ਸਾਲਾਂ ਵਿਚ ਇਕ ਅਰਬ ਰੁਪਏ ਤੋਂ ਵੱਧ ਦੀ ਤਨਖ਼ਾਹ ਲੈਣ ਵਾਲੇ ਚਾਰਟਡ ਅਕਾਊਂਟੈਂਟ ਵਲੋਂ ਦਿੱਤੇ ਕੰਮਾਂ 'ਚੋਂ ਵੀ ਕੰਮ ਪੂਰਾ ਜਾਂ ਅਧੂਰਾ ਨਾ ਕਰਨ, ਕਮੇਟੀ ਦੇ ਕੰਮਕਾਰ ਵਿਚ ਜਵਾਬਦੇਹੀ ਦਾ ਕੋਈ ਵਿਧੀ ਵਿਧਾਨ ਹੀ ਨਾ ਹੋਣ ਦੀ ਗੱਲ ਇਤਿਹਾਸ 'ਚ ਪਹਿਲੀ ਵਾਰ ਅਕਾਲ ਤਖ਼ਤ ਸਾਹਿਬ ਵਲੋਂ ਸਥਾਪਿਤ ਜਾਂਚ ਕਮੇਟੀ ਵਲੋਂ ਆਪਣੀ ਮੁੱਢਲੀ ਤੇ ਸੰਖੇਪ ਰਿਪੋਰਟ 'ਚ ਸਾਹਮਣੇ ਲਿਆਂਦੀ ਗਈ ਹੈ। ਇਹ ਗੱਲ ਵੀ ਵੱਡੀ ਗਿਣਤੀ ਸੰਗਤ ਦੇ ਮਨਾਂ 'ਚ ਬੁਰੀ ਤਰ੍ਹਾਂ ਚੁੱਭ ਰਹੀ ਹੈ ਕਿ ਧਰਮ ਦਾ ਰਾਖਾ ਬਣ ਕੇ ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤੀ ਕਰਦੀ ਆ ਰਹੀ ਅਕਾਲੀ ਲੀਡਰਸ਼ਿਪ ਇਤਿਹਾਸ 'ਚ ਪਹਿਲੀ ਵਾਰ ਇਸ ਸੰਕਟ ਨੂੰ ਆਪਣਾ ਸਮਝ ਕੇ ਹੱਲ ਕਰਨ ਤੋਂ ਪੂਰੀ ਤਰ੍ਹਾਂ ਟਾਲਾ ਵੱਟ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ 100 ਸਾਲ ਦੇ ਇਤਿਹਾਸ 'ਚ ਸ਼੍ਰੋਮਣੀ ਕਮੇਟੀ ਦੀ ਹਰ ਸਰਗਰਮੀ ਪਾਰਟੀ ਦੀ ਮੁੱਖ ਸਰਗਰਮੀ ਬਣਦੀ ਰਹੀ ਹੈ। ਉਂਝ ਤਾਂ ਸ਼੍ਰੋਮਣੀ ਕਮੇਟੀ ਦੀ ਹੋਂਦ ਹੀ ਅਕਾਲੀ ਦਲ ਦੀਆਂ ਕੁਰਬਾਨੀਆਂ ਤੋਂ ਹੋਈ ਸੀ ਤੇ ਪਾਰਟੀ ਇਸ ਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਦੇ ਅਹਿਮ ਹਿੱਸੇ ਵਜੋਂ ਪ੍ਰਚਾਰਦੀ ਵੀ ਆ ਰਹੀ ਹੈ। 1999 'ਚ ਮਨਾਏ ਗਏ ਖ਼ਾਲਸਾ ਸਾਜਨਾ ਦੇ 300 ਸਾਲਾਂ ਸਮਾਗਮਾਂ 'ਚ ਅਕਾਲੀ ਦਲ ਦਾ ਰੋਲ ਮੋਹਰੀ ਸੀ। ਅਕਾਲੀ ਦਲ ਵਲੋਂ ਆਰੰਭ ਕੀਤੇ ਧਰਮ ਯੁੱਧ ਮੋਰਚੇ 'ਚ ਸਿੱਖ ਧਰਮ ਨਾਲ ਸਬੰਧਿਤ ਅਹਿਮ ਕੰਮ ਸ਼ਾਮਿਲ ਸਨ। ਸਾਲ 2012 'ਚ ਜਦ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦਾ ਕਾਨੂੰਨ ਹਰਿਆਣਾ ਸਰਕਾਰ ਨੇ ਪਾਸ ਕੀਤਾ ਤਾਂ ਅਕਾਲੀ ਦਲ ਸੜਕਾਂ ਉੱਪਰ ਉਤਰਨ ਲਈ ਤਿਆਰ ਹੋ ਗਿਆ ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਐਲਾਨ ਹੀ ਕਰਵਾ ਦਿੱਤਾ ਸੀ ਕਿ ਅਸੀਂ ਸਰਕਾਰ ਤਾਂ ਤੋੜ ਦਿਆਂਗੇ ਪਰ ਸ਼੍ਰੋਮਣੀ ਕਮੇਟੀ ਨਹੀਂ ਤੋੜਨ ਦਿਆਂਗੇ। ਇਹ ਗੱਲ ਚਿੱਟੇ ਦਿਨ ਜੱਗ ਜ਼ਾਹਿਰ ਹੈ ਕਿ ਅਕਾਲੀ ਦਲ ਸ਼੍ਰੋਮਣੀ ਕਮੇਟੀ ਚੋਣਾਂ ਲੜਦਾ ਹੈ ਤੇ ਪਾਰਟੀ ਦਾ ਪ੍ਰਧਾਨ ਹੀ ਪਿਛਲੇ 20 ਸਾਲ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਥਾਪਦਾ ਆਇਆ ਹੈ। ਵਿਧਾਨ ਸਭਾ ਚੋਣ ਹੋਵੇ ਜਾਂ ਕੋਈ ਹੋਰ ਪਾਰਟੀ ਨੇ ਰੈਲੀਆਂ ਕਰਨੀਆਂ ਹੋਣ ਜਾਂ ਸਮਾਗਮ, ਹਮੇਸ਼ਾ ਪਾਰਟੀ ਪ੍ਰਧਾਨ, ਖੇਤਰਾਂ ਦੇ ਦਲ ਨਾਲ ਸਬੰਧਿਤ ਸ਼੍ਰੋਮਣੀ ਕਮੇਟੀ ਦੀਆਂ ਮੀਟਿੰਗਾਂ ਸੱਦ ਕੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪਦੇ ਰਹੇ ਹਨ।

ਸ਼੍ਰੋਮਣੀ ਕਮੇਟੀ 'ਚ ਅਹਿਮ ਅਹੁਦੇਦਾਰ ਤੇ ਅਧਿਕਾਰੀ ਅਕਾਲੀ ਲੀਡਰਸ਼ਿਪ ਦੀ ਮਰਜ਼ੀ ਨਾਲ ਹੀ ਲੱਗਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦਾ 2016 'ਚ ਲਗਾਇਆ ਮੁੱਖ ਸਕੱਤਰ ਹਰਚਰਨ ਸਿੰਘ ਤੇ ਉਸ ਤੋਂ ਪਹਿਲਾਂ ਨਿਯੁਕਤ ਕੀਤੇ ਮੁੱਖ ਲੇਖਾਕਾਰ ਐੱਸ.ਐੱਸ. ਕੋਹਲੀ ਬਾਰੇ ਹਮੇਸ਼ਾਂ ਚਰਚਾ ਰਹੀ ਹੈ ਕਿ ਉਹ ਅਕਾਲੀ ਦਲ ਦੇ ਪ੍ਰਧਾਨ ਦੀ ਹੀ ਚੋਣ ਸਨ। ਉਂਝ ਵੀ ਸ਼੍ਰੋਮਣੀ ਕਮੇਟੀ ਉੱਪਰ ਕਬਜ਼ੇ ਦੀ ਸਿਆਸੀ ਜੰਗ 'ਚ ਅਕਾਲੀ ਲੀਡਰਸ਼ਿਪ ਨਿਸੰਗ ਜੋ ਕੇ ਸ਼੍ਰੋਮਣੀ ਕਮੇਟੀ 'ਚ ਆਪਣੇ ਭਾਰੂਪਨ ਨੂੰ ਸਿੱਖ ਜਗਤ ਆਪਣੀ ਮਜ਼ਬੂਤ ਪਕੜ ਦਾ ਪ੍ਰਮਾਣ ਦੱਸਦੀ ਆ ਰਹੀ ਹੈ।

## ਸ਼੍ਰੋਮਣੀ ਕਮੇਟੀ ਵਲੋਂ ਜੰਮੂ ਕਸ਼ਮੀਰ ਭਾਸ਼ਾ ਬਿੱਲ 'ਚ ਪੰਜਾਬੀ ਨੂੰ ਸ਼ਾਮਲ ਕਰਨ ਲਈ ਨਰਿੰਦਰ ਮੋਦੀ ਨੂੰ ਪੱਤਰ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜੰਮੂ ਕਸ਼ਮੀਰ ਦੀਆਂ ਸਰਕਾਰੀ ਭਾਸ਼ਾਵਾਂ ਦੀ ਸੂਚੀ 'ਚ ਪੰਜਾਬੀ ਭਾਸ਼ਾ ਨੂੰ ਸ਼ਾਮਲ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜਿਆ ਹੈ। ਸ੍ਰੀ ਲੌਂਗੋਵਾਲ ਨੇ ਕਿਹਾ ਕਿ ਬੀਤੇ ਦਿਨੀਂ ਭਾਰਤ ਸਰਕਾਰ ਦੀ ਕੈਬਨਿਟ ਮੀਟਿੰਗ ਦੌਰਾਨ ਪ੍ਰਵਾਨ ਕੀਤੇ ਗਏ ਜੰਮੂ ਕਸ਼ਮੀਰ ਭਾਸ਼ਾ ਬਿੱਲ ਵਿਚੋਂ ਪੰਜਾਬੀ ਨੂੰ ਬਾਹਰ ਰੱਖਿਆ ਗਿਆ ਹੈ, ਜਿਸ ਕਾਰਨ ਸਿੱਖਾਂ ਅੰਦਰ ਰੋਸ ਹੈ। ਇਸ ਦੇ ਨਾਲ ਹੀ ਹੋਰ ਖੇਤਰੀ ਭਾਸ਼ਾਵਾਂ ਨੂੰ ਵੀ ਮਾਨਤਾ ਨਹੀਂ ਦਿੱਤੀ ਗਈ।

## ਦੂਰਸੰਚਾਰ ਮੰਤਰਾਲੇ ਵੱਲੋਂ ਐੱਸ.ਐੱਫ.ਜੇ. ਦੇ ਪੰਨੂ ਦੇ ਯੂ-ਟਿਊਬ ਚੈਨਲ ਪੂਰੀ ਤਰ੍ਹਾਂ ਬਲਾਕ

**ਅੰਮ੍ਰਿਤਸਰ, (ਪੰਜਾਬ ਮੇਲ)-** ਆਪਣੇ ਯੂ-ਟਿਊਬ ਚੈਨਲ ਰਾਹੀਂ ਪੰਜਾਬ ਦੇ ਨੌਜਵਾਨਾਂ ਨੂੰ ਭੜਕਾਉਣ ਦਾ ਕੰਮ ਕਰ ਰਹੇ ਸਿੱਖਸ ਫਾਰ ਜਸਟਿਸ ਦੇ ਸਰਪ੍ਰਸਤ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਚੈਨਲ ਨੂੰ ਦੂਰਸੰਚਾਰ ਮੰਤਰਾਲਾ ਨੇ ਪੂਰੀ ਤਰ੍ਹਾਂ ਬਲਾਕ ਕਰ ਦਿੱਤਾ ਹੈ। ਇਸ ਚੈਨਲ 'ਤੇ ਪਹਿਲਾਂ ਹੀ ਰੋਕ ਲਾ ਦਿੱਤੀ ਗਈ ਸੀ ਪਰ ਇਸ ਦੇ ਬਾਵਜੂਦ ਇਸ ਚੈਨਲ ਦੇ ਵੀਡੀਓ ਭਾਰਤ 'ਚ ਉਨ੍ਹਾਂ ਲੋਕਾਂ ਨੂੰ ਨਜ਼ਰ ਆ ਰਹੇ ਸਨ, ਜਿਨ੍ਹਾਂ ਨੇ ਇਹ ਚੈਨਲ ਸਬਸਕ੍ਰਾਈਬ ਕੀਤਾ ਹੋਇਆ ਸੀ। ਸ਼ਨੀਵਾਰ ਸ਼ਾਮ ਤੋਂ ਇਹ ਭਾਰਤ 'ਚ ਪੂਰੀ ਤਰ੍ਹਾਂ ਬਲਾਕ ਹੋ ਗਿਆ ਅਤੇ ਹੁਣ ਭਾਰਤ 'ਚ ਪੰਨੂ ਦੇ ਭੜਕਾਊ ਵੀਡੀਓ ਨਹੀਂ ਵੇਖੇ ਜਾ ਸਕਣਗੇ। ਅਸਲ 'ਚ 15 ਅਗਸਤ ਤੋਂ ਪਹਿਲਾਂ ਪੰਨੂ ਨੇ ਆਪਣੇ ਇਸ ਚੈਨਲ 'ਤੇ ਵੀਡੀਓ ਜਾਰੀ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਭੜਕਾਉਂਦਿਆਂ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਖਾਲਿਸਤਾਨੀ ਝੰਡਾ ਲਹਿਰਾਉਣ ਲਈ ਲਾਲਚ ਦਿੱਤਾ ਸੀ।

Global Allianz

LAW FIRM LLP

ਕਾਨੂੰਨੀ ਸਲਾਹ



Atul Kapoor
C.E.O

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Neat Allen Sawyer
Attorney at law

7899 N. PERSHING AVE., STOCKTON, CA -95207

PHONE:209-808-2136, 209-952-5578, Fax: 209-476-7188

# ਸਰਬੱਤ ਦਾ ਭਲਾ ਟਰੱਸਟ ਵੱਲੋਂ 3 ਲੋੜਵੰਦ ਵਿਦਿਆਰਥੀਆਂ ਦੀ 50 ਹਜ਼ਾਰ ਫ਼ੀਸ ਅਦਾ

## ਹੁਸ਼ਿਆਰ ਵਿਦਿਆਰਥੀਆਂ ਦੀ ਉੱਨਤੀ 'ਚ ਰੁਕਾਵਟ ਨਹੀਂ ਆਉਣ ਦੇਵਾਂਗੇ : ਡਾ. ਓਬਰਾਏ



ਡਾ. ਐਸ.ਪੀ. ਸਿੰਘ ਓਬਰਾਏ

**ਅੰਮ੍ਰਿਤਸਰ, (ਪੰਜਾਬ ਮੇਲ)-** ਆਪਣੇ ਵਿਲੱਖਣ ਸੇਵਾ ਕਾਰਜਾਂ ਕਾਰਨ ਪੂਰੀ ਦੁਨੀਆਂ ਅੰਦਰ ਇੱਕ ਵੱਖਰੀ ਪਛਾਣ ਬਣਾ ਚੁੱਕੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਦੇ ਵਿਸ਼ੇਸ਼ ਯਤਨਾਂ ਸਦਕਾ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਰਣਜੀਤ ਐਵੀਨਿਊ, ਅੰਮ੍ਰਿਤਸਰ ਦੇ 3 ਹੁਸ਼ਿਆਰ ਪਰ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਦੇ ਵੱਖ-ਵੱਖ ਸਮੈਸਟਰਾਂ ਦੀ ਪੰਜਾਹ ਹਜ਼ਾਰ ਰੁਪਏ ਫੀਸ ਕਾਲਜ ਪ੍ਰਬੰਧਕਾਂ ਨੂੰ ਅਦਾ ਕੀਤੀ ਗਈ।



ਟਰੱਸਟ ਵੱਲੋਂ 3 ਵਿਦਿਆਰਥੀਆਂ ਦੀ ਫ਼ੀਸ ਦੇ ਚੈੱਕ ਦੇਣ ਮੌਕੇ ਸੁਖਜਿੰਦਰ ਸਿੰਘ ਹੇਰ, ਸੁਖਦੀਪ ਸਿੱਧੂ, ਨਵਜੀਤ ਘਈ, ਸ਼ਿਸ਼ਪਾਲ ਲਾਡੀ ਨਾਲ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰਪਾਲ ਕੌਰ ਢਿੱਲੋਂ ਤੇ ਹੋਰ।

ਉਕਤ ਵਿਦਿਆਰਥੀਆਂ ਦੀ ਫ਼ੀਸ ਦੇ ਚੈੱਕ ਸੌਂਪਣ ਪੁੱਜੇ ਟਰੱਸਟ ਦੇ ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੱਧੂ,ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮੀਤ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ ਅਤੇ ਵਿੱਤ ਸਕੱਤਰ ਨਵਜੀਤ ਸਿੰਘ ਘਈ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਆਪਣੇ ਸੁਨੇਹੇ 'ਚ ਕਿਹਾ ਹੈ ਕਿ ਟਰੱਸਟ, ਮੈਰਿਟ 'ਚ ਰਹਿਣ ਵਾਲੇ ਲੋੜਵੰਦ ਵਿਦਿਆਰਥੀਆਂ ਦੀ ਹਰ ਵੇਲੇ ਮਦਦ ਲਈ ਤਿਆਰ ਹੈ, ਤਾਂ ਜੋ ਉਨ੍ਹਾਂ ਦੀ ਆਰਥਿਕ ਮੰਦਹਾਲੀ ਉਨ੍ਹਾਂ ਦੀ ਉੱਨਤੀ ਦੇ ਰਸਤੇ ਵਿਚ ਰੁਕਾਵਟ ਨਾ ਬਣ ਸਕੇ। ਉਨ੍ਹਾਂ ਵਿਦਿਆਰਥੀਆਂ ਨੂੰ ਪੂਰੀ ਲਗਨ ਤੇ ਮਿਹਨਤ ਨਾਲ ਆਪਣੀ ਪੜ੍ਹਾਈ ਜਾਰੀ ਰੱਖਣ ਅਤੇ ਆਪਣੇ ਟੀਚੇ ਪ੍ਰਾਪਤ ਕਰਕੇ ਸਮਾਜ ਦੀ ਤਰੱਕੀ ਵਿਚ ਆਪਣਾ ਬਣਦਾ ਯੋਗਦਾਨ ਪਾਉਣ ਦਾ ਸੁਨੇਹਾ ਵੀ ਦਿੱਤਾ। ਸਰਬੱਤ ਦਾ ਭਲਾ ਟਰੱਸਟ ਦੇ ਇਸ ਵੱਡੇ ਉਪਰਾਲੇ ਲਈ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰਪਾਲ ਕੌਰ ਢਿੱਲੋਂ ਤੋਂ ਇਲਾਵਾ ਕਾਲਜ ਸਟਾਫ਼ ਤੇ ਸਬੰਧਿਤ ਵਿਦਿਆਰਥੀਆਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਸਿਆਟਲ ਵਿਚ ਸਾਰਾਗੜ੍ਹੀ ਜੰਗ 'ਚ 21 ਸਿੱਖਾਂ ਦੀ ਬਹਾਦਰੀ ਨੂੰ ਪ੍ਰਣਾਮ ਅਤੇ ਸ਼ਰਧਾਂਜੀ ਦਿਵਸ ਮਨਾਇਆ



ਗੁਰੂ ਘਰ ਦੇ ਸੇਵਾਦਾਰ ਤੇ ਪ੍ਰਬੰਧਕ ਕਮੇਟੀ ਨਾਇਕ ਲਾਲ ਸਿੰਘ ਦੇ ਵਾਰਸਾਂ 'ਚੋਂ ਬਲਰਾਜ ਸਿੰਘ ਸੰਧੂ ਨੂੰ ਸਿਰੋਪਾਓ ਦੇਣ ਉਪਰੰਤ ਯਾਦਗਾਰੀ ਫੋਟੋ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** 12 ਸਤੰਬਰ, 1897 ਨੂੰ ਸਾਰਾਗੜ੍ਹੀ ਦੀ ਜੰਗ ਵਿਚ ਬ੍ਰਿਟਿਸ਼ ਰਾਜ ਦੀ 36 ਰੇਜ ਦੇ 21 ਸਿੱਖਾਂ ਦੀ ਬਹਾਦਰੀ 600 ਅਫਗਾਨੀ ਫੌਜਾਂ ਨੂੰ ਮਾਰ ਮੁਕਾਇਆ ਅਤੇ 10 ਹਜ਼ਾਰ ਅਫਗਾਨੀ ਫੌਜਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ ਅਤੇ ਜਿੱਤ ਹਾਸਲ ਕੀਤੀ, ਜਿਨ੍ਹਾਂ ਨੂੰ ਮਰਨ ਉਪਰੰਤ ਬ੍ਰਿਟਿਸ਼ ਸੰਸਦ ਵਿਚ ਬਹਾਦਰੀ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। 21 ਸ਼ਹੀਦ ਸਿੱਖਾਂ ਵਿਚ ਸਿਆਟਲ ਦੇ ਬਲਰਾਜ ਸਿੰਘ ਸੰਧੂ ਦੇ ਪੜਦਾਦਾ ਨਾਇਕ ਲਾਲ ਸਿੰਘ ਵੀ ਸ਼ਾਮਲ ਸਨ। ਬਲਰਾਜ ਸਿੰਘ ਸੰਧੂ ਤੇ ਉਨ੍ਹਾਂ ਦੇ ਸਪੁੱਤਰ ਜਗਦੇਵ ਸਿੰਘ ਸੰਧੂ ਪਰਿਵਾਰ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਖੁੱਲ੍ਹੇ ਪਾਠ ਰਖਵਾ ਕੇ ਐਤਵਾਰ ਹਫਤਾਵਾਰੀ ਧਾਰਮਿਕ ਸਮਾਗਮ ਆਯੋਜਿਤ ਕੀਤੇ ਗਏ, ਜਿੱਥੇ ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਨੇ ਸਾਰਾਗੜ੍ਹੀ ਜੰਗ 'ਚ ਬਹਾਦਰੀ ਨਾਲ ਮੁਕਾਬਲਾ ਕਰਦਿਆਂ ਸ਼ਹੀਦ ਹੋਏ 21 ਸਿੱਖਾਂ ਨੂੰ ਸ਼ਰਧਾਂਜਲੀ ਦਿੱਤੀ। ਨਾਇਕ ਲਾਲ ਸਿੰਘ ਦੇ ਵਾਰਸਾਂ ਬਲਰਾਜ ਸਿੰਘ ਸੰਧੂ ਨੂੰ ਗੁਰੂ ਘਰ ਵਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਪਰਿਵਾਰ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਗੁਰੂ ਘਰ ਸੇਵਾ ਕਰਨ ਦੀ ਸ਼ਲਾਘਾ ਕੀਤੀ।



ਗੁਰਦੁਆਰਾ ਸੱਚਾ ਮਾਰਗ ਦੇ ਹੈੱਡ ਗ੍ਰੰਥੀ ਭਾਈ ਮੋਹਣ ਸਿੰਘ ਤੇ ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਗੁਰੂ ਘਰ ਵੱਲੋਂ ਬਲਰਾਜ ਸਿੰਘ ਸੰਧੂ ਨੂੰ ਸਿਰੋਪਾਓ ਦੇ ਕੇ ਨਿਵਾਜ਼ਦੇ ਹੋਏ।

# ਸਿਆਟਲ ਦੇ ਮੈਰੀਸਵੈਲ ਗੁਰਦੁਆਰਾ ਵਿਚ ਕਰੋਨਾ ਮਹਾਂਮਾਰੀ ਦੀ ਰੋਕਥਾਮ ਲਈ ਅਰਦਾਸ



ਗੁਰਵਿੰਦਰ ਸਿੰਘ ਰਿੱਪੀ ਧਾਲੀਵਾਲ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਗੁਰੂ ਨਾਨਕ ਸਿੱਖ ਟੈਂਪਲ ਮੈਰੀਸਵੈਲ ਵਿਚ ਅਪ੍ਰੈਲ ਤੋਂ ਲਗਾਤਾਰ ਕਰੋਨਾ ਮਹਾਂਮਾਰੀ ਵਰਗੀ ਭਿਆਨਕ ਬਿਮਾਰੀ ਦੀ ਰੋਕਥਾਮ ਅਤੇ ਮਨੁੱਖਤਾ ਦੇ ਭਲੇ ਲਈ ਲਗਾਤਾਰ ਖੁੱਲ੍ਹੇ ਪਾਠ ਚੱਲ ਰਹੇ ਹਨ, ਜਿੱਥੇ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਸੋਹਣ ਸਿੰਘ ਅਰਸ਼ ਚੰਡੀਗੜ੍ਹ ਵਾਲੇ ਅਤੇ ਭਾਈ ਰੁਮਾਲ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਸਟੇਜ ਸਕੱਤਰ ਗੁਰਵਿੰਦਰ ਸਿੰਘ 'ਰਿੱਪੀ ਧਾਲੀਵਾਲ' ਅਤੇ ਮੁੱਖ ਸੇਵਾਦਰ ਬਲਬੀਰ ਸਿੰਘ ਓਸਮਾਨਪੁਰ ਨੇ ਆਈ ਸੰਗਤ ਦਾ ਧੰਨਵਾਦ ਕੀਤਾ ਅਤੇ ਕਰੋਨਾ ਮਹਾਂਮਾਰੀ ਦੇ ਬਚਾਉ ਲਈ ਅਰਦਾਸ ਕੀਤੀ। ਇਸ ਮੌਕੇ ਕਰਨਲ ਹਰਦਿਆਲ ਸਿੰਘ ਵਿਰਕ ਨੇ ਸਤਿਕਾਰਯੋਗ ਮਾਤਾ ਜੀ ਸੁਖਦੇਵ ਕੌਰ (97) ਦੀ ਮਿੱਠੀ ਪਿਆਰੀ ਯਾਦ ਮਨਾਉਂਦਿਆਂ ਖੁੱਲ੍ਹੇ ਪਾਠ ਦੇ ਭੋਗ ਪਾਏ ਗਏ। ਇਸ ਸੰਬੰਧ ਵਿਚ ਲੰਗਰਾਂ ਦੀ ਸੇਵਾ ਡਾ. ਬੌਬੀ ਵਿਰਕ ਤੇ ਡਾ. ਨਵਦੀਪ ਸਿੰਘ ਬੰਨੀ ਸਪੋਕੇਨ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ।



ਭਾਈ ਰੁਮੇਲ ਸਿੰਘ ਤੇ ਭਾਈ ਸੋਹਣ ਸਿੰਘ ਅਰਸ਼ ਕੀਰਤਨ ਰਾਹੀਂ ਗੁਰੂ ਦਾ ਜੱਸ ਗਾਇਨ ਕਰਦੇ ਸਮੇਂ।




ਸੰਪਾਦਕੀ

# ਖੇਤੀ ਆਰਡੀਨੈਂਸਾਂ ਵਿਚ ਉਲਝੀ ਪੰਜਾਬ ਦੀ ਸਿਆਸਤ



ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444

**ਪੰਜਾਬ ਅੰਦਰ ਇਸ ਵੇਲੇ ਇਕ ਪਾਸੇ ਕਿਸਾਨ ਜਥੇਬੰਦੀਆਂ ਮੋਰਚੇ ਲਗਾਈ ਬੈਠੀਆਂ ਹਨ, ਉਥੇ ਦੂਜੇ ਪਾਸੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਇਸ ਮੁੱਦੇ ਨੂੰ ਲੈ ਕੇ ਅਕਾਲੀਆਂ ਨੂੰ ਘੇਰਨ ਦੇ ਯਤਨ ਕਰ ਰਹੀ ਸੀ। ਅਜਿਹੀ ਸਥਿਤੀ ਵਿਚ ਘਿਰੇ ਅਕਾਲੀ ਦਲ ਕੋਲ ਭਾਜਪਾ ਦੀ ਹਮਾਇਤ ਕਰਕੇ ਆਤਮਘਾਤੀ ਰਸਤਾ ਚੁਣਨ ਜਾਂ ਖੇਤੀ ਆਰਡੀਨੈਂਸਾਂ ਦਾ ਵਿਰੋਧ ਕਰਕੇ ਕਿਸਾਨਾਂ ਦੇ ਹੱਕ ਵਿਚ ਆ ਜੁੱਟਣ ਦੀ ਲਕੀਰ ਖਿੱਚਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਸੀ ਰਹਿ ਗਿਆ। ਆਖਿਰ ਅਕਾਲੀ ਲੀਡਰਸ਼ਿਪ ਨੂੰ ਆਪਣੇ ਸਿਆਸੀ ਭਵਿੱਖ ਨੂੰ ਬਚਾਉਣ ਅਤੇ ਕਿਸਾਨ ਜਥੇਬੰਦੀਆਂ ਦੇ ਦਬਾਅ ਹੇਠ ਆ ਕੇ 25 ਸਾਲਾਂ ਤੋਂ ਚਲੇ ਆ ਰਹੇ ਅਕਾਲੀ-ਭਾਜਪਾ ਗਠਜੋੜ ਨੂੰ ਅਲਵਿਦਾ ਕਹਿਣ ਦਾ ਕੌੜਾ ਘੁੱਟ ਭਰ ਲਿਆ ਹੈ।**



ਪੰਜਾਬ ਦੀ ਸਮੁੱਚੀ ਸਿਆਸਤ ਇਸ ਵੇਲੇ ਖੇਤੀ ਆਰਡੀਨੈਂਸਾਂ ਦੁਆਲੇ ਘੁੰਮ ਰਹੀ ਹੈ। ਜੂਨ ਮਹੀਨੇ ਜਦ ਸਮੁੱਚੀ ਦੁਨੀਆਂ ਕਰੋਨਾ ਮਹਾਂਮਾਰੀ ਦੀ ਆਫਤ ਨਾਲ ਜੂਝ ਰਹੀ ਸੀ ਅਤੇ ਇਸ ਤੋਂ ਬਚਾਅ ਵਾਸਤੇ ਵੱਡੇ ਯਤਨ ਹੋ ਰਹੇ ਸਨ, ਭਾਰਤ ਦੀ ਮੋਦੀ ਸਰਕਾਰ ਨੇ ਉਸ ਵੇਲੇ ਆਪਣਾ ਏਜੰਡਾ ਅੱਗੇ ਤੋਰ ਲਿਆ। ਖੇਤੀ ਪੈਦਾਵਾਰ ਅਤੇ ਵਪਾਰ, ਕਾਰਪੋਰੇਟ ਕੰਪਨੀ ਦੇ ਹੱਥ ਦੇਣ ਲਈ ਤਿੰਨ ਨਵੇਂ ਆਰਡੀਨੈਂਸ ਜਾਰੀ ਕਰ ਦਿੱਤੇ। ਇਨ੍ਹਾਂ ਆਰਡੀਨੈਂਸਾਂ ਦਾ ਮੁੱਖ ਮੰਤਵ ਦੇਸ਼ ਅੰਦਰ ਮੰਡੀ ਬੋਰਡਾਂ ਰਾਹੀਂ ਕਣਕ ਅਤੇ ਝੋਨੇ ਦੀ ਸਮਰਥਨ ਮੁੱਲ ਦੀ ਵਿਵਸਥਾ ਨੂੰ ਤੋੜ ਕੇ ਖੇਤੀ ਪੈਦਾਵਾਰ ਅਤੇ ਵਪਾਰ, ਕਾਰਪੋਰੇਟ ਹੱਥਾਂ ਵਿਚ ਦੇਣਾ ਹੈ। ਆਰਡੀਨੈਂਸ ਜਾਰੀ ਹੋਣ ਦੇ ਸਮੇਂ ਤੋਂ ਹੀ ਪੰਜਾਬ, ਹਰਿਆਣਾ ਅਤੇ ਯੂ.ਪੀ. ਦੇ ਕਿਸਾਨ ਸੰਗਠਨ ਇਸ ਦਾ ਵਿਰੋਧ ਕਰਦੇ ਆ ਰਹੇ ਹਨ। ਹੁਣ ਇਹ ਆਰਡੀਨੈਂਸ ਕਾਨੂੰਨ 'ਚ ਬਦਲਣ ਲਈ ਮੋਦੀ ਸਰਕਾਰ ਨੇ ਪਾਰਲੀਮੈਂਟ ਵਿਚ ਪੇਸ਼ ਕੀਤੇ ਹਨ। ਭਾਜਪਾ ਦੀ ਵੱਡੀ ਬਹੁਗਿਣਤੀ ਹੋਣ ਕਾਰਨ ਇਹ ਬਿੱਲ ਪਾਸ ਹੋਣਾ ਵੀ ਸੁਭਾਵਿਕ ਹੀ ਹੈ। ਪਰ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਇੱਥੋਂ ਦੀ ਸਿਆਸਤ ਅਤੇ ਆਰਥਿਕਤਾ ਦਾ ਬਹੁਤਾ ਦਾਰੋਮਦਾਰ ਖੇਤੀ ਉੱਪਰ ਹੀ ਨਿਰਭਰ ਹੁੰਦਾ ਹੈ। ਇਸ ਕਰਕੇ ਕਿਸਾਨ ਸੰਗਠਨਾਂ ਵੱਲੋਂ ਕੀਤੇ ਜਾ ਰਹੇ ਸਖ਼ਤ ਵਿਰੋਧ ਕਾਰਨ ਸਿਆਸੀ ਪਾਰਟੀਆਂ ਵੀ ਇਸ ਦੇ ਅਨੁਸਾਰੀ ਹੀ ਆਪਣੇ ਫੈਸਲੇ ਲੈ ਰਹੀਆਂ ਹਨ। ਅਕਾਲੀ ਦਲ ਕੇਂਦਰ ਸਰਕਾਰ ਵਿਚ ਭਾਜਪਾ ਦਾ ਭਾਈਵਾਲ ਹੋਣ ਕਾਰਨ ਕਸੂਤਾ ਫਸਿਆ ਹੋਇਆ ਸੀ। ਇਕ ਪਾਸੇ ਉਹ ਕੇਂਦਰ ਸਰਕਾਰ ਵੱਲੋਂ ਜਾਰੀ ਆਰਡੀਨੈਂਸਾਂ ਦੀ ਦੱਬਵੀਂ ਹਮਾਇਤ ਵੀ ਕਰਦਾ ਆ ਰਿਹਾ ਸੀ, ਤੇ ਨਾਲ ਹੀ ਸਮਰਥਨ ਮੁੱਲ ਜਾਰੀ ਰਹਿਣ ਅਤੇ ਯਕੀਨੀ ਮੰਡੀਕਰਨ ਨੂੰ ਬਿਲਕੁਲ ਵੀ ਨਾ ਛੇੜੇ ਜਾਣ ਦੇ ਭਰੋਸੇ ਨੂੰ ਦਿੰਦਾ ਆ ਰਿਹਾ ਸੀ ਅਤੇ ਅਕਾਲੀ ਲੀਡਰਸ਼ਿਪ ਵਾਰ-ਵਾਰ ਇਹ ਐਲਾਨ ਕਰ ਰਹੀ ਸੀ ਕਿ ਅਸੀਂ ਕਿਸਾਨ ਹਿੱਤਾਂ ਲਈ ਕਿਸੇ ਵੀ ਤਰ੍ਹਾਂ ਦੀ ਵੱਡੀ ਤੋਂ ਵੱਡੀ ਕੁਰਬਾਨੀ ਤੋਂ ਵੀ ਪਿੱਛੇ ਨਹੀਂ ਹੱਟਾਂਗੇ। ਅਕਾਲੀ ਦਲ ਦਾ ਵੱਡਾ ਆਧਾਰ ਕਿਸਾਨੀ ਹੈ। ਇਸ ਵੇਲੇ ਕਿਸਾਨਾਂ ਵੱਲੋਂ ਹੋ ਰਹੇ ਵੱਡੇ ਵਿਰੋਧ ਨੂੰ ਉਹ ਸਹਿਣ ਕਰਨ ਦੀ ਹਾਲਤ ਵਿਚ ਨਹੀਂ ਸੀ। ਇਸੇ ਕਾਰਨ ਅਕਾਲੀ ਲੀਡਰਸ਼ਿਪ ਪਿਛਲੇ ਦਿਨਾਂ ਤੋਂ ਭਾਜਪਾ ਨੂੰ ਇਹ ਕਹਿੰਦੀ ਆ ਰਹੀ ਸੀ ਕਿ ਖੇਤੀ ਆਰਡੀਨੈਂਸਾਂ ਬਾਰੇ ਕਿਸਾਨਾਂ ਦੇ ਸ਼ੰਕੇ ਤੇ ਇਤਰਾਜ਼ ਦੂਰ ਕੀਤੇ ਜਾਣ, ਨਹੀਂ ਤਾਂ ਉਹ ਵੱਡਾ ਕਦਮ ਚੁੱਕਣ ਲਈ ਮਜਬੂਰ ਹੋਣਗੇ। ਅਕਾਲੀ ਦਲ ਨੇ ਕੇਂਦਰੀ ਮੰਤਰੀਆਂ ਨੂੰ ਮਿਲ ਕੇ ਸਪੱਸ਼ਟੀਕਰਨ ਜਾਰੀ ਕਰਨ ਦੇ ਵੀ ਯਤਨ ਕੀਤੇ। ਪਰ ਭਾਜਪਾ ਵੱਲੋਂ ਖੇਤੀ ਕਾਨੂੰਨਾਂ ਵਿਚ ਤਰਮੀਮਾਂ ਤੋਂ ਸਪੱਸ਼ਟ ਇਨਕਾਰ ਕਰਨ ਕਾਰਨ ਉਨ੍ਹਾਂ ਦੇ ਸਪੱਸ਼ਟੀਕਰਨ ਦਾ ਕੋਈ ਖਾਸ ਪ੍ਰਭਾਵ ਨਹੀਂ ਪਿਆ। ਪੰਜਾਬ ਅੰਦਰ ਕੈਪਟਨ ਸਰਕਾਰ ਨੇ ਪੰਜਾਬ ਵਿਧਾਨ ਸਭਾ ਦਾ ਇਕ ਰੋਜ਼ਾ ਸੈਸ਼ਨ ਸੱਦ ਕੇ ਖੇਤੀ ਆਰਡੀਨੈਂਸ ਰੱਦ ਕਰਨ ਨਾਲ ਅਕਾਲੀ ਦਲ ਦੀ ਸਥਿਤੀ ਹੋਰ ਵੀ ਕਮਜ਼ੋਰ ਬਣ ਗਈ ਸੀ।

ਪੰਜਾਬ ਅੰਦਰ ਇਸ ਵੇਲੇ ਇਕ ਪਾਸੇ ਕਿਸਾਨ ਜਥੇਬੰਦੀਆਂ ਮੋਰਚੇ ਲਗਾਈ ਬੈਠੀਆਂ ਹਨ, ਉਥੇ ਦੂਜੇ ਪਾਸੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਇਸ ਮੁੱਦੇ ਨੂੰ ਲੈ ਕੇ ਅਕਾਲੀਆਂ ਨੂੰ ਘੇਰਨ ਦੇ ਯਤਨ ਕਰ ਰਹੀ ਸੀ। ਅਜਿਹੀ ਸਥਿਤੀ ਵਿਚ ਘਿਰੇ ਅਕਾਲੀ ਦਲ ਕੋਲ ਭਾਜਪਾ ਦੀ ਹਮਾਇਤ ਕਰਕੇ ਆਤਮਘਾਤੀ ਰਸਤਾ ਚੁਣਨ ਜਾਂ ਖੇਤੀ ਆਰਡੀਨੈਂਸਾਂ ਦਾ ਵਿਰੋਧ ਕਰਕੇ ਕਿਸਾਨਾਂ ਦੇ ਹੱਕ ਵਿਚ ਆ ਜੁੱਟਣ ਦੀ ਲਕੀਰ ਖਿੱਚਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਸੀ ਰਹਿ ਗਿਆ। ਆਖਿਰ ਅਕਾਲੀ ਲੀਡਰਸ਼ਿਪ ਨੂੰ ਆਪਣੇ ਸਿਆਸੀ ਭਵਿੱਖ ਨੂੰ ਬਚਾਉਣ ਅਤੇ ਕਿਸਾਨ ਜਥੇਬੰਦੀਆਂ ਦੇ ਦਬਾਅ ਹੇਠ ਆ ਕੇ 25 ਸਾਲਾਂ ਤੋਂ ਚਲੇ ਆ ਰਹੇ ਅਕਾਲੀ-ਭਾਜਪਾ ਗਠਜੋੜ ਨੂੰ ਅਲਵਿਦਾ ਕਹਿਣ ਦਾ ਕੌੜਾ ਘੁੱਟ ਭਰ ਲਿਆ ਹੈ। ਹੁਣ ਤੱਕ ਆ ਰਹੀਆਂ ਰਿਪੋਰਟਾਂ ਮੁਤਾਬਕ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿਚ ਅਕਾਲੀ ਦਲ ਦੇ ਐੱਮ.ਪੀ. ਖੇਤੀ ਬਿਲਾਂ ਦਾ ਵਿਰੋਧ ਕਰਨਗੇ ਅਤੇ ਇਹ ਵੀ ਦੱਸਿਆ ਜਾਂਦਾ ਹੈ ਕਿ ਅਕਾਲੀ ਲੀਡਰਸ਼ਿਪ ਨੇ ਖੇਤੀ ਬਿਲਾਂ ਦਾ ਵਿਰੋਧ ਕਰਨ ਬਾਅਦ ਅਕਾਲੀ-ਭਾਜਪਾ ਗਠਜੋੜ ਉੱਤੇ ਪੈਣ ਵਾਲੇ ਅਸਰ ਅਤੇ ਭਵਿੱਖ ਦੀ ਰਾਜਨੀਤੀ ਦੇ ਪ੍ਰਭਾਵਾਂ ਨੂੰ ਵੀ ਵਾਚ ਲਿਆ ਹੈ ਅਤੇ ਖੇਤੀ ਬਿਲਾਂ ਦਾ ਵਿਰੋਧ ਕਰਦਿਆਂ ਹੀ ਪਾਰਟੀ ਵੱਲੋਂ ਸਰਕਾਰ 'ਚੋਂ ਬਾਹਰ ਆਉਣ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਐਲਾਨ ਦੇ ਨਾਲ ਹੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਅਸਤੀਫਾ ਵੀ ਆ ਜਾਵੇਗਾ। ਅਜਿਹਾ ਹੋਣ ਨਾਲ ਪੰਜਾਬ ਅੰਦਰ ਅਕਾਲੀ-ਭਾਜਪਾ ਗਠਜੋੜ ਦੇ ਭੋਗ ਪੈਣ ਦੇ ਆਸਾਰ ਬਣ ਗਏ ਹਨ ਅਤੇ ਪੰਜਾਬ ਅੰਦਰ ਨਵੀਂ ਰਾਜਸੀ ਸਫਬੰਦੀ ਦੇ ਰਸਤੇ ਖੁੱਲ੍ਹਦੇ ਨਜ਼ਰ ਆ ਰਹੇ ਹਨ।

ਜਿੱਥੇ ਅਕਾਲੀ ਖੇਤੀ ਆਰਡੀਨੈਂਸਾਂ ਬਾਰੇ ਨਵਾਂ ਫੈਸਲਾ ਲੈ ਕੇ ਕਿਸਾਨਾਂ ਦੇ ਹੱਕ ਵਿਚ ਖੜ੍ਹਨ ਜਾ ਰਹੇ ਹਨ, ਉਥੇ ਕੈਪਟਨ ਅਮਰਿੰਦਰ ਸਿੰਘ ਲਈ ਵੀ ਇਕ ਨਵੀਂ ਮੁਸੀਬਤ ਖੜ੍ਹੀ ਹੋ ਗਈ ਹੈ। ਭਾਰਤ ਦੇ ਕੇਂਦਰੀ ਖੇਤੀ ਮੰਤਰੀ ਨੇ ਲੋਕ ਸਭਾ 'ਚ ਬੋਲਦਿਆਂ ਕਿਹਾ ਕਿ ਖੇਤੀ ਆਰਡੀਨੈਂਸ ਜਾਰੀ ਕਰਨ ਤੋਂ ਪਹਿਲਾਂ ਵੱਖ-ਵੱਖ ਸੂਬਿਆਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਸੀ ਅਤੇ ਇਸ ਸੰਬੰਧੀ ਬਣੀ ਕੋਆਰਡੀਨੇਸ਼ਨ ਕਮੇਟੀ ਵਿਚ ਪੰਜਾਬ ਦੇ ਮੁੱਖ ਮੰਤਰੀ ਵੀ ਸ਼ਾਮਲ ਸਨ। ਉਨ੍ਹਾਂ ਦੀ ਸਹਿਮਤੀ ਨਾਲ ਹੀ ਆਰਡੀਨੈਂਸਾਂ ਦਾ ਖਰੜਾ ਤਿਆਰ ਕੀਤਾ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਵੱਲੋਂ ਗੱਜ-ਵੱਜ ਕੇ ਆਰਡੀਨੈਂਸਾਂ ਖਿਲਾਫ ਲਏ ਸਟੈਂਡ ਉਪਰ ਹੁਣ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ ਅਤੇ ਸਿਆਸੀ ਵਿਰੋਧੀਆਂ ਨੇ ਕਹਿਣਾ ਸ਼ੁਰੂ ਕੀਤਾ ਹੈ ਕਿ ਕੈਪਟਨ ਦਾ ਦੋਗਲਾਪਣ ਨੰਗਾ ਹੋ ਗਿਆ ਹੈ। ਇਹ ਮਾਮਲਾ ਆਉਂਦੇ ਦਿਨਾਂ ਵਿਚ ਸਿਆਸਤ ਅੰਦਰ ਲਗਾਤਾਰ ਮੱਘਦਾ ਰਹੇਗਾ।

ਆਮ ਆਦਮੀ ਪਾਰਟੀ ਖੇਤੀ ਆਰਡੀਨੈਂਸਾਂ ਨੂੰ ਲੈ ਕੇ ਅਕਾਲੀ ਦਲ ਤੇ ਕਾਂਗਰਸ ਦੋਹਾਂ ਖਿਲਾਫ ਰਾਜਸੀ ਮੁਹਿੰਮ ਚਲਾ ਰਹੀ ਹੈ। ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਬਾਅਦ ਭਾਜਪਾ ਤੋਂ ਅਲੱਗ ਹੋ ਕੇ ਅਕਾਲੀ ਲੀਡਰਸ਼ਿਪ ਵੀ ਖੁੱਲ੍ਹ ਕੇ ਬੋਲਣਾ ਸ਼ੁਰੂ ਕਰੇਗੀ। ਇਸ ਤਰ੍ਹਾਂ ਲੱਗਦਾ ਹੈ ਕਿ ਕਿਸਾਨ ਸੰਗਠਨਾਂ ਦੇ ਸੰਘਰਸ਼ ਦੇ ਦਬਾਅ ਹੇਠ ਪੰਜਾਬ ਦੀਆਂ ਰਾਜਸੀ ਪਾਰਟੀਆਂ ਵੀ ਇਸ ਮੁੱਦੇ ਉਪਰ ਇਕ ਦੂਜੇ ਤੋਂ ਅੱਗੇ ਲੰਘਣ ਲਈ ਗਰਮ ਨਾਅਰੇ ਲਗਾਉਣ 'ਚ ਕਿਸੇ ਤੋਂ ਪਿੱਛੇ ਨਹੀਂ ਹੱਟਣਗੀਆਂ। ਪੰਜਾਬ ਦੇ ਕਿਸਾਨਾਂ ਨੇ ਇਸ ਵੇਲੇ ਕਰੋਨਾ ਆਫਤ ਦੇ ਬਾਵਜੂਦ ਸੰਘਰਸ਼ ਦੇ ਅਨੇਕਾਂ ਰੂਪ ਅਪਣਾਉਂਦੇ ਹੋਏ ਸੜਕਾਂ ਜਾਮ ਕਰਨ, ਧਰਨੇ ਦੇਣ ਅਤੇ ਵੱਡੀਆਂ ਰੈਲੀਆਂ ਕਰਕੇ ਆਪਣਾ ਰੋਸ ਪ੍ਰਗਟ ਕਰਨਾ ਸ਼ੁਰੂ ਕੀਤਾ ਹੋਇਆ ਹੈ।

ਪੰਜਾਬ ਦਾ ਕਿਸਾਨ ਇਸ ਵੇਲੇ ਘੋਰ ਸੰਕਟ ਵਿਚੋਂ ਲੰਘ ਰਿਹਾ ਹੈ। ਕਿਸਾਨਾਂ ਸਿਰ ਖੜ੍ਹੇ ਕਰਜ਼ੇ ਦੀ ਪੰਡ 1 ਲੱਖ ਕਰੋੜ ਤੋਂ ਵੀ ਉਪਰ ਜਾ ਚੁੱਕੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਬੜੇ ਜ਼ੋਰ-ਸ਼ੋਰ ਨਾਲ ਕਿਸਾਨਾਂ ਦੇ ਸਮੁੱਚੇ ਕਰਜ਼ੇ ਮੁਆਫ ਕਰਨ ਦੇ ਐਲਾਨ ਕੀਤੇ ਸਨ। ਪਰ ਸੱਤਾ ਹਾਸਲ ਕੀਤਿਆਂ ਚਾਰ ਸਾਲ ਬੀਤਣ ਲੱਗੇ ਹਨ, ਪਰ ਕਿਸਾਨਾਂ ਦਾ ਸਮੁੱਚਾ ਕਰਜ਼ਾ ਤਾਂ ਕੀ ਮੁਆਫ ਹੋਣਾ ਸੀ, ਸਗੋਂ ਉਲਟਾ ਕਿਸਾਨ ਹੋਰ ਕਰਜ਼ਾਈ ਹੋ ਗਏ ਹਨ। ਕਿਸਾਨਾਂ ਦੇ ਟਿਊਬਵੈੱਲਾਂ ਦੇ ਬਿਜਲੀ ਬਿੱਲ ਲਗਾਏ ਜਾਣ ਲਈ ਆਨੇ-ਬਹਾਨੇ ਘੜੇ ਜਾ ਰਹੇ ਹਨ। ਕਿਸਾਨ ਮਸਲਿਆਂ ਨੂੰ ਲੈ ਕੇ ਪੰਜਾਬ ਅੰਦਰ ਕਿਸਾਨਾਂ ਦਾ ਸੰਘਰਸ਼ ਪਹਿਲਾਂ ਵੀ ਚੱਲਦਾ ਰਿਹਾ ਹੈ ਅਤੇ ਹੁਣ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਖੇਤੀ ਕਾਨੂੰਨਾਂ ਨਾਲ ਕਿਸਾਨਾਂ ਨੂੰ ਉਨ੍ਹਾਂ ਦਾ ਜ਼ਮੀਨ ਮਾਲਕੀ ਦਾ ਹੱਕ ਹੀ ਖੁੱਸਦਾ ਨਜ਼ਰ ਆ ਰਿਹਾ ਹੈ। ਕਿਉਂਕਿ ਕਾਰਪੋਰੇਟ ਘਰਾਣਿਆਂ ਦੇ ਆਉਣ ਨਾਲ ਨਵੇਂ ਕਾਨੂੰਨਾਂ ਰਾਹੀਂ ਜ਼ਮੀਨਾਂ ਲੰਬੀ ਲੀਜ਼ ਮਿਆਦ ਉਪਰ ਲੈਣ ਨਾਲ ਕਾਗਜ਼ਾਂ ਵਿਚ ਤਾਂ ਭਾਵੇਂ ਕਿਸਾਨ ਮਾਲਕ ਰਹੇਗਾ। ਪਰ ਅਸਲੀਅਤ ਵਿਚ ਉਨ੍ਹਾਂ ਦੇ ਖੇਤਾਂ ਦੀਆਂ ਵੱਟਾਂ ਪੱਧਰ ਕਰਕੇ ਫਾਰਮ ਉਸਾਰ ਲਏ ਜਾਣਗੇ ਅਤੇ ਇਸ ਤਰ੍ਹਾਂ ਕਿਸਾਨ ਜ਼ਮੀਨ ਮਾਲਕ ਹੁੰਦਿਆਂ ਵੀ ਅਸਲੀਅਤ ਵਿਚ ਮੁਜਾਰਿਆਂ ਜਾਂ ਖੇਤ ਮਜ਼ਦੂਰਾਂ ਦਾ ਜੀਵਨ ਬਸਰ ਕਰਨ ਲੱਗਣਗੇ। ਅਜਿਹੀ ਹਾਲਤ ਨੂੰ ਸੋਚਦਿਆਂ ਹੀ ਕਿਸਾਨ ਆਰ-ਪਾਰ ਦੀ ਲੜਾਈ ਦੇ ਰਾਹ ਪਏ ਹੋਏ ਹਨ। ਆਰ-ਪਾਰ ਦੀ ਇਹ ਲੜਾਈ ਕੇਂਦਰ ਸਰਕਾਰ ਵੱਲੋਂ ਕਾਨੂੰਨ ਪਾਸ ਕਰਨ ਬਾਅਦ ਹੋਰ ਤੇਜ਼ ਹੋਣ ਦੀ ਸੰਭਾਵਨਾ ਬਣ ਗਈ ਹੈ। ਇਸ ਕਾਰਨ ਪੰਜਾਬ ਦੀ ਸਮੁੱਚੀ ਸਿਆਸਤ ਵੀ ਇਸੇ ਕਿਸਾਨੀ ਮੁੱਦੇ ਉੱਤੇ ਹੀ ਲੰਬਾ ਸਮਾਂ ਘੁੰਮਣ ਦੇ ਆਸਾਰ ਬਣ ਗਏ ਹਨ ਜਾਂ ਘੱਟੋ-ਘੱਟ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੱਕ ਹੁਣ ਸਿਆਸੀ ਹਾਲਾਤ ਇਸੇ ਮੁੱਦੇ ਦੁਆਲੇ ਹੀ ਘੁੰਮਣਗੇ ਅਤੇ ਅਕਾਲੀ ਦਲ 25 ਸਾਲ ਬਾਅਦ ਪਹਿਲੀ ਵਾਰ ਭਾਜਪਾ ਨਾਲੋਂ ਵੱਖ ਹੋ ਕੇ ਇਕੱਲੇ ਤੌਰ 'ਤੇ ਚੋਣ ਮੈਦਾਨ ਵਿਚ ਕੁੱਦੇਗਾ।

**Editorial Board**

**Chief Editor**
Gurjatinder Singh Randhawa
**Editor**
Major Singh
**Sub Editors**
Amit Saini
Sandeep Kumar
**Distributor**
Jai Singh
**Website**
Kamaldeep Singh Jatana
Kuldeep Singh

**Punjab Mail USA**
**9883 Novara Way,**
**Elk Grove, CA 95757**
**Ph: 916-320-9444**
**Fax : 916-209-8726**
**Email : punjabmailusa@yahoo.com**
**web : www.punjabmailusa.com**

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਕੈਨੇਡਾ 'ਚ ਪੰਜਾਬੀ ਨੌਜਵਾਨ ਦਾ ਅਣਪਛਾਤੇ ਹਮਲਾਵਰਾਂ ਵੱਲੋਂ ਕਤਲ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਸ਼ਹਿਰ ਟੋਰਾਂਟੋ 'ਚ ਇਕ ਪੰਜਾਬੀ ਨੌਜਵਾਨ ਦਾ ਅਣਪਛਾਤੇ ਹਮਲਾਵਰਾਂ ਨੇ ਕਤਲ ਕਰ ਦਿੱਤਾ। ਪੁਲਿਸ ਮੁਤਾਬਕ 38-39 ਸਾਲ ਦੇ ਰਾਮਪ੍ਰੀਤ ਸਿੰਘ ਉਰਫ਼ ਪੀਟਰ ਦੀ ਲਾਸ਼ ਹਾਈਵੇਅ 27 ਦੇ ਪੁਲ ਨੇੜਿਓਂ ਮਿਲੀ। ਜਾਣਕਾਰੀ ਮੁਤਾਬਕ ਰਾਮਪ੍ਰੀਤ ਸਿੰਘ ਪਿਛਲੇ ਕਈ ਮਹੀਨੇ ਤੋਂ ਵੈਸਟ ਹੰਬਰ ਟਰਾਇਲ 'ਤੇ ਸਥਿਤ ਪੁਲ ਦੇ ਹੇਠਾਂ ਰਹਿ ਰਿਹਾ ਸੀ। ਲੇਬਰ ਡੇਅ ਵਾਲੇ ਦਿਨ ਜੌਗਿੰਗ ਕਰ ਰਹੇ ਇਕ ਵਿਅਕਤੀ ਨੇ ਉਸ ਦੀ ਮ੍ਰਿਤਕ ਲਾਸ਼ ਵੇਖੀ ਅਤੇ ਪੁਲਿਸ ਨੂੰ ਸ਼ਿਕਾਇਤ ਦਿੱਤੀ। ਹੰਬਰ ਕਾਲਜ ਬੁਲੇਵਾਰਡ ਦੇ ਦੱਖਣ ਵੱਲ ਮਿਲੀ ਮ੍ਰਿਤਕ ਦੀ ਦੇਹ 'ਤੇ ਡੂੰਘੇ ਜ਼ਖ਼ਮਾਂ ਦੇ ਨਿਸ਼ਾਨ ਸਾਫ਼ ਨਜ਼ਰ ਆ ਰਹੇ ਸਨ। ਐਮਰਜੰਸੀ ਅਧਿਕਾਰੀਆਂ ਨੇ ਰਾਮਪ੍ਰੀਤ ਸਿੰਘ ਨੂੰ ਮੁੱਢਲੀ ਸਹਾਇਤਾ ਦੇਣ ਦਾ ਯਤਨ ਕੀਤਾ ਪਰ ਉਹ ਦਮ ਤੋੜ ਚੁੱਕਿਆ ਸੀ। ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਸੰਬੰਧੀ ਜੇ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਜਾਂ ਇਲਾਕੇ 'ਚ ਕੋਈ ਸ਼ੱਕੀ ਸਰਗਰਮੀ ਦੇਖੀ ਹੋਵੇ, ਤਾਂ ਉਹ ਤੁਰੰਤ 416-808- 7400 'ਤੇ ਸੰਪਰਕ ਕਰਨ।

# ਅਮਰੀਕਾ 'ਚ ਸੈਲਫੀ ਲੈਣ ਦੌਰਾਨ ਝਰਨੇ 'ਚ ਡਿੱਗਣ ਕਾਰਨ ਭਾਰਤੀ ਲੜਕੀ ਦੀ ਮੌਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਇਕ ਭਾਰਤੀ ਲੜਕੀ ਪੋਲਾਵਾਰਾਪੂ ਕਮਲਾ ਦੀ ਸੈਲਫੀ ਲੈਣ ਦੇ ਚੱਕਰ 'ਚ ਮੌਤ ਹੋ ਗਈ। ਅਟਲਾਂਟਾ ਦੇ ਨੇੜੇ ਸਥਿਤ ਇਕ ਵਾਟਰਫਾਲ (ਝਰਨੇ) ਨੇੜੇ ਸੈਲਫੀ ਲੈਣ ਦੇ ਚੱਕਰ 'ਚ ਉਸ ਦੀ ਮੌਤ ਹੋਈ। ਜਾਣਕਾਰੀ ਮੁਤਾਬਕ ਕਮਲਾ ਆਪਣੇ ਮੰਗੇਤਰ ਨਾਲ ਝਰਨੇ ਨੇੜੇ ਸੈਲਫੀ ਲੈਣ ਗਈ ਸੀ। ਇਸ ਦੌਰਾਨ ਜੋੜਾ ਤਿਲਕ ਕੇ ਝਰਨੇ 'ਚ ਡਿੱਗ ਪਿਆ। ਮੰਗੇਤਰ ਨੂੰ ਤਾਂ ਬਚਾ ਲਿਆ ਗਿਆ ਪਰ ਕਮਲਾ ਬੇਹੋਸ਼ੀ ਦੀ ਹਾਲਤ 'ਚ ਮਿਲੀ। ਹਰ ਸੰਭਵ ਕੋਸ਼ਿਸ਼ ਕਰਨ ਦੇ ਬਾਵਜੂਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਕਮਲਾ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਂਧਰ ਪ੍ਰਦੇਸ਼ ਦੀ ਪੋਲਾਵਾਰਾਪੂ



ਮ੍ਰਿਤਕ ਕਮਲਾ ਦੀ ਪੁਰਾਣੀ ਤਸਵੀਰ।

ਕਮਲਾ ਦੀ ਮੌਤ ਨਾਲ ਉਸ ਦੇ ਮਾਤਾ-ਪਿਤਾ ਕਾਫੀ ਹੈਰਾਨ ਹਨ। ਘਟਨਾ ਦੀ ਖਬਰ ਮਿਲਣ ਦੇ ਬਾਅਦ ਕਮਲਾ ਦੇ ਜੱਦੀ ਪਿੰਡ ਵਿਚ ਸੋਗ ਦਾ ਮਾਹੌਲ ਹੈ। ਕਮਲਾ ਅਟਲਾਂਟਾ 'ਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਦੇ ਬਾਅਦ ਪਰਿਵਾਰ ਦੇ ਨਾਲ ਬੋਲਡ ਰੀਵਰ ਫਾਲਜ਼ ਦੇਖਣ ਗਈ ਅਤੇ ਇਸੇ ਦੌਰਾਨ ਇਹ ਹਾਦਸਾ ਵਾਪਰ ਗਿਆ। 27 ਸਾਲਾ ਕਮਲਾ ਕ੍ਰਿਸ਼ਨ ਨਗਰ ਜ਼ਿਲ੍ਹੇ ਦੇ ਗੁਡਲਾਵਲੇਰੂ ਦੀ ਵਸਨੀਕ ਦੱਸੀ ਜਾ ਰਹੀ ਹੈ। ਜੋ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕਰਨ ਦੇ ਬਾਅਦ ਅੱਗੇ ਦੀ ਪੜ੍ਹਾਈ ਲਈ ਅਮਰੀਕਾ ਆਈ ਸੀ। ਉਹ ਐੱਮ.ਐੱਸ. ਦੀ ਪੜ੍ਹਾਈ ਕਰਨ ਦੇ ਬਾਅਦ ਉੱਥੇ ਨੌਕਰੀ ਵੀ ਕਰ ਰਹੀ ਸੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : **www.punjabmailusa.com**

## ਸਾਬਕਾ ਐੱਮ.ਪੀ. ਰਾਜ ਗਰੇਵਾਲ ਵਿਰੁੱਧ ਧੋਖਾਧੜੀ ਦੇ ਲੱਗੇ ਦੋਸ਼

**ਬਰੈਂਪਟਨ, (ਪੰਜਾਬ ਮੇਲ)-** ਸਾਬਕਾ ਲਿਬਰਲ ਐੱਮ.ਪੀ. ਰਾਜ ਗਰੇਵਾਲ ਵਿਰੁੱਧ 5 ਹਜ਼ਾਰ ਡਾਲਰ ਤੋਂ ਵੱਧ ਰਕਮ ਦੀ ਧੋਖਾਧੜੀ ਅਤੇ ਵਿਸ਼ਵਾਸ ਭੰਗ ਕਰਨ ਦੇ ਦੋਸ਼ ਲੱਗੇ ਹਨ। ਉੱਥੇ ਹੀ ਰਾਜ ਗਰੇਵਾਲ ਦੇ ਵਕੀਲ ਨੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਉੱਧਰ ਆਰ.ਸੀ.ਐੱਮ.ਪੀ. ਨੇ ਦੱਸਿਆ ਕਿ ਰਾਜ ਗਰੇਵਾਲ ਨੇ ਲੱਖਾਂ ਡਾਲਰ ਦੇ ਨਿੱਜੀ ਕਰਜ਼ੇ ਬਾਰੇ ਐਥਿਕਸ ਕਮਿਸ਼ਨ ਤੋਂ ਪਰਦਾ ਰੱਖਿਆ ਅਤੇ ਇਹ ਸਿੱਧੇ ਤੌਰ 'ਤੇ ਬ੍ਰੀਚ ਆਫ ਟਰੱਸਟ ਦਾ ਮਾਮਲਾ ਬਣਦਾ ਹੈ। ਇਸ ਤੋਂ ਇਲਾਵਾ ਰਾਜ ਗਰੇਵਾਲ ਨੇ ਸਰਕਾਰ ਤੋਂ ਮਿਲੇ ਦਫ਼ਤਰੀ ਬਜਟ ਨੂੰ ਨਿੱਜੀ ਫ਼ਾਇਦੇ ਲਈ ਵਰਤਿਆ। ਰਾਜ ਗਰੇਵਾਲ ਵਿਰੁੱਧ ਬ੍ਰੀਚ ਆਫ ਟਰੱਸਟ ਸਣੇ ਚਾਰ ਅਤੇ ਧੋਖਾਧੜੀ ਦੇ ਦੋਸ਼ ਲਾਏ ਗਏ ਹਨ। ਉੱਥੇ ਹੀ ਗਰੇਵਾਲ ਦੇ ਵਕੀਲ ਨਾਦਰ ਹਸਨ ਨੇ ਕਿਹਾ, "ਰਾਜ ਗਰੇਵਾਲ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦੇ ਹਨ ਅਤੇ ਅਦਾਲਤ ਵਿਚ ਆਪਣੀ ਸੱਚਾਈ ਸਾਬਤ ਕਰ ਦੇਣਗੇ।"



## ਮੂਡੀਜ਼ ਵੱਲੋਂ ਚਾਲੂ ਵਿੱਤੀ ਵਰ੍ਹੇ 'ਚ ਭਾਰਤ ਦੀ ਜੀ.ਡੀ.ਪੀ. ਮਨਫੀ 11.5 ਫੀਸਦੀ ਰਹਿਣ ਦੀ ਪੇਸ਼ੀਨਗੋਈ

**ਨਵੀਂ ਦਿੱਲੀ, (ਪੰਜਾਬ ਮੇਲ)-** ਮੂਡੀਜ਼ ਇਨਵੈਸਟਰਜ਼ ਸਰਵਿਸ ਨੇ ਚਾਲੂ ਵਿੱਤੀ ਵਰ੍ਹੇ 'ਚ ਭਾਰਤ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਮਨਫ਼ੀ 11.5 ਫੀਸਦੀ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਰੇਟਿੰਗ ਏਜੰਸੀ ਨੇ ਕਿਹਾ ਕਿ ਚਾਲੂ ਵਿੱਤੀ ਸਾਲ ਦੌਰਾਨ ਭਾਰਤ ਦਾ ਕਰਜ਼ਾ ਕੁੱਲ ਜੀ.ਡੀ.ਪੀ. ਦਾ 90 ਫੀਸਦੀ ਹੋ ਜਾਵੇਗਾ, ਜੋ ਪਿਛਲੇ ਸਾਲ 72 ਫੀਸਦੀ ਸੀ। ਇਸ ਦੇ ਨਾਲ ਹੀ ਕੁੱਲ ਕੇਂਦਰੀ ਘਾਟਾ 7.5 ਫੀਸਦੀ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਏਜੰਸੀ ਨੇ ਹਾਲਾਂਕਿ



2021-22 'ਚ ਭਾਰਤੀ ਅਰਥਚਾਰੇ ਵੱਲੋਂ 10.6 ਫੀਸਦੀ ਦੀ ਵਿਕਾਸ ਦਰ ਹਾਸਲ ਕਰਨ ਦਾ ਵੀ ਦਾਅਵਾ ਕੀਤਾ ਹੈ। ਇਸ ਤੋਂ ਪਹਿਲਾਂ ਆਲਮੀ ਰੇਟਿੰਗ ਏਜੰਸੀ ਫਿੱਚ ਤੇ ਇੰਡੀਆ ਰੇਟਿੰਗਜ਼ ਨੇ ਚਾਲੂ ਵਿੱਤੀ ਵਰ੍ਹੇ 'ਚ ਭਾਰਤ ਦੀ ਵਿਕਾਸ ਦਰ ਕ੍ਰਮਵਾਰ ਮਨਫ਼ੀ 9 ਤੇ 11.8 ਫੀਸਦੀ ਰਹਿਣ ਦੀ ਪੇਸ਼ੀਨਗੋਈ ਕੀਤੀ ਸੀ।

## ਹਿਜ਼ਬੁਲ ਵੱਲੋਂ ਕੇਂਦਰੀ ਮੰਤਰੀ ਸਣੇ ਜੰਮੂ ਦੇ ਕਈ ਨੇਤਾਵਾਂ ਨੂੰ ਜਾਨ ਤੋਂ ਮਾਰਨ ਦੀ ਧਮਕੀ!

**ਜੰਮੂ, (ਪੰਜਾਬ ਮੇਲ)-** ਹਿਜ਼ਬੁਲ ਮੁਜਾਹਿਦੀਨ ਵੱਲੋਂ ਕੇਂਦਰੀ ਮੰਤਰੀ ਜਤਿੰਦਰ ਸਿੰਘ ਸਮੇਤ ਜੰਮੂ ਖੇਤਰ ਦੇ ਮੁੱਖ ਧਾਰਾ ਦੇ ਸਿਆਸਤਦਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲਿਸ ਨੇ ਐੱਫ.ਆਈ.ਆਰ. ਦਰਜ ਕੀਤੀ ਹੈ। ਅੱਤਵਾਦੀ ਸਮੂਹ ਦੇ ਲੈਟਰ ਪੈਡ 'ਤੇ ਉਰਦੂ 'ਚ ਲਿਖਿਆ ਦੋ ਪੰਨਿਆਂ ਵਾਲਾ ਪੱਤਰ ਜੇ.ਕੇ. ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਮੰਤਰੀ ਰਮਨ ਭੱਲਾ ਨੂੰ ਸ਼ੁੱਕਰਵਾਰ ਨੂੰ ਉਨ੍ਹਾਂ ਦੇ ਮੁੱਖ ਦਫ਼ਤਰ ਵਿਖੇ ਭੇਜਿਆ ਗਿਆ।

## ਸਾਰਾਗੜ੍ਹੀ ਜੰਗ ਦੇ ਕਮਾਂਡਰ ਹਵਾਲਦਾਰ ਈਸ਼ਰ ਸਿੰਘ ਦੇ ਪਰਿਵਾਰ ਵੱਲੋਂ ਉਨ੍ਹਾਂ ਦੀਆਂ ਨਿਸ਼ਾਨੀਆਂ ਦੇਣ ਦੀ ਮੰਗ

**ਸਰੀ, (ਪੰਜਾਬ ਮੇਲ)-** 12 ਸਤੰਬਰ, 1897 ਨੂੰ ਸਾਰਾਗੜ੍ਹੀ ਦੀ ਜੰਗ ਵਿਚ ਸ਼ਹੀਦ ਹੋਏ ਬ੍ਰਿਟਿਸ਼ ਭਾਰਤੀ ਫ਼ੌਜ 36 ਸਿੱਖ ਰੈਜੀਮੈਂਟ ਦੇ ਕਮਾਂਡਰ ਹਵਾਲਦਾਰ ਈਸ਼ਰ ਸਿੰਘ ਗਿੱਲ ਦੇ ਕੈਨੇਡਾ ਰਹਿ ਰਹੇ ਪੜਪੋਤਰੇ ਉੱਘੇ ਪੱਤਰਕਾਰ ਰਸ਼ਪਾਲ ਸਿੰਘ ਗਿੱਲ ਤੇ ਧਰਮ ਸਿੰਘ ਗਿੱਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਾਰਾਗੜ੍ਹੀ ਦੀ ਜੰਗ ਵਿਚ ਬਾਬਾ ਈਸ਼ਰ ਸਿੰਘ ਦੀ ਸ਼ਹੀਦੀ ਉਪਰੰਤ ਬ੍ਰਿਟਿਸ਼ ਸਰਕਾਰ ਵੱਲੋਂ ਐਲਾਨ ਕੀਤੇ ਗਏ ਸਨਮਾਨ ਉਨ੍ਹਾਂ ਦੇ ਪਰਿਵਾਰ ਨੂੰ ਦਿੱਤੇ ਜਾਣ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀਆਂ ਨਿਸ਼ਾਨੀਆਂ ਸਾਂਭ ਕੇ ਰੱਖ ਸਕਣ। ਉਨ੍ਹਾਂ ਦੱਸਿਆ ਕਿ ਉਸ ਵੇਲੇ ਦੀ ਬ੍ਰਿਟਿਸ਼ ਸਰਕਾਰ ਨੇ ਲੰਡਨ ਦੀ ਪਾਰਲੀਮੈਂਟ ਵਿਚ ਐਲਾਨ ਕੀਤਾ ਸੀ ਕਿ ਸਾਰਾਗੜ੍ਹੀ ਦੇ ਜੰਗ ਵਿਚ ਸ਼ਹੀਦ ਹੋਣ ਵਾਲੇ 21 ਫ਼ੌਜ ਦੇ ਜਵਾਨਾਂ ਤੇ ਇਕ ਸੇਵਾਦਾਰ ਨੂੰ ਆਰਡਰ ਆਫ਼ ਮੈਰਿਟ ਦਾ ਮੈਡਲ (ਸਮਾਨਅੰਤਰ ਵਿਕਟੋਰੀਆ ਕਰਾਸ) 2 ਮੁਰੱਬੇ ਜ਼ਮੀਨ ਤੇ 500 ਰੁਪਏ ਹਰ ਸ਼ਹੀਦ ਨੂੰ ਦੇਣ ਦਾ ਐਲਾਨ ਕੀਤਾ ਗਿਆ ਸੀ ਪਰ 123 ਸਾਲ ਬੀਤ ਜਾਣ ਦੇ ਬਾਅਦ ਪਰਿਵਾਰ ਉਨ੍ਹਾਂ ਦੀਆਂ ਨਿਸ਼ਾਨੀਆਂ ਤੋਂ ਵਾਂਝਾ ਹੈ।




ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕੇਬਲ, ਡਿਸ਼, ਸੈਟੇਲਾਈਟ ਜਾਂ IPTV ਬਾਕਸ ਦੀ ਕੋਈ ਜ਼ਰੂਰਤ ਨਹੀਂ। ਆਪਣਾ Smart Mobile Phone ਚੁੱਕੋ ਅਤੇ App Store ਜਾਂ Google Play Store ਤੋਂ ਅੱਜ ਹੀ Download ਕਰੋ।




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

XANDER

MORTGAGE & REAL ESTATE INC.

# Golden Opportunity to Refinance your Home

Heart **XANDER** *...dreams do come true*

*XANDER MORTGAGE & REAL ESTATE INC. Mortgage Financial is a multibillion dollar home loan originator focused on customer service and building lifelong relationships.*

- ਘਰਾਂ ਦੀਆਂ ਕੀਮਤਾਂ ਘੱਟ ਹਨ, ਇਸ ਮੌਕੇ ਦਾ ਫਾਇਦਾ ਲਓ।
- ਘਰ ਦੀ ਕੀਮਤ ਚਾਹੇ ਲੋਨ ਤੋਂ ਜਿੰਨੀ ਵੀ ਘੱਟ ਹੋਵੇ, ਹੁਣ ਤੁਸੀਂ ਆਪਣੀ ਕਿਸ਼ਤ ਘਟਾ ਸਕਦੇ ਹੋ।






ਕਿਸੇ ਵੀ ਤਰਾਂ ਦੇ ਲੋਨ ਸਬੰਧੀ ਸਲਾਹ ਮਸ਼ਵਰੇ ਲਈ ਕਾੱਲ ਕਰੋ

TURSTED NAME

**MOHAN CHEEMA**

NMLS ID # 698952
DRE LIC # 02067097

**559-825-5555**

2520 Shaw Ln. Ste 106, Fresno CA 93711

# ਅਗਲੇ ਸਾਲ ਦੇ ਅੱਧ ਤੱਕ ਨਹੀਂ ਬਣੇਗੀ ਕੋਰੋਨਾ ਵੈਕਸੀਨ : ਡਬਲਯੂ.ਐੱਚ.ਓ.

**ਜੈਨੇਵਾ, (ਪੰਜਾਬ ਮੇਲ)-** ਵਿਸ਼ਵ ਸਿਹਤ ਸੰਗਠਨ ਨੇ ਕੋਰੋਨਾ ਵੈਕਸੀਨ ਨੂੰ ਲੈ ਕੇ ਫਿਰ ਤੋਂ ਨਵਾਂ ਬਿਆਨ ਜਾਰੀ ਕੀਤਾ ਹੈ। ਦਰਅਸਲ ਉਨ੍ਹਾਂ ਦਾ ਮੰਨਣਾ ਹੈ ਕਿ ਕੋਰੋਨਾ ਵੈਕਸੀਨ ਅਗਲੇ ਸਾਲ ਦੇ ਅੱਧ ਤੱਕ ਨਹੀਂ ਬਣੇਗੀ। ਡਬਲਯੂ.ਐੱਚ.ਓ. ਦੇ ਬੁਲਾਰੇ ਮਾਰਗਰੇਟ ਹੈਰਿਸ ਨੇ ਕਿਹਾ ਕਿ ਹੁਣ ਤੱਕ ਐਡਵਾਂਸਡ ਡਾਇਗਨੌਸਟਿਕ ਟੈਸਟਾਂ ਵਿਚੋਂ ਜਿੰਨੀਆਂ ਵੀ ਦਵਾਈ ਕੰਪਨੀਆਂ ਵੈਕਸੀਨ ਬਣਾ ਰਹੀਆਂ ਹਨ, ਉਨ੍ਹਾਂ ਵਿਚੋਂ ਕੋਈ ਵੀ ਅਜੇ ਤੱਕ ਘੱਟ ਤੋਂ ਘੱਟ 50 ਫ਼ੀਸਦੀ ਦੇ ਪੱਧਰ 'ਤੇ ਖ਼ਰੀਆਂ ਨਹੀਂ ਉਤਰੀ ਹੈ।

ਉਥੇ ਹੀ ਦੂਜੇ ਪਾਸੇ ਅਮਰੀਕੀ ਸੰਸਥਾ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀ. ਡੀ. ਸੀ.) ਨੇ ਜਨ-ਸਿਹਤ ਨਾਲ ਜੁੜੀਆਂ ਏਜੰਸੀਆਂ ਨੂੰ ਦੱਸਿਆ ਹੈ ਕਿ ਉਹ ਅਕਤੂਬਰ ਜਾਂ ਨਵੰਬਰ ਤੱਕ 2 ਵੈਕਸੀਨ ਤਿਆਰ ਕਰ ਸਕਦਾ ਹੈ। ਪਿਛਲੇ ਹਫ਼ਤੇ ਸੀ. ਡੀ. ਸੀ. ਵੱਲੋਂ ਜਨ-ਸਿਹਤ ਨਾਲ ਜੁੜੀਆਂ ਸੰਸਥਾਵਾਂ ਨੂੰ ਭੇਜੇ ਗਏ ਦਸਤਾਵੇਜ਼ਾਂ ਵਿਚ ਵੈਕਸੀਨ ਨੂੰ 'ਏ' ਅਤੇ 'ਬੀ' ਨਾਂ ਦਿੱਤਾ ਗਿਆ ਹੈ। ਇਸ ਵਿਚ ਵੈਕਸੀਨ ਨਾਲ ਜੁੜੀਆਂ ਜ਼ਰੂਰੀ ਜਾਣਕਾਰੀਆਂ ਸ਼ਾਮਲ ਹਨ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਦੇ ਮੁਖੀ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਸੁਰੱਖਿਅਤ ਅਤੇ ਪ੍ਰਭਾਵੀ ਸਾਬਿਤ ਹੋਣ ਤੋਂ ਪਹਿਲਾਂ ਕਿਸੇ ਵੀ ਕੋਵਿਡ-19 ਟੀਕੇ ਦੀ ਵਰਤੋਂ ਦੀ ਸਿਫਾਰਿਸ਼ ਨਹੀਂ ਕਰੇਗੀ। ਹਾਲਾਂਕਿ, ਚੀਨ ਅਤੇ ਰੂਸ ਨੇ ਵਿਆਪਕ ਵਰਤੋਂ ਦੀ ਸਮਾਪਤੀ ਹੋਣ ਤੋਂ ਪਹਿਲਾਂ ਹੀ ਆਪਣੇ ਟੀਕੇ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਡਬਲਯੂ.ਐੱਚ.ਓ. ਦੇ ਮੁਖੀ ਟੇਡਰਸ ਅਦਾਨੋਮ ਗੈਬਰੇਯਸਸ ਨੇ ਸ਼ੁੱਕਰਵਾਰ ਨੂੰ ਪ੍ਰੈਸ ਵਾਰਤਾ ਵਿਚ ਕਿਹਾ ਕਿ ਟੀਕਿਆਂ ਦੀ ਵਰਤੋਂ ਦਹਾਕਿਆਂ ਤੋਂ ਸਫ਼ਲਤਾਪੂਰਵਕ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਚੇਚਕ ਅਤੇ ਪੋਲੀਓ ਦੇ ਖ਼ਾਤਮੇ ਵਿਚ ਇਨ੍ਹਾਂ ਦੇ ਯੋਗਦਾਨ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਮੈਂ ਜਨਤਾ ਨੂੰ ਆਸਵੰਦ ਕਰਨਾ ਚਾਹਾਂਗਾ ਕਿ ਡਬਲਯੂ.ਐੱਚ.ਓ. ਇਕ ਅਜਿਹੇ ਟੀਕੇ ਦੀ ਹਮਾਇਤ ਨਹੀਂ ਕਰੇਗਾ, ਜੋ ਪ੍ਰਭਾਵੀ ਅਤੇ ਸੁਰੱਖਿਅਤ ਨਹੀਂ ਹੈ।

## ਫਾਈਜ਼ਰ ਤੇ ਬਾਇਓਐਨਟੇਕ ਵੱਲੋਂ ਕੋਰੋਨਾ ਵੈਕਸੀਨ ਦੇ ਟ੍ਰਾਇਲ ਦਾ ਦਾਇਰਾ ਵਧਾਉਣ ਦਾ ਐਲਾਨ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਦਵਾਈ ਨਿਰਮਾਤਾ ਕੰਪਨੀ ਫਾਈਜ਼ਰ ਅਤੇ ਜਰਮਨੀ ਦੀ ਬਾਇਓਟੈਕ ਫਰਮ ਬਾਇਓਐਨਟੇਕ ਨੇ ਤੀਜੇ ਪੜਾਅ ਦੇ ਕੋਵਿਡ ਵੈਕਸੀਨ ਪ੍ਰੀਖਣ ਦਾ ਦਾਇਰਾ ਵਧਾਉਣ ਦਾ ਐਲਾਨ ਕੀਤਾ ਹੈ। ਦੋਹਾਂ ਕੰਪਨੀਆਂ ਨੇ ਕਿਹਾ ਹੈ ਕਿ ਤੀਜੇ ਪੜਾਅ ਦੇ ਅਧੀਨ 44,000 ਮੁਕਾਬਲੇਬਾਜ਼ਾਂ 'ਤੇ ਵੈਕਸੀਨ ਦਾ ਪ੍ਰੀਖਣ ਕੀਤਾ ਜਾਵੇਗਾ। ਪਹਿਲਾਂ ਇਹ ਪ੍ਰੀਖਣ 30,000 ਲੋਕਾਂ 'ਤੇ ਕੀਤਾ ਜਾਣਾ ਸੀ। ਵੈਕਸੀਨ ਦੇ ਪ੍ਰਭਾਵ 'ਤੇ ਅੰਤਿਮ ਨਤੀਜੇ ਅਕਤੂਬਰ ਦੇ ਆਖਿਰ ਤੱਕ ਆਉਣ ਦੀ ਉਮੀਦ ਹੈ।

# ਦਿੱਲੀ ਹਵਾਈ ਅੱਡੇ 'ਤੇ ਕੋਵਿਡ-19 ਜਾਂਚ ਸਹੂਲਤ ਦੀ ਸ਼ੁਰੂਆਤ

- **ਹੁਣ ਅੰਤਰਰਾਸ਼ਟਰੀ ਯਾਤਰੀ ਦਿੱਲੀ ਹਵਾਈ ਅੱਡੇ 'ਤੇ ਕਰਵਾ ਸਕਣਗੇ ਜਾਂਚ**
- **ਜਾਂਚ ਲਈ ਦੇਣੇ ਹੋਣਗੇ 5 ਹਜ਼ਾਰ ਰੁਪਏ, 6 ਘੰਟਿਆਂ ਅੰਦਰ ਮਿਲੇਗੀ ਰਿਪੋਰਟ**



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਵਾਈ ਅੱਡੇ 'ਤੇ ਸ਼ਨੀਵਾਰ ਨੂੰ ਆਵਾਜਾਈ 'ਤੇ ਕੋਵਿਡ-19 ਜਾਂਚ ਸਹੂਲਤ ਦੀ ਸ਼ੁਰੂਆਤ ਕੀਤੀ ਗਈ, ਜਿਸ ਦੇ ਅਧੀਨ ਅੰਤਰਰਾਸ਼ਟਰੀ ਯਾਤਰੀਆਂ ਲਈ 7 ਦਿਨ ਦਾ ਕੁਆਰੰਟੀਨ ਜ਼ਰੂਰੀ ਨਹੀਂ ਹੋਵੇਗਾ, ਕਿਉਂਕਿ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਏਅਰਪੋਰਟ 'ਤੇ ਹੀ ਵਿਦੇਸ਼ ਤੋਂ ਆਉਣ ਵਾਲੇ ਯਾਤਰੀਆਂ ਦਾ ਕੋਰੋਨਾ ਦਾ ਆਰ.ਟੀ.-ਪੀ.ਸੀ.ਆਰ. ਟੈਸਟ ਕਰਵਾਇਆ ਜਾਵੇਗਾ। ਇਸ ਲਈ ਹੁਣ ਕੇਂਦਰੀ ਨਾਗਰਿਕ ਹਵਾਬਾਜ਼ੀ ਮੰਤਰਾਲੇ ਨੇ ਏਅਰਪੋਰਟ 'ਤੇ ਹੀ ਲੈਬ ਅਤੇ ਟੈਸਟਿੰਗ ਦਾ ਇੰਤਜ਼ਾਮ ਕਰ ਦਿੱਤਾ ਹੈ।

ਉੱਥੇ ਹੀ ਅੰਤਰਰਾਸ਼ਟਰੀ ਯਾਤਰੀਆਂ ਨੂੰ ਆਰ.ਟੀ.-ਪੀ.ਸੀ.ਆਰ. ਜਾਂਚ ਲਈ 5 ਹਜ਼ਾਰ ਰੁਪਏ ਦੇਣੇ ਹੋਣਗੇ। ਹਵਾਈ ਅੱਡੇ ਦਾ ਸੰਚਾਲਨ ਕਰਨ ਵਾਲੀ ਡੀ.ਆਈ.ਏ.ਐੱਲ. ਦੇ ਸੀਨੀਅਰ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਨਾਗਰਿਕ ਹਵਾਬਾਜ਼ੀ ਮੰਤਰਾਲੇ ਨੇ 2 ਸਤੰਬਰ ਨੂੰ ਕਿਹਾ ਸੀ ਕਿ ਕੌਮਾਂਤਰੀ ਯਾਤਰੀਆਂ, ਜਿਨ੍ਹਾਂ ਨੂੰ ਭਾਰਤ 'ਚ ਉਤਰਨ ਤੋਂ ਬਾਅਦ ਘਰੇਲੂ ਉਡਾਣਾਂ ਚਾਹੀਦੀਆਂ ਹਨ, ਉਨ੍ਹਾਂ ਕੋਲ ਹਵਾਈ ਅੱਡੇ 'ਤੇ ਕੋਵਿਡ-19 ਦੇ ਲਈ ਖ਼ੁਦ ਦੀ ਜਾਂਚ ਕਰਵਾਉਣ ਦਾ ਬਦਲ ਹੋਵੇਗਾ। ਦਿੱਲੀ ਕੌਮਾਂਤਰੀ ਹਵਾਈ ਅੱਡਾ ਲਿਮਟਿਡ (ਡੀ.ਆਈ.ਏ.ਐੱਲ.) ਦੇ ਇਕ ਅਧਿਕਾਰੀ ਨੇ ਦੱਸਿਆ, "ਹਵਾਈ ਅੱਡੇ 'ਤੇ ਕੋਵਿਡ-19 ਜਾਂਚ ਲਈ 2400 ਰੁਪਏ ਖਰਚ ਹੋਣਗੇ।

# 45 ਫੀਸਦੀ ਕੈਨੇਡੀਅਨ ਕਾਮੇ ਘਰੋਂ ਹੀ ਕੰਮ ਕਰਨ ਦੇ ਇੱਛੁਕ!



**ਵੈਨਕੂਵਰ, (ਪੰਜਾਬ ਮੇਲ)-** ਕੋਰੋਨਾਵਾਇਰਸ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਘਰੋਂ ਕੰਮ ਕਰਨ ਦੀ ਸੁਵਿਧਾ ਦਿੱਤੀ ਗਈ, ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ ਹੈ। ਏ.ਡੀ.ਪੀ. ਕੈਨੇਡਾ ਤੇ ਮਾਰੂ ਬਲੂ ਵੱਲੋਂ ਇਕ ਅਧਿਐਨ ਕੀਤਾ ਗਿਆ, ਜਿਸ ਵਿਚ ਪਤਾ ਲੱਗਾ ਹੈ ਕਿ ਲਗਭਗ 45 ਫੀਸਦੀ ਕਾਮੇ ਘਰੋਂ ਹੀ ਕੰਮ ਕਰਨ ਦੇ ਇੱਛੁਕ ਹਨ। ਉਹ ਅਜੇ ਅਗਲੇ 3-4 ਹੋਰ ਹਫਤੇ ਘਰੋਂ ਹੀ ਕੰਮ ਕਰਨਾ ਚਾਹੁੰਦੇ ਹਨ, ਤਾਂ ਕਿ ਉਹ ਸੁਰੱਖਿਅਤ ਰਹਿਣ।

ਭਾਰਤ ਵਰਗੇ ਦੇਸ਼ 'ਚ ਬਹੁਤ ਸਾਰੀਆਂ ਫਰਮਾਂ ਘਰੋਂ ਕੰਮ ਕਰਨ ਵਾਲਿਆਂ ਕੋਲੋਂ ਵਾਧੂ ਸਮਾਂ ਕੰਮ ਕਰਵਾਉਂਦੀਆਂ ਹਨ ਤੇ ਬੋਝ ਵਧਾ ਰਹੀਆਂ ਹਨ ਪਰ ਅਜਿਹਾ ਕੈਨੇਡਾ 'ਚ ਨਹੀਂ ਹੈ। ਸੋਧਕਾਰ ਹੀਥਰ ਹਾਸਲਾਮ ਦਾ ਕਹਿਣਾ ਹੈ ਕਿ 35 ਸਾਲ ਤੋਂ ਵੱਧ ਉਮਰ ਦੇ ਲੋਕ ਘਰੋਂ ਕੰਮ ਕਰਨਾ ਪਸੰਦ ਕਰ ਰਹੇ ਹਨ।

ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਉਹ ਘਰੋਂ ਵਧੇਰੇ ਸ਼ਾਂਤੀ ਵਿਚ ਕੰਮ ਕਰਦੇ ਹਨ ਤੇ ਉਨ੍ਹਾਂ ਦੇ ਕੰਮ ਕਰਨ ਦੀ ਸਮਰੱਥਾ ਵੀ ਵਧੀ ਹੈ। ਇਸ ਦੇ ਨਾਲ ਹੀ ਦਫ਼ਤਰ ਜਾਣ ਲਈ ਤਿਆਰ ਹੋਣ ਦੀ ਜ਼ਰੂਰਤ ਨਹੀਂ ਤੇ ਆਵਾਜਾਈ ਦਾ ਸਮਾਂ ਵੀ ਬਚਦਾ ਹੈ। ਹਾਲਾਂਕਿ ਅੱਧੇ ਲੋਕਾਂ ਨੇ ਦੱਸਿਆ ਕਿ ਉਹ ਕੰਮਾਂ 'ਤੇ ਵਾਪਸ ਚਲੇ ਗਏ ਹਨ ਤੇ 18 ਤੋਂ 24 ਸਾਲ ਦੇ ਲੋਕਾਂ ਨੂੰ ਵਰਕਪਲੇਸ ਜਾਂ ਦਫਤਰਾਂ ਵਿਚ ਜਾ ਕੇ ਹੀ ਕੰਮ ਕਰਨਾ ਵਧੇਰੇ ਚੰਗਾ ਲੱਗਦਾ ਹੈ। ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਦੇ ਲੋਕ ਪਹਿਲਾਂ ਵਾਂਗ ਹੀ ਕੰਮ ਕਰਨ ਨੂੰ ਤਵੱਜੋ ਦਿੰਦੇ ਹਨ। ਹਾਲਾਂਕਿ ਵੱਡੀ ਗਿਣਤੀ 'ਚ ਲੋਕਾਂ ਦੀ ਮੰਗ ਹੈ ਕਿ ਕੰਮ ਵਿਚ ਲਚਕ ਹੋਣੀ ਚਾਹੀਦੀ ਹੈ।

# ਕੋਰੋਨਾ ਚੀਨ ਵਲੋਂ ਮਨੁੱਖ ਦੁਆਰਾ ਤਿਆਰ ਕੀਤਾ ਵਾਇਰਸ : ਚੀਨੀ ਵਿਗਿਆਨੀ

**ਵਾਸ਼ਿੰਗਟਨ, (ਪੰਜਾਬ ਮੇਲ)-** ਚੀਨ 'ਤੇ ਕਰੋਨਾਵਾਇਰਸ ਪੈਦਾ ਕਰਨ ਨੂੰ ਲੈ ਕੇ ਲਗਾਤਾਰ ਸਵਾਲ ਉਠ ਰਹੇ ਹਨ। ਅਮਰੀਕਾ ਤੋਂ ਲੈ ਕੇ ਯੂਰਪ ਦੇ ਕਈ ਦੇਸ਼ ਇਸ ਖਤਰਨਾਕ ਵਾਇਰਸ ਨੂੰ ਪੈਦਾ ਕਰਨ ਦੇ ਲਈ ਚੀਨ ਨੂੰ ਜ਼ਿੰਮੇਵਾਰ ਦੱਸ ਰਹੇ ਹਨ। ਇਸੇ ਕ੍ਰਮ ਵਿਚ ਹੁਣ ਖੁਦ ਚੀਨ ਦੀ ਮਹਿਲਾ ਵੀਰੋਲੌਜਿਸਟ ਜੋ ਕਿ ਚੀਨ ਸਰਕਾਰ ਦੀ ਧਮਕੀ ਤੋਂ ਬਾਅਦ ਅਮਰੀਕਾ ਵਿਚ ਆ ਕੇ ਰਹਿ ਰਹੀ ਹੈ, ਨੇ ਕੋਰੋਨਾਵਾਇਰਸ ਮਨੁੱਖੀ ਦੁਆਰਾ ਤਿਆਰ ਹੋਣ ਦਾ ਦਾਅਵਾ ਕੀਤਾ ਹੈ।

ਵੀਰੋਲੌਜਿਸਟ ਲਿ ਮੇਂਗ ਯਾਨ ਨੇ ਕਿਹਾ ਕਿ ਉਨ੍ਹਾਂ ਦੇ ਕੋਲ ਕੋਰੋਨਾਵਾਇਰਸ ਨੂੰ ਮਨੁੱਖ ਦੁਆਰਾ ਤਿਆਰ ਕੀਤਾ ਸਾਬਤ ਕਰਨ ਦੇ ਲਈ ਪੁਖਤਾ ਸਬੂਤ ਹਨ ਜਿਸ ਨੂੰ ਉਹ ਜਲਦ ਪੇਸ਼ ਕਰੇਗੀ। ਉਨ੍ਹਾਂ ਨੇ



ਚੀਨ ਸਰਕਾਰ 'ਤੇ ਗੰਭੀਰ ਦੋਸ਼ ਲਾਉਂਦੇ ਹੋਏ ਕਿਹਾ ਕਿ ਇਸ ਵਾਇਰਸ ਨੂੰ ਲੈ ਕੇ ਚੀਨ ਬਹੁਤ ਕੁਝ ਲੁਕਾ ਰਿਹਾ ਹੈ। ਮੈਂ ਦਾਅਵੇ ਦੇ ਨਾਲ ਕਹਿ ਸਕਦੀ ਹਾਂ ਕਿ ਇਹ ਇੱਕ ਚੀਨ ਵਲੋਂ ਮਨੁੱਖ ਦੁਆਰਾ ਤਿਆਰ ਕੀਤਾ ਵਾਇਰਸ ਹੈ। ਮੇਰੇ ਕੋਲ ਇਸ ਦੇ ਸਬੂਤ ਹਨ ਅਤੇ ਮੈਂ ਇਹ ਸਾਬਤ ਕਰ ਦੇਵਾਂਗੀ।

## ਕਰੋਨਾ ਦੇ ਕੇਂਦਰ ਰਹੇ ਚੀਨ ਦੇ ਵੁਹਾਨ ਸ਼ਹਿਰ 'ਚ ਘਰੇਲੂ ਹਵਾਈ ਯਾਤਰਾ ਆਮ ਵਾਂਗ ਹੋਈ

**ਪੇਇਚਿੰਗ, (ਪੰਜਾਬ ਮੇਲ)-** ਕਰੋਨਾ ਦਾ ਕੇਂਦਰ ਰਹੇ ਚੀਨ ਦੇ ਵੁਹਾਨ ਸ਼ਹਿਰ ਵਿਚ ਘਰੇਲੂ ਹਵਾਈ ਯਾਤਰਾ ਆਮ ਵਾਂਗ ਹੋ ਗਈ ਹੈ। ਕੋਰੋਨਾਵਾਇਰਸ ਦਾ ਸਭ ਤੋਂ ਪਹਿਲਾਂ ਪਤਾ ਪਿਛਲੇ ਸਾਲ ਦੇ ਅੰਤ 'ਚ ਵੁਹਾਨ 'ਚ ਲੱਗਿਆ ਸੀ ਤੇ ਇਹ ਸ਼ਹਿਰ ਦੁਨੀਆਂ ਭਰ ਵਿਚ 'ਬਦਨਾਮ' ਹੋ ਗਿਆ ਸੀ। ਕਰੋਨਾ ਕਾਰਨ ਇਥੋਂ 76 ਦਿਨਾਂ ਤੱਕ ਹਵਾਈ ਉਡਾਣਾ ਬੰਦ ਰਹੀਆਂ। ਹਵਾਈ ਅਧਿਕਾਰੀਆਂ ਮੁਤਾਬਕ ਇਥੋਂ ਸ਼ੁੱਕਰਵਾਰ ਨੂੰ 500 ਘਰੇਲੂ ਉਡਾਣਾਂ ਰਹੀਂ 64700 ਯਾਤਰੀ ਸ਼ਹਿਰ ਤੋਂ ਬਾਹਰ ਗਏ।

# ਕੈਨੇਡਾ 'ਚ ਸਭ ਤੋਂ ਕਰੋਨਾ ਦਾ ਮਾੜਾ ਦੌਰ ਆਉਣਾ ਅਜੇ ਬਾਕੀ; ਕੋਵਿਡ ਸੰਬੰਧੀ ਸਰਵੇ 'ਚ ਹੋਇਆ ਖੁਲਾਸਾ

**ਵੈਨਕੂਵਰ, (ਪੰਜਾਬ ਮੇਲ)-** ਅੱਧ ਤੋਂ ਵੱਧ ਬੀ.ਸੀ. ਵਾਸੀਆਂ ਦਾ ਕੋਰੋਨਾਵਾਇਰਸ ਨੂੰ ਲੈ ਕੇ ਮੰਨਣਾ ਹੈ ਕਿ ਦੇਸ਼ ਵਿਚ ਸਭ ਤੋਂ ਮਾੜਾ ਦੌਰ ਆਉਣਾ ਅਜੇ ਬਾਕੀ ਹੈ। ਇਸ ਗੱਲ ਦਾ ਖੁਲਾਸਾ ਕੋਵਿਡ-19 ਨੂੰ ਲੈ ਕੇ ਕੀਤੀ ਗਈ ਇਹ ਪੋਲ ਵਿਚ ਕੀਤਾ ਗਿਆ ਹੈ।

ਇਹ ਪੋਲ 'ਰਿਸਰਚ ਕਾਰਪੋਰੇਸ਼ਨ' ਵੱਲੋਂ 21 ਪੁਆਇੰਟਾਂ 'ਤੇ ਕਰਵਾਈ ਗਈ ਸੀ ਤੇ ਇਸ ਦੌਰਾਨ 61 ਫੀਸਦੀ ਲੋਕਾਂ ਨੇ ਮੰਨਿਆ ਕਿ ਕੋਰੋਨਾ ਦਾ ਸਭ ਤੋਂ ਮਾੜਾ ਦੌਰ ਆਉਣਾ ਅਜੇ ਬਾਕੀ ਹੈ। ਇਸੇ ਤਰ੍ਹਾਂ ਦਾ ਸਰਵੇ ਜੂਨ ਮਹੀਨੇ ਵੀ ਕਰਵਾਇਆ ਗਿਆ ਸੀ। ਇਹ ਤਾਜ਼ਾ ਸਰਵੇ ਨੈਸ਼ਨਲ ਐਵਰੇਜ ਤੋਂ ਵਧੇਰੇ ਗਿਣਤੀ ਦਿਖਾ ਰਿਹਾ ਹੈ, ਜਿਥੇ ਇਹ 46 ਫੀਸਦੀ ਸੀ। ਜਦੋਂ ਪਹਿਲਾ ਸਰਵੇਖਣ 26 ਤੋਂ 28 ਜੂਨ ਵਿਚਾਲੇ ਕੀਤਾ ਗਿਆ ਸੀ, ਤਾਂ ਬੀ.ਸੀ. ਵਿਚ ਤਿੰਨ ਦਿਨਾਂ ਵਿਚ ਰੋਜ਼ਾਨਾ ਔਸਤਨ 11 ਕੋਵਿਡ-19 ਕੇਸ ਰਿਪੋਰਟ ਕੀਤੇ ਗਏ ਸਨ। ਹਾਲਾਂਕਿ, ਜਦੋਂ ਸਭ ਤੋਂ ਤਾਜ਼ਾ ਸਰਵੇ ਕੀਤਾ ਗਿਆ ਤਾਂ 30 ਅਗਸਤ ਤੇ 1 ਸਤੰਬਰ ਵਿਚਾਲੇ ਬੀ. ਸੀ. ਵਿਚ ਰੋਜ਼ਾਨਾ ਔਸਤਨ 89 ਮਾਮਲੇ ਦਰਜ ਕੀਤੇ ਗਏ। ਹਾਲਾਂਕਿ ਇਹ ਦ੍ਰਿਸ਼ਟੀਕੋਣ ਨਿਰਾਸ਼ਾ ਭਰਿਆ ਹੈ। ਇਸ ਦੇ ਨਾਲ ਹੀ 90 ਫੀਸਦੀ ਕੈਨੇਡੀਅਨ ਅਮਰੀਕਾ-ਕੈਨੇਡਾ ਦੀ ਸਰਹੱਦ ਨੂੰ ਗੈਰ-ਜ਼ਰੂਰੀ ਯਾਤਰਾ ਲਈ ਬੰਦ ਰੱਖਣ ਤੇ ਇਸ ਰਾਹੀਂ ਕੈਨੇਡਾ ਆਉਣ ਵਾਲੇ ਸਾਰੇ ਯਾਤਰੀਆਂ ਨੂੰ ਦੋ ਹਫਤਿਆਂ ਲਈ ਇਕਾਂਤਵਾਸ ਵਿਚ ਰੱਖਣ 'ਤੇ ਸਹਿਮਤ ਹਨ। ਗਾਹਕਾਂ ਤੇ ਦੇਸ਼ ਦੇ ਅੰਦਰ ਸਾਰਿਆਂ ਲਈ ਮਾਸਕ ਲਾਜ਼ਮੀ ਕਰਨ 'ਤੇ ਲੋਕਾਂ ਨੇ ਵੱਡੀ ਗਿਣਤੀ ਵਿਚ ਸਹਿਮਤੀ ਜਤਾਈ ਹੈ। ਪੂਰੇ ਕੈਨੇਡਾ 'ਚ 85 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਹ ਅਭਿਆਸ ਦੇ ਹੱਕ ਵਿਚ ਹਨ, ਭਾਵੇਂ ਕੈਨੇਡਾ ਵਿਚ ਕੋਰੋਨਾ ਮਾਮਲੇ ਹੋਰਾਂ ਦੇਸ਼ਾਂ ਮੁਕਾਬਲੇ ਹੌਲੀ ਰਫਤਾਰ ਵਿਚ ਵਧ ਰਹੇ ਹਨ।

# ਭਾਰਤ ਬਾਇਓਟੇਕ ਦੀ 'ਕੋਵੈਕਸੀਨ' ਦਾ ਜਾਨਵਰਾਂ 'ਤੇ ਕੀਤਾ ਪ੍ਰੀਖਣ ਸਫ਼ਲ




**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਬਾਇਓਟੇਕ ਨੇ ਆਪਣੀ ਕੋਰੋਨਾ ਵੈਕਸੀਨ 'ਕੋਵੈਕਸੀਨ' ਦਾ ਬਾਂਦਰਾ 'ਤੇ ਕੀਤੇ ਗਏ ਪ੍ਰੀਖਣ ਨੂੰ ਸਫ਼ਲ ਦੱਸਦੇ ਹੋਏ ਕਿਹਾ ਹੈ ਕਿ ਇਸ ਨਾਲ ਬਾਂਦਰਾ ਦੇ ਸਰੀਰ 'ਚ ਵਾਇਰਸ ਵਿਰੁੱਧ ਐਂਟੀਬਾਡੀਜ਼ ਬਣੀਆਂ ਹਨ। ਭਾਰਤ ਬਾਇਓਟੇਕ ਨੇ ਦੱਸਿਆ ਕਿ ਉਸ ਨੇ ਮਕਾਊ ਪ੍ਰਜਾਤੀ ਦੇ 20 ਬਾਂਦਰਾਂ 'ਤੇ ਕੋਵੈਕਸੀਨ ਦਾ ਪ੍ਰੀਖਣ ਕੀਤਾ ਸੀ। ਬਾਂਦਰਾ ਨੂੰ ਚਾਰ ਵੱਖ-ਵੱਖ ਸਮੂਹ 'ਚ ਵੰਡ ਕੇ ਇਕ ਸਮੂਹ ਨੂੰ ਪਲੇਸਿਬੋ ਅਤੇ ਤਿੰਨ ਸਮੂਹਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਤਿੰਨ ਵੈਕਸੀਨ ਦਿੱਤੀਆਂ ਗਈਆਂ।

ਵੈਕਸੀਨ ਦਾ ਪਹਿਲਾ ਡੋਜ਼ ਦੇਣ ਦੇ 14ਵੇਂ ਦਿਨ ਦੂਜਾ ਡੋਜ਼ ਦਿੱਤਾ ਗਿਆ। ਦੂਜਾ ਡੋਜ਼ ਦੇਣ ਦੇ 14 ਦਿਨਾਂ ਬਾਅਦ ਸਾਰੇ ਬਾਂਦਰ ਕੋਰੋਨਾਵਾਇਰਸ ਪੀੜਤ ਹੋਏ। ਜਿਨ੍ਹਾਂ ਬਾਂਦਰਾਂ ਨੂੰ ਵੈਕਸੀਨ ਦਿੱਤੀ ਗਈ, ਉਨ੍ਹਾਂ 'ਚ ਨਿਮੋਨੀਆ ਦੇ ਲੱਛਣ ਨਹੀਂ ਪਾਏ ਗਏ, ਜਦੋਂ ਕਿ ਪਲੇਸਿਓ ਦਿੱਤੇ ਜਾਣ ਵਾਲੇ ਸਮੂਹ ਦੇ ਬਾਂਦਰਾਂ 'ਚ ਨਿਮੋਨੀਆ ਦੇ ਲੱਛਣ ਪਾਏ ਗਏ। ਪ੍ਰੀਖਣ 'ਚ ਪਾਇਆ ਗਿਆ ਕਿ ਬਾਂਦਰਾ 'ਚ ਕੋਵਿਡ-19 ਵਿਰੁੱਧ ਐਂਟੀਬਾਡੀਜ਼ ਬਣੀ ਹੈ ਅਤੇ ਉਨ੍ਹਾਂ ਦੀ ਨੱਕ ਅਤੇ ਫੇਫੜਿਆਂ 'ਚ ਵਾਇਰਸ ਦਾ ਪ੍ਰਸਾਰ ਘੱਟ ਗਿਆ ਹੈ। ਕਿਸੇ ਵੀ ਬਾਂਦਰ 'ਚ ਵੈਕਸੀਨ ਦਾ ਕੋਈ ਗਲਤ ਪ੍ਰਭਾਵ ਨਹੀਂ ਦੇਖਿਆ ਗਿਆ। ਭਾਰਤ ਬਾਇਓਟੇਕ ਇਹ ਵੈਕਸੀਨ ਭਾਰਤੀ ਮੈਡੀਕਲ ਖੋਜ ਕੌਂਸਲ ਨਾਲ ਮਿਲ ਕੇ ਵਿਕਸਿਤ ਕਰ ਰਹੀ ਹੈ। ਕੋਵੈਕਸੀਨ ਦਾ ਦੂਜੇ ਪੜਾਅ ਦਾ ਮਨੁੱਖੀ ਪ੍ਰੀਖਣ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਚੱਲ ਰਿਹਾ ਹੈ।

BAGGA JEWELERS ®
SINCE 1996



"Every Piece of Jewelery tells a story"
NEW WEDDING COLLECTON AVAILABLE NOW
• Signature Collections as exclusive as you • Custom handcrafted jewellery
• Hallmark Certified 22 K Gold Jewellery • Deals in Gold BUY-Sell-Trade
6930 65th Street #115 Sacramento CA 95823
SANDEEP JONY BAGGA
916-912-8842, 916-329-8772

# ਸੱਤਾ 'ਤੇ ਕਾਬਜ਼ ਹੋਣ ਲਈ ਚੋਣਾਂ ਮੌਕੇ ਸਿਆਸੀ ਦਲਾਂ ਵੱਲੋਂ ਕਰੋੜਾਂ 'ਚ ਹੁੰਦੇ ਨੇ ਖਰਚੇ!

## 2019 ਦੀਆਂ ਲੋਕ ਸਭਾ ਚੋਣਾਂ ਦੇ 6 ਹਫ਼ਤਿਆਂ 'ਚ ਖਰਚ ਹੋਏ ਲਗਭਗ 55000 ਕਰੋੜ

**ਜਲੰਧਰ, (ਪੰਜਾਬ ਮੇਲ)-** ਚੋਣਾਂ ਦੌਰਾਨ ਹੋਣ ਵਾਲਾ ਸਿਆਸੀ ਪਾਰਟੀਆਂ ਵੱਲੋਂ ਕੀਤਾ ਜਾਣ ਵਾਲਾ ਖਰਚਾ ਉਸ ਮੌਕੇ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਹਰ ਪਾਰਟੀ ਦਾ ਨੁਮਾਇੰਦਾ ਸੱਤਾ 'ਤੇ ਕਾਬਜ਼ ਹੋਣ ਲਈ ਵੱਧ ਤੋਂ ਵੱਧ ਪੈਸਾ ਖਰਚ ਕਰਕੇ ਆਪਣਾ ਦਬਦਬਾ ਕਾਇਮ ਕਰਦਾ ਹੈ। ਪਿੰਡ ਦੀ ਸਰਪੰਚੀ ਤੋਂ ਲੈ ਕੇ ਦੇਸ਼ ਦੀਆਂ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਤੱਕ ਅਰਬਾਂ ਖਰਬਾਂ ਰੁਪਏ ਖਰਚ ਹੁੰਦੇ ਹਨ। ਅੰਕੜਿਆਂ ਨਾਲ ਗੱਲ ਕਰੀਏ ਤਾਂ ਸਾਲ 2019 ਦੀਆਂ ਲੋਕ ਸਭਾ ਚੋਣਾਂ ਦੇ ਛੇ ਹ.ਫ਼ਤਿਆਂ 'ਚ ਲੱਗਭਗ 55000 ਕਰੋੜ ਰੁਪਏ ਖਰਚ ਹੋਏ ਸਨ।

ਸੈਂਟਰ ਫਾਰ ਮੀਡੀਆ ਸਟੱਡੀਜ ਮੁਤਾਬਕ ਸਾਲ 2014 ਨਾਲੋਂ ਸਾਲ 2019 ਦੀਆਂ ਲੋਕ ਸਭਾ ਚੋਣਾਂ 'ਚ 40 ਫੀਸਦੀ ਵੱਧ ਪੈਸੇ ਖਰਚ ਹੋਏ ਹਨ। ਸਾਲ 2015 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੋਸ਼ਲ ਮੀਡੀਆ ਉੱਪਰ ਹੀ 250 ਕਰੋੜ ਰੁਪਏ ਖ਼ਰਚ ਹੋ ਗਏ ਸਨ, ਜਦਕਿ 2019 'ਚ ਇਹ ਖਰਚਾ ਵੱਧ ਕੇ 500 ਕਰੋੜ ਰੁਪਏ ਤੋਂ ਵੀ ਪਾਰ ਹੋ ਗਿਆ ਸੀ। ਇਸ ਤੋਂ ਇਲਾਵਾ ਇਸ਼ਤਿਹਾਰ, ਰੈਲੀਆਂ ਅਤੇ ਨੇਤਾਵਾਂ ਦੇ ਹੈਲੀਕਾਪਟਰ ਤੇ ਦੂਜੇ ਵਾਹਨਾਂ ਦੇ ਖਰਚੇ ਵੱਖਰੇ ਹਨ।



ਰ ਹਜ਼ਾਰ ਉਮੀਦਵਾਰਾਂ ਨੇ ਦੇਸ਼ ਦੀਆਂ 543 ਲੋਕ ਸਭਾ ਸੀਟਾਂ ਤੋਂ ਚੋਣਾਂ ਲੜੀਆਂ। ਚੋਣਾਂ ਦੌਰਾਨ ਆਗੂਆਂ ਨੇ ਆਪਣਾ ਦਬਦਬਾ ਵਿਖਾਉਣ ਲਈ ਵੱਡੀਆਂ-ਵੱਡੀਆਂ ਰੈਲੀਆਂ ਵੀ ਕੀਤੀਆਂ। ਰੈਲੀਆਂ 'ਚ ਲੋਕਾਂ ਨੂੰ ਲਿਆਉਣ ਅਤੇ ਲਿਜਾਣ ਲਈ ਮੁਫਤ ਵਾਹਨ, ਰੋਟੀ-ਪਾਣੀ ਅਤੇ ਨਕਦੀ ਵੀ ਦਿੱਤੀ ਗਈ। ਅੰਕੜਿਆਂ ਮੁਤਾਬਕ ਹਰੇਕ ਵੋਟਰ 'ਤੇ 700 ਰੁਪਏ ਖਰਚ ਹੋਏ। ਮਤਲਬ ਕਿ ਇੱਕ ਸੰਸਦੀ ਖੇਤਰ 'ਤੇ ਇੱਕ ਅਰਬ ਰੁਪਿਆ ਖਰਚ ਹੋਇਆ ਸੀ। ਅੰਦਾਜ਼ਾ ਇਹ ਵੀ ਹੈ ਕਿ ਜੇਕਰ ਖਰਚੇ ਦੀ ਗਤੀ ਇਹੀ ਰਹੀ ਤਾਂ ਸਾਲ 2024 ਦੀਆਂ ਲੋਕ ਸਭਾ ਚੋਣਾਂ ਦਾ ਖਰਚਾ 1 ਲੱਖ ਕਰੋੜ ਤੱਕ ਪਹੁੰਚ ਜਾਵੇਗਾ।

ਉਂਝ ਇੱਕ ਉਮੀਦਵਾਰ ਦੇ ਚੋਣਾਂ 'ਤੇ ਖਰਚ ਕਰਨ ਦੀ ਹੱਦਬੰਦੀ ਦੀ ਗੱਲ ਕਰੀਏ, ਤਾਂ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਇੱਕ ਉਮੀਦਵਾਰ ਲੋਕ ਸਭਾ ਚੋਣਾਂ 'ਤੇ 54 ਤੋਂ 70 ਲੱਖ ਰੁਪਏ ਤੱਕ ਖਰਚ ਕਰ ਸਕਦਾ ਹੈ। ਹਰ ਸੂਬੇ ਲਈ ਇਹ ਪੈਮਾਨਾ ਵੱਖਰਾ ਹੈ। ਵਿਧਾਨ ਸਭਾ ਚੋਣਾਂ ਚ 20 ਤੋਂ 28 ਲੱਖ ਰੁਪਏ ਤੱਕ ਖਰਚਾ ਕੀਤਾ ਜਾ ਸਕਦਾ ਹੈ। ਹੁਣ ਸਵਾਲ ਇਹ ਵੀ ਹੈ ਕਿ ਚੋਣਾਂ 'ਤੇ ਇੰਨਾ ਖਰਚਾ ਹੁੰਦਾ ਹੈ, ਤਾਂ ਇਹ ਪੈਸਾ ਆਉਂਦਾ ਕਿੱਥੋਂ ਹੈ?

# ਐੱਸ.ਐੱਫ.ਜੇ. ਪੰਜਾਬ 'ਚ ਅੱਤਵਾਦ ਨੂੰ ਮੁੜ ਸੁਰਜੀਤ ਕਰਨ ਲਈ ਕਰ ਰਿਹੈ ਯਤਨ!

**• ਸਿੱਖ ਨੌਜਵਾਨਾਂ ਨੂੰ ਉਕਸਾ ਰਿਹੈ ਐੱਸ.ਐੱਫ.ਜੇ.**

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤ ਸਰਕਾਰ ਨੇ 1 ਜੁਲਾਈ ਨੂੰ ਭਾਰਤ 'ਚ ਅੱਤਵਾਦੀ ਗਤੀਵਿਧੀਆਂ 'ਚ ਸ਼ਾਮਲ ਹੋਣ ਲਈ ਯੂ.ਏ.ਪੀ.ਏ. ਦੇ ਤਹਿਤ ਸੰਯੁਕਤ ਰਾਸ਼ਟਰ ਅਮਰੀਕਾ, ਬ੍ਰਿਟੇਨ, ਪਾਕਿਸਤਾਨ, ਜਰਮਨੀ ਅਤੇ ਕੈਨੇਡਾ ਤੋਂ ਘੱਟ ਤੋਂ ਘੱਟ 9 ਵਿਅਕਤੀਆਂ ਨੂੰ ਅੱਤਵਾਦੀਆਂ ਦੇ ਰੂਪ 'ਚ ਨਾਮਜ਼ਦ ਕੀਤਾ ਸੀ। ਇਸ ਲਿਸਟ 'ਚ ਗੁਰਪਤਵੰਤ ਸਿੰਘ ਪੰਨੂੰ, ਕਾਨੂੰਨੀ ਸਲਾਹਕਾਰ ਅਤੇ ਯੂ.ਐੱਸ.-ਸਿੱਖ ਫਾਰ ਜਸਟਿਸ ਦੇ (ਐੱਸ.ਐੱਫ.ਜੇ.) ਦੇ ਮੁੱਖ ਨਾਇਕਾਂ 'ਚੋਂ ਇਕ ਸਨ।

ਪੰਨੂੰ ਪਾਕਿਸਤਾਨ ਦੇ ਇਸ਼ਾਰੇ 'ਤੇ ਪੰਜਾਬ 'ਚ ਅੱਤਵਾਦ ਨੂੰ ਮੁੜ ਸੁਰਜੀਤ ਕਰਨ ਲਈ ਨਿਰੰਤਰ ਯਤਨ ਕਰ ਰਿਹਾ ਹੈ। ਇਹ ਸੰਗਠਨ ਭਾਰਤੀ ਆਗੂਆਂ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਚੈਨਲਾਂ ਰਾਹੀਂ ਨਾਲ ਗਲਤ ਸੂਚਨਾ ਫੈਲਾ ਰਿਹਾ ਹੈ। ਇਸ ਨੇ ਪੰਜਾਬ ਦੇ ਸਿੱਖ ਨੌਜਵਾਨਾਂ ਨੂੰ ਵਿੱਤੀ ਲਾਭ ਦੇ ਕੇ ਹਿੰਸਾ ਕਰਨ ਲਈ ਉਕਸਾਉਣ ਲਈ ਇਕ ਠੋਸ ਮੁਹਿੰਮ ਵੀ ਚਲਾਈ ਹੈ। ਪੱਛਮੀ ਦੇਸ਼ਾਂ 'ਚ ਸੁਤੰਤਰ ਭਾਸ਼ਣ ਦੇ ਕਾਨੂੰਨਾਂ ਦਾ ਲਾਭ ਚੁੱਕਦੇ ਹੋਏ ਐੱਸ.ਐੱਫ.ਜੇ. ਲਗਾਤਾਰ ਆਪਣੀ ਵੱਖਵਾਦੀ ਮੁਹਿੰਮ 'ਰੈਫਰੈਂਡਮ 2020' ਦਾ ਪ੍ਰਚਾਰ ਕਰਨ ਲਈ ਭਾਰਤ 'ਚ ਸਿੱਖਾਂ 'ਤੇ ਹੋ ਰਹੇ ਜ਼ੁਲਮ ਦਾ ਝੂਠਾ ਪ੍ਰਚਾਰ ਕਰਕੇ ਇਸ ਦਾ ਨਾਜਾਇਜ਼ ਫਾਇਦਾ ਚੁੱਕ ਰਿਹਾ ਹੈ।

# ਨਵੰਬਰ 'ਚ ਆਮ ਲੋਕਾਂ ਨੂੰ ਉਪਲੱਬਧ ਹੋ ਜਾਵੇਗੀ ਕੋਰੋਨਾ ਵੈਕਸੀਨ : ਚੀਨ ਦਾ ਐਲਾਨ

**■ ਕੋਰੋਨਾ ਵੈਕਸੀਨ ਆਖਰੀ ਪੜਾਅ 'ਤੇ; ਇਕ ਲੱਖ ਲੋਕਾਂ 'ਤੇ ਰਿਹਾ ਸਫਲ ਪਰੀਖਣ**

**ਬੀਜਿੰਗ, (ਪੰਜਾਬ ਮੇਲ)-**ਦੁਨੀਆ ਭਰ ਵਿਚ ਵਿਗਿਆਨੀ ਕੋਰੋਨਾ ਵੈਕਸੀਨ ਬਣਾਉਣ ਵਿਚ ਲੱਗੇ ਹੋਏ ਹਨ। ਇਸ ਦੌਰਾਨ ਚੀਨ ਨੇ ਕਿਹਾ ਹੈ ਕਿ ਕੋਰੋਨਾ ਇਨਫੈਕਸ਼ਨ ਤੋਂ ਬਚਣ ਲਈ ਬਣਾਈ ਜਾ ਰਹੀ ਉਸ ਦੀ ਵੈਕਸੀਨ ਆਖਰੀ ਪੜਾਅ ਵਿਚ ਹੈ। ਇਹ ਨਵੰਬਰ ਵਿਚ ਆਮ ਲੋਕਾਂ ਦੇ ਲਈ ਉਪਲਬਧ ਕਰਾ ਦਿੱਤੀ ਜਾਵੇਗੀ। ਚਾਈਨਾ ਸੈਂਟਰ ਫੌਰ ਡਿਜੀਜ਼ ਕੰਟਰੋਲ (ਸੀ.ਡੀ.ਸੀ.) ਨੇ ਇਕ ਬਿਆਨ ਜਾਰੀ ਕਰਕੇ ਸੋਮਵਾਰ ਨੂੰ ਕਿਹਾ ਕਿ ਅਸੀਂ ਸਫਲਤਾ ਦੇ ਬਹੁਤ ਨੇੜੇ ਹਾਂ ਅਤੇ ਨਵੰਬਰ ਦੇ ਸ਼ੁਰੂਆਤੀ ਹਫਤਿਆਂ 'ਚ ਹੀ ਆਮ ਲੋਕਾਂ ਨੂੰ ਕੋਰੋਨਾ ਵੈਕਸੀਨ ਮਿਲਣ ਲੱਗੇਗੀ। ਇਸ ਤੋਂ ਪਹਿਲਾਂ ਖਬਰ ਆਈ ਸੀ ਕਿ ਚੀਨ ਦੀ ਵੈਕਸੀਨ ਇਕ ਲੱਖ ਲੋਕਾਂ 'ਤੇ ਪ੍ਰੀਖਣ ਦੇ ਬਾਅਦ ਵੀ ਸੁਰੱਖਿਅਤ ਸਾਬਤ ਹੋਈ ਹੈ। ਚੀਨ ਨੇ ਦੱਸਿਆ ਹੈ ਕਿ ਉਸ ਦੇ ਇੱਥੇ ਵਿਕਸਿਤ ਕੀਤੀ ਜਾ ਰਹੀਆਂ ਤਿੰਨ ਵੈਕਸੀਨ ਅਜਿਹੀਆਂ ਹਨ, ਜੋ ਕਿ ਆਪਣੇ ਆਖਰੀ ਪੜਾਅ 'ਚ ਹਨ। ਨਾਲ ਹੀ ਇਨ੍ਹਾਂ ਦੀ ਟੈਸਟਿੰਗ ਦੇ ਨਤੀਜੇ ਵੀ ਕਾਫੀ ਪ੍ਰਭਾਵਸ਼ਾਲੀ ਹਨ। ਇਨ੍ਹਾਂ ਤਿੰਨਾਂ ਦਾ ਹੀ ਮੁੱਢਲੀਆਂ ਸਹੂਲਤਾਂ ਨਾਲ ਜੁੜੇ ਲੋਕਾਂ 'ਤੇ ਪ੍ਰੀਖਣ ਕੀਤਾ ਜਾ ਚੁੱਕਾ ਹੈ ਅਤੇ ਇਹ ਸਫਲ ਸਾਬਤ ਹੋਈਆਂ ਹਨ। ਇਨ੍ਹਾਂ ਵੈਕਸੀਨ ਨੂੰ ਫੇਜ਼-3 ਮਨੁੱਖੀ ਟ੍ਰਾਇਲ ਤੋਂ ਪਹਿਲਾਂ ਜੁਲਾਈ ਵਿਚ ਹੀ ਕਈ ਐਸੋਸੀਏਸ਼ਨ ਵਰਕਰਾਂ 'ਤੇ ਅਜਮਾ ਕੇ ਦੇਖਿਆ ਜਾ ਚੁੱਕਾ ਹੈ।

# ਰਾਜ ਸਭਾ ਮੈਂਬਰ ਸੁਖਦੇਵ ਢੀਂਡਸਾ ਦੀ ਕੋਰੋਨਾ ਰਿਪੋਰਟ ਮੁੜ ਪਾਜ਼ੀਟਿਵ ਆਈ

**ਸੰਗਰੂਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ



(ਡੈਮੋਕ੍ਰੇਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਮੈਂਬਰ ਰਾਜ ਸਭਾ ਦੀ ਕੋਰੋਨਾ ਰਿਪੋਰਟ ਮੁੜ ਪਾਜ਼ੀਟਿਵ ਆ ਗਈ ਹੈ ਅਤੇ ਉਹ ਦਿੱਲੀ ਵਿਖੇ ਹੀ ਆਪਣੀ ਰਿਹਾਇਸ਼ ਤੇ ਇਕਾਂਤਵਾਸ ਹਨ। ਢੀਂਡਸਾ ਦੇ ਪੀ.ਏ. ਜਸਵਿੰਦਰ ਸਿੰਘ ਖਾਲਸਾ ਅਤੇ ਮੀਡੀਆ ਸਲਾਹਕਾਰ ਗੁਰਮੀਤ ਸਿੰਘ ਜੌਹਲ ਦੀ ਸਾਂਝੀ ਜਾਣਕਾਰੀ ਅਨੁਸਾਰ ਸੁਖਦੇਵ ਸਿੰਘ ਢੀਂਡਸਾ ਦੀ ਇਸ ਤੋਂ ਪਹਿਲਾਂ 26 ਅਗਸਤ ਨੂੰ ਕੋਰੋਨਾ ਦੀ ਰਿਪੋਰਟ ਪਾਜ਼ੀਟਿਵ ਆਈ ਅਤੇ ਉਹ ਦਿੱਲੀ ਵਿਖੇ ਹੀ ਇਕਾਂਤਵਾਸ ਰਹੇ ਸਨ।

ਸਫਾ 1 ਦਾ ਬਾਕੀ

# ਖੇਤੀ ਆਰਡੀਨੈਂਸ ਦੇ ਵਿਰੋਧ 'ਚ...

20 ਸਤੰਬਰ ਤੱਕ ਚੱਲਣ ਵਾਲੇ ਮੋਰਚੇ ਦੌਰਾਨ ਪਿੰਡ ਬਾਦਲ ਤੋਂ ਪਹਿਲਾਂ ਕਾਲਝਰਾਨੀ 'ਚ ਹਜ਼ਾਰਾਂ ਕਿਸਾਨਾਂ ਨੂੰ ਪੁਲਿਸ ਨੇ ਰੋਕਿਆ, ਜਿੱਥੇ ਅੱਧਾ ਘੰਟਾ ਪੁਲਿਸ ਨਾਲ ਖਿੱਚ-ਧੂਹ ਹੋਈ। ਕੇਸਰੀ ਚੁੰਨੀਆਂ ਲੈ ਕੇ ਪੁੱਜੀਆਂ ਔਰਤਾਂ ਨੇ ਸੰਘਰਸ਼ੀ ਰੰਗ ਤਿੱਖੇ ਕਰ ਦਿੱਤੇ। ਪਿੰਡ ਬਾਦਲ ਅਤੇ ਪਟਿਆਲਾ 'ਚ ਵੱਡੀ ਗਿਣਤੀ ਪੁਲਿਸ ਤਾਇਨਾਤ ਸੀ। ਬੀ.ਕੇ.ਯੂ. (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਮੀਤ ਪ੍ਰਧਾਨ ਜਸਵਿੰਦਰ ਸਿੰਘ ਲੌਂਗੋਵਾਲ, ਰੂਪ ਸਿੰਘ ਛੰਨਾ, ਹਰਿੰਦਰ ਕੌਰ ਬਿੰਦੂ, ਰਾਜਵਿੰਦਰ ਸਿੰਘ ਰਾਮਨਗਰ, ਅਮਰੀਕ ਸਿੰਘ ਗੰਢੂਆਂ ਨੇ ਪਟਿਆਲਾ ਅਤੇ ਬਾਦਲ 'ਚ ਸੰਬੋਧਨ ਕੀਤਾ। ਇਸ ਦੌਰਾਨ ਜੈਕਾਰਿਆਂ ਦੀ ਗੂੰਜ 'ਚ ਖੇਤੀ ਆਰਡੀਨੈਂਸ ਤੇ ਬਿਜਲੀ ਸੋਧ ਬਿੱਲ ਰੱਦ ਕਰਨ ਦੀ ਮੰਗ ਕੀਤੀ ਗਈ। ਇਨ੍ਹਾਂ ਨੂੰ ਕਿਸਾਨਾਂ ਦੀ ਮੌਤ ਦੇ ਵਾਰੰਟ ਦੱਸਿਆ ਗਿਆ। ਝੂਠੇ ਕੇਸ ਮੜ੍ਹ ਕੇ ਜੇਲ੍ਹੀਂ ਡੱਕੇ ਬਜ਼ੁਰਗ ਕਵੀ ਵਰਵਰਾ ਰਾਓ, ਪ੍ਰੋ. ਜੀ.ਐੱਨ. ਸਾਈਂ ਬਾਬਾ ਸਮੇਤ ਸ਼ਾਹੀਨ ਬਾਗ਼ ਤੇ ਜਾਮੀਆ ਯੂਨੀਵਰਸਿਟੀ ਦੇ ਕਾਰਕੁਨਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। ਆਗੂਆਂ ਨੇ ਐਲਾਨ ਕੀਤਾ ਕਿ ਜਿੱਤ ਤਕ ਸੰਘਰਸ਼ ਜਾਰੀ ਰਹੇਗਾ। ਇਸ ਦੌਰਾਨ ਕਿਸਾਨਾਂ ਨੇ ਰਾਜਪੁਰਾ 'ਚ ਦਿੱਲੀ-ਅੰਮ੍ਰਿਤਸਰ ਹਾਈਵੇਅ 'ਤੇ ਧਰਨਾ ਦਿੱਤਾ।







## ਅਮਰੀਕਾ ਬਜਟ ਘਾਟਾ ਰਿਕਾਰਡ 3 ਹਜ਼ਾਰ ਅਰਬ ਡਾਲਰ ਤੱਕ ਪੁੱਜਾ

**ਵਾਸ਼ਿੰਗਟਨ, (ਪੰਜਾਬ ਮੇਲ)-** ਮੌਜੂਦਾ ਬਜਟ ਸਾਲ ਦੇ ਪਹਿਲੇ 11 ਮਹੀਨਿਆਂ 'ਚ ਅਮਰੀਕੀ ਬਜਟ ਘਾਟਾ 3000 ਅਰਬ ਡਾਲਰ ਦੇ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪੁੱਜ ਗਿਆ ਹੈ। ਵਿੱਤ ਵਿਭਾਗ ਨੇ ਦੱਸਿਆ ਕਿ ਅਮਰੀਕੀ ਸਰਕਾਰ ਨੂੰ ਕਰੋਨਾ ਮਹਾਮਾਰੀ ਨਾਲ ਲੜਾਈ ਕਾਰਨ ਵੱਡੀ ਰਾਸ਼ੀ ਖਰਚ ਕਰਨੀ ਪੈ ਰਹੀ ਹੈ, ਜਿਸ ਦਾ ਸਿੱਧਾ ਅਸਰ ਬਜਟ 'ਤੇ ਪੈ ਰਿਹਾ ਹੈ। ਮਹਾਮਾਰੀ ਨੇ ਅਮਰੀਕਾ 'ਚ ਲੱਖਾਂ ਨੌਕਰੀਆਂ ਖਤਮ ਕਰ ਦਿੱਤੀਆਂ। ਮੌਜੂਦਾ ਬਜਟ ਸਾਲ ਦੇ ਅਕਤੂਬਰ ਤੋਂ ਅਗਸਤ ਦੇ 11 ਮਹੀਨਿਆਂ ਦੀ ਮਿਆਦ 'ਚ ਬਜਟ ਘਾਟਾ 3000 ਅਰਬ ਡਾਲਰ ਤੱਕ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ 11 ਮਹੀਨਿਆਂ ਦੀ ਮਿਆਦ 'ਚ ਬਜਟ ਘਾਟੇ ਦਾ ਰਿਕਾਰਡ 2009 'ਚ ਬਣਿਆ ਸੀ ਤੇ ਉਸ ਸਮੇਂ ਬਜਟ ਘਾਟਾ 1370 ਅਰਬ ਡਾਲਰ ਸੀ। ਉਦੋਂ 2008 'ਚ ਕੌਮਾਂਤਰੀ ਵਿੱਤੀ ਮੰਦੀ ਦਾ ਸਾਲ ਸੀ।

# ਕੋਰੋਨਾ ਮਹਾਂਮਾਰੀ ਦੇ ਬਾਵਜੂਦ ਪੰਜਾਬ 'ਚ ਵੱਖ-ਵੱਖ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ

**● ਚੋਣਾਂ ਦੀਆਂ ਤਿਆਰੀਆਂ 'ਚ ਸਿਆਸੀ ਜ਼ਮੀਨ ਤਿਆਰ**

**ਲੁਧਿਆਣਾ, (ਪੰਜਾਬ ਮੇਲ)-** ਕੋਰੋਨਾਵਾਇਰਸ ਕਾਰਨ ਪੂਰੀ ਦੁਨੀਆਂ ਵਿਚ ਜਿੱਥੇ ਵੱਡੀ ਗਿਣਤੀ 'ਚ ਮਨੁੱਖੀ ਜਾਨਾਂ ਚਲੀਆਂ ਗਈਆਂ ਹਨ ਅਤੇ ਵੱਡੀ ਗਿਣਤੀ 'ਚ ਲੋਕ ਇਸ ਤੋਂ ਪੀੜਤ ਹੋ ਗਏ ਹਨ। ਪਰ ਕੋਰੋਨਾ ਮਹਾਂਮਾਰੀ ਦੇ ਬਾਵਜੂਦ ਵੀ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਪੂਰੀ ਤਰ੍ਹਾਂ ਸਰਗਰਮ ਹੋ ਗਈਆਂ ਹਨ। ਚੋਣਾਂ ਦੀਆਂ ਤਿਆਰੀਆਂ 'ਚ ਸਿਆਸੀ ਪਾਰਟੀਆਂ ਆਪਣੀ ਸਿਆਸੀ ਜ਼ਮੀਨ ਤਿਆਰ ਕਰਨ 'ਚ ਲਗਾਤਾਰ ਡਟੀਆਂ ਹੋਈਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸਰਕਾਰ ਦੇ ਸਹਾਰੇ ਲੋਕਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਸਹੂਲਤਾਂ ਦੇਣ ਦੀ ਗੱਲ ਆਖ ਕੇ ਕਾਂਗਰਸ ਪਾਰਟੀ ਦੇ ਹੱਕ 'ਚ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਉੱਥੇ ਵੱਖ-ਵੱਖ ਸਿਆਸੀ ਪਾਰਟੀਆਂ ਸਰਕਾਰੀ ਨੀਤੀਆਂ ਤੇ ਘਪਲਿਆਂ ਦਾ ਵਿਰੋਧ ਕਰਕੇ ਰੋਸ ਪ੍ਰਗਟਾ ਰਹੀਆਂ ਹਨ। ਪੰਜਾਬ ਅੰਦਰ ਇਸ ਸਮੇਂ ਵਿਰੋਧੀ ਧਿਰ ਆਮ ਆਦਮੀ ਪਾਰਟੀ ਵਲੋਂ ਜਿੱਥੇ ਇਕ ਪਾਸੇ ਸਾਧੂ ਸਿੰਘ ਧਰਮਸੋਤ ਨੂੰ ਪੰਜਾਬ ਕੈਬਨਿਟ 'ਚੋਂ ਬਰਖ਼ਾਸਤ ਕਰਨ ਲਈ ਸੂਬੇ ਭਰ 'ਚ ਧਰਨੇ ਦੇਣ ਤੋਂ ਬਾਅਦ ਉਨ੍ਹਾਂ ਦੀ ਨਾਭਾ ਵਿਖੇ ਰਿਹਾਇਸ਼ ਨੇੜੇ ਪੱਕਾ ਧਰਨਾ ਲਗਾਇਆ ਗਿਆ ਹੈ, ਉੱਥੇ ਹੀ 'ਆਪ' ਵਲੋਂ ਪਿੰਡਾਂ, ਸ਼ਹਿਰਾਂ ਤੇ ਕਸਬਿਆਂ 'ਚ ਆਕਸੀਮੀਟਰ ਵੰਡਣ ਦੀ ਮੁਹਿੰਮ ਵਿੱਢੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਵੀ ਵੱਖ-ਵੱਖ ਘਪਲਿਆਂ 'ਚ ਸ਼ਾਮਿਲ ਮੰਤਰੀਆਂ ਨੂੰ ਬਰਖ਼ਾਸਤ ਕਰਨ ਅਤੇ ਬੀਤੇ ਦਿਨੀਂ ਸਾਧੂ ਸਿੰਘ ਧਰਮਸੋਤ ਨੂੰ ਕੈਬਨਿਟ 'ਚੋਂ ਬਾਹਰ ਦਾ ਰਸਤਾ ਦਿਖਾਉਣ ਲਈ ਸੂਬੇ ਭਰ 'ਚ ਰੋਸ ਪ੍ਰਦਰਸ਼ਨ ਕੀਤੇ ਗਏ ਅਤੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਰਿਹਾਇਸ਼ ਦੇ ਬਾਹਰ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ।

## ਟੋਰਾਂਟੋ ਵਿਖੇ ਗੈਰ-ਕਾਨੂੰਨੀ ਢੰਗ ਨਾਲ ਭੰਗ ਬੀਜਣ ਤੇ ਅਮਰੀਕਾ ਪਹੁੰਚਾਉਣ ਦੇ ਦੋਸ਼ਾਂ ਤਹਿਤ 4 ਗ੍ਰਿਫਤਾਰ



**ਓਨਟਾਰੀਓ, (ਪੰਜਾਬ ਮੇਲ)-** ਓਨਟਾਰੀਓ ਪੁਲਿਸ ਤੇ ਆਰ.ਸੀ.ਐੱਮ.ਪੀ. ਵੱਲੋਂ ਚਾਰ ਵਿਅਕਤੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਭੰਗ ਬੀਜਣ ਤੇ ਅਮਰੀਕਾ ਪਹੁਚਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਹੋਏ ਵਿਅਕਤੀਆਂ ਦੀ ਪਛਾਣ ਕਮਲ ਦੀਪ ਬਸਨ (36) ਵਾੱਨ ਤੋਂ, 25 ਸਾਲਾ ਰਮਿੰਦਰਜੀਤ ਸਿੰਘ ਅਸੀ ਬਰਲਿੰਗਟਨ ਤੋਂ, 40 ਸਾਲਾ ਡੇਰੇਕ ਚੀ-ਯੇਂਗ ਈਸਟ ਗਵਿਲਿੰਬਰੀ ਤੋਂ ਅਤੇ 30 ਸਾਲਾ ਪਰਮਜੋਤ ਸੈਣੀ ਨੂੰ ਵੁਡਬ੍ਰਿਜ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਹ ਜਾਂਚ ਓਨਟਾਰੀਓ ਅਤੇ ਕਿਊਬਿਕ ਆਰ.ਸੀ.ਐੱਮ.ਪੀ., ਯੂ.ਐੱਸ. ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ ਅਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਸਾਂਝ ਨਾਲ ਹੋਈ ਹੈ। ਆਰ.ਸੀ.ਐੱਮ.ਪੀ. ਦੇ ਅਨੁਸਾਰ, ਜੀ.ਟੀ.ਏ. ਵਿਖ ਗੈਰਕਾਨੂੰਨੀ ਤਰੀਕੇ ਨਾਲ ਭੰਗ ਉਗਾਉਣ ਤੋਂ ਬਾਅਦ ਇਸ ਨੂੰ ਘੱਟ ਉਚਾਈ 'ਤੇ ਉਡਾਣ ਭਰਨ ਵਾਲੇ ਇੱਕ ਜੈੱਟ ਰੇਂਜਰ ਹੈਲੀਕਾਪਟਰ ਦੀ ਵਰਤੋਂ ਨਾਲ ਅਮਰੀਕਾ ਸਮੱਗਲ ਕੀਤਾ ਜਾਣਾ ਸੀ।

## ਬਰੈਂਪਟਨ ਉੱਤਰੀ ਹਲਕੇ ਤੋਂ ਲਿਬਰਲ ਪਾਰਟੀ ਨੇ ਹਰਿੰਦਰ ਮੱਲ੍ਹੀ ਨੂੰ ਐਲਾਨਿਆ ਉਮੀਦਵਾਰ



**ਬਰੈਂਪਟਨ, (ਪੰਜਾਬ ਮੇਲ)-** ਓਨਟਾਰੀਓ 'ਚ ਸਾਲ 2022 'ਚ ਸੂਬਾਈ ਚੋਣਾਂ ਹੋਣੀਆਂ ਹਨ, ਜਿਸ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਕੈਨੇਡਾ ਦੀ ਰਾਜਨੀਤੀ 'ਚ ਪੰਜਾਬੀਆਂ ਦਾ ਕਾਫੀ ਦਬਦਬਾ ਬਣਿਆ ਹੋਇਆ ਹੈ। 2022 'ਚ ਹੋਣ ਵਾਲੀਆਂ ਚੋਣਾਂ ਵਿਚ ਵੀ ਕਈ ਪੰਜਾਬੀ ਉਮੀਦਵਾਰ ਚੋਣ ਮੈਦਾਨ 'ਚ ਨਜ਼ਰ ਆਉਣ ਵਾਲੇ ਹਨ, ਜਿਸ ਲਈ ਪਾਰਟੀਆਂ ਨੇ ਹੁਣ ਤੋਂ ਹੀ ਮਿਹਨਤ ਸ਼ੁਰੂ ਕਰ ਦਿੱਤੀ ਹੈ। ਬਰੈਂਪਟਨ ਉੱਤਰੀ ਹਲਕੇ ਤੋਂ ਲਿਬਰਲ ਪਾਰਟੀ ਨੇ ਹਰਿੰਦਰ ਮੱਲ੍ਹੀ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਤੁਹਾਨੂੰ ਦੱਸ ਦਈਏ ਕਿ ਹਰਿੰਦਰ 2014 ਤੋਂ 2018 ਤੱਕ ਬਰੈਂਪਟਨ-ਸਪਰਿੰਗਡੇਲ ਹਲਕੇ 'ਚ ਐੱਮ.ਪੀ.ਪੀ. ਵਜੋਂ ਸੇਵਾਵਾਂ ਨਿਭਾਅ ਚੁੱਕੀ ਹੈ। ਇਸ ਦੇ ਨਾਲ ਹੀ ਉਹ ਸਟੇਟ ਆਫ ਵੂਮੈਨ ਮਾਮਲਿਆਂ ਦੀ ਮੰਤਰੀ ਵਜੋਂ ਸੇਵਾਵਾਂ ਨਿਭਾਅ ਚੁੱਕੀ ਹੈ। ਭਾਈਚਾਰੇ 'ਚ ਚੰਗੀ ਪਛਾਣ ਸਦਕਾ ਉਨ੍ਹਾਂ ਨੂੰ ਇਸ ਵਾਰ ਵੀ ਮੌਕਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਓਨਟਾਰੀਓ ਲਿਬਰਲ ਪਾਰਟੀ ਵਜੋਂ ਸੇਵਾ ਨਿਭਾਉਣ ਤੇ ਸੂਬੇ ਦੇ ਵਿਕਾਸ ਲਈ ਹਿੱਸਾ ਬਣਨ ਲਈ ਉਤਸ਼ਾਹਿਤ ਹੈ। ਉਨ੍ਹਾਂ ਕਿਹਾ ਕਿ ਸਟੀਵਨ ਡੈੱਲ ਡੁਕਾ ਦੀ ਲੀਡਰਸ਼ਿਪ ਵਿਚ ਕੰਮ ਕਰਨ ਲਈ ਉਹ ਤਿਆਰੀਆਂ ਕਰ ਰਹੀ ਹੈ ਤੇ ਉਸ ਨੂੰ ਆਸ ਹੈ ਕਿ ਉਹ ਸਫਲ ਹੋਵੇਗੀ।

## ਕਲਪਨਾ ਚਾਵਲਾ ਦੇ ਨਾਂ 'ਤੇ ਰੱਖਿਆ ਗਿਆ ਅਮਰੀਕੀ ਪੁਲਾੜ ਗੱਡੀ ਦਾ ਨਾਮ



**ਵਾਸ਼ਿੰਗਟਨ, (ਪੰਜਾਬ ਮੇਲ)-** ਪੁਲਾੜ ਦੀ ਯਾਤਰਾ 'ਚ ਭਾਰਤ ਦੇ ਨਾਮ ਇਤਿਹਾਸ ਰਚਣ ਵਾਲੀ ਕਰਨਾਲ ਦੀ ਬੇਟੀ ਕਲਪਨਾ ਚਾਵਲਾ ਨੂੰ ਇਕ ਹੋਰ ਸਨਮਾਨ ਮਿਲਿਆ ਹੈ। ਅੰਤਰਰਾਸ਼ਟਰੀ ਪੁਲਾੜ ਕੇਂਦਰ ਦੇ ਲਈ ਉਡਾਣ ਭਰਨ ਵਾਲੇ ਇਕ ਅਮਰੀਕੀ ਵਪਾਰਕ ਕਾਰਗੋ ਪੁਲਾੜ ਗੱਡੀ ਦਾ ਨਾਮ ਨਾਸਾ ਦੀ ਮਰਹੂਮ ਪੁਲਾੜ ਯਾਤਰੀ ਕਲਪਨਾ ਚਾਵਲਾ ਦੇ ਨਾਮ 'ਤੇ ਰੱਖਿਆ ਗਿਆ ਹੈ।

## ਇਰਾਕ 'ਚ ਅਮਰੀਕਾ ਘਟਾਏਗਾ ਫ਼ੌਜੀਆਂ ਦੀ ਗਿਣਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਇਸ ਮਹੀਨੇ ਇਰਾਕ 'ਚ ਆਪਣੇ ਫ਼ੌਜੀਆਂ ਦੀ ਗਿਣਤੀ 5200 ਤੋਂ ਘਟਾ ਕੇ 3 ਹਜ਼ਾਰ ਕਰੇਗਾ। ਮੱਧ ਪੂਰਬ ਮਾਮਲਿਆਂ ਦੇ ਅਧਿਕਾਰੀ ਉਚ ਕਮਾਂਡਰ ਨੇ ਇਹ ਜਾਣਕਾਰੀ ਦਿੱਤੀ। ਅਮਰੀਕਾ ਦੀ ਮੱਧ ਕਮਾਨ ਦੇ ਕਮਾਂਡਰ ਮਰੀਨ ਜਨਰਲ ਫਰੈਂਕ ਮੈਕੇਂਜੀ ਨੇ ਇਰਾਕ ਦੌਰੇ ਦੌਰਾਨ ਕਿਹਾ ਕਿ ਇਰਾਕ 'ਚ ਫ਼ੌਜੀਆਂ ਦੀ ਗਿਣਤੀ ਘੱਟ ਕਰਨਾ ਅਮਰੀਕਾ ਦੇ ਭਰੋਸੇ ਨੂੰ ਦਰਸਾਉਂਦਾ ਹੈ। ਹੁਣ ਅਮਰੀਕਾ ਨੂੰ ਵਿਸ਼ਵਾਸ ਹੋ ਗਿਆ ਹੈ ਕਿ ਉਸ ਵੱਲੋਂ ਇਰਾਕ ਦੇ ਜਿਹੜੇ ਸੁਰੱਖਿਆ ਦਸਤਿਆਂ ਨੂੰ ਟ੍ਰੇਨਿੰਗ ਦਿੱਤੀ ਗਈ ਹੈ, ਉਹ ਇਸਲਾਮਿਕ ਸਟੇਟ ਸਮੂਹ ਦੇ ਅੱਤਵਾਦੀ ਖ਼ਤਰੇ ਨਾਲ ਨਜਿੱਠਣ 'ਚ ਸਮਰੱਥ ਹਨ। ਟਰੰਪ ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਨਾਮ ਉਜਾਗਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਸੀ ਕਿ ਆਉਣ ਵਾਲੇ ਦਿਨਾਂ ਵਿਚ ਅਫ਼ਗਾਨਿਸਤਾਨ 'ਚੋਂ ਵੀ ਹੋਰ ਅਮਰੀਕੀ ਫ਼ੌਜੀਆਂ ਦੀ ਵਾਪਸੀ ਦੀ ਯੋਜਨਾ ਬਣਾਈ ਜਾ ਰਹੀ ਹੈ। ਇਹ ਐਲਾਨ ਅਜਿਹੇ ਸਮੇਂ ਕੀਤੇ ਜਾ ਰਹੇ ਹਨ, ਜਦੋਂ ਟਰੰਪ ਨੇ ਦੂਜੀ ਵਾਰ ਦੇਸ਼ ਦਾ ਰਾਸ਼ਟਰਪਤੀ ਬਣਨ ਦੀ ਆਪਣੀ ਉਮੀਦਵਾਰੀ ਪੇਸ਼ ਕੀਤੀ ਹੈ ਅਤੇ ਉਹ ਇਹ ਦਿਖਾਉਣ ਦਾ ਯਤਨ ਕਰ ਰਿਹਾ ਹੈ ਕਿ ਉਸ ਨੇ ਬੀਤੇ 4 ਸਾਲ ਦੇ ਕਾਰਜਕਾਲ ਵਿਚ ਆਪਣੇ ਵਾਅਦੇ ਪੂਰੇ ਕੀਤੇ ਹਨ।

XANDER
WANT TO BE OWNER OF HOME CONTACT ME
ਸੈਕਰਾਮੈਂਟੋ ਅਤੇ ਨਾਲ ਲੱਗਦਿਆਂ ਇਲਾਕਿਆਂ ਵਿਚ ਨਵੇਂ ਘਰ ਖਰੀਦਣ ਲਈ ਸੰਪਰਕ ਕਰੋ।
916-320-9444
9281 Office Park Circle # 150, Elk Grove CA 95758

GURJATINDER S. RANDHAWA
REALTOR CA BRE LICENCE # 01490567
Xander Mortgage & Real Estate Inc.
garysingh123@gmail.com

# ਸੋਨੀਆ ਗਾਂਧੀ ਵੱਲੋਂ ਕਾਂਗਰਸ ਦੇ ਜਥੇਬੰਦਕ ਢਾਂਚੇ 'ਚ ਵੱਡਾ ਫੇਰਬਦਲ

## ਆਜ਼ਾਦ, ਸੋਨੀ ਤੇ ਖੜਗੇ ਦੀ ਜਨਰਲ ਸਕੱਤਰ ਦੇ ਅਹੁਦਿਆਂ ਤੋਂ ਛੁੱਟੀ



ਨਵੀਂ ਦਿੱਲੀ, (ਪੰਜਾਬ ਮੇਲ)- ਕਾਂਗਰਸ 'ਚ ਦਿੱਲੀ ਚਿੱਠੀ ਬੰਬ ਦੇ ਤਕਰੀਬਨ ਇਕ ਮਹੀਨੇ ਬਾਅਦ ਕਾਂਗਰਸ ਵਲੋਂ ਸੰਸਥਾ ਦੇ ਪੱਧਰ 'ਤੇ ਕੀਤੇ ਵੱਡੇ ਫੇਰਬਦਲ ਰਾਹੀਂ ਹਾਈਕਮਾਂਡ ਦੇ 'ਸਰਗਰਮ' ਹੋਣ ਅਤੇ ਸਰੋਕਾਰਾਂ ਨੂੰ 'ਧਿਆਨ' 'ਚ ਰੱਖੇ ਜਾਣ ਦਾ ਅਹਿਸਾਸ ਕਰਵਾਇਆ ਹੈ। ਉੱਥੇ ਨਿਯੁਕਤੀਆਂ 'ਚ ਰਾਹੁਲ ਗਾਂਧੀ ਦੇ ਸਮਰਥਕਾਂ ਨੂੰ ਮਿਲੀਆਂ ਜ਼ਿੰਮੇਵਾਰੀਆਂ ਤੋਂ ਭਵਿੱਖ ਦੀ ਸੂਰਤ-ਏ-ਹਾਲ ਵੀ ਕਾਫ਼ੀ ਹੱਦ ਤੱਕ ਸਪੱਸ਼ਟ ਕਰ ਦਿੱਤੀ ਹੈ। ਚਿੱਠੀ ਬੰਬ ਦੇ 23 ਆਗੂਆਂ 'ਚ ਸਭ ਤੋਂ ਸੀਨੀਅਰ ਆਗੂ ਅਤੇ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਗੁਲਾਮ ਨਬੀ ਆਜ਼ਾਦ ਤੋਂ ਹਰਿਆਣਾ ਦੀ ਜ਼ਿੰਮੇਵਾਰੀ ਲੈ ਕੇ ਵਿਵੇਕ ਬਾਂਸਲ ਨੂੰ ਦੇ ਦਿੱਤੀ ਗਈ ਹੈ। ਹਾਲਾਂਕਿ ਪਾਰਟੀ ਦੇ ਅਹਿਮ ਫੈਸਲੇ ਲੈਣ ਵਾਲੇ ਪੈਨਲ ਕਾਂਗਰਸ ਵਰਕਿੰਗ ਕਮੇਟੀ ਦੇ ਉਹ (ਆਜ਼ਾਦ) ਅਜੇ ਵੀ ਮੈਂਬਰ ਹਨ। ਪਾਰਟੀ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਵਲੋਂ ਦਸਤਖ਼ਤ ਕੀਤੀ ਇਕ ਚਿੱਠੀ 'ਚ ਕਿਹਾ ਗਿਆ ਕਿ ਪਾਰਟੀ ਭਰੇ ਦਿਲ ਨਾਲ ਅਹੁਦੇ ਤੋਂ ਹੱਟ ਰਹੇ ਜਨਰਲ ਸਕੱਤਰਾਂ ਗੁਲਾਮ ਨਬੀ ਆਜ਼ਾਦ, ਮੋਤੀ ਲਾਲ ਵੋਹਰਾ, ਅੰਬਿਕਾ ਸੋਨੀ, ਮਲਿਕ ਅਰਜੁਨ ਖੜਗੇ ਅਤੇ ਲੁਈਜਿਨ੍ਹੋ ਫਲੇਰੀਓ ਦੇ ਯੋਗਦਾਨ ਦਾ ਸ਼ੁਕਰੀਆ ਅਦਾ ਕਰਦੀ ਹੈ।

ਚਿੱਠੀ 'ਤੇ ਦਸਤਖ਼ਤ ਕਰਨ ਵਾਲੇ ਕੁਝ ਨਾਰਾਜ਼ ਆਗੂਆਂ ਨੂੰ ਕੁੱਝ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ, ਜਿਨ੍ਹਾਂ 'ਚ ਜਤਿਨ ਪ੍ਰਸਾਦ ਨੂੰ ਜਨਰਲ ਸੱਕਤਰ ਬਣਾਇਆ ਗਿਆ ਹੈ, ਪਰ ਉਸ ਤੋਂ ਉੱਤਰ ਪ੍ਰਦੇਸ਼ ਦੀ ਜ਼ਿੰਮੇਵਾਰੀ ਵਾਪਸ ਲੈਂਦਿਆਂ ਉਸ ਨੂੰ ਪੱਛਮੀ ਬੰਗਾਲ ਦਾ ਇੰਚਾਰਜ ਬਣਾਇਆ ਗਿਆ ਹੈ। ਜਤਿਨ ਪ੍ਰਸਾਦ ਨੂੰ ਅੰਡੇਮਾਨ ਅਤੇ ਨਿਕੋਬਾਰ ਦਾ ਵੀ ਇੰਚਾਰਜ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਉਸ ਨੂੰ ਨਵੀਂ ਗਠਿਤ ਕੀਤੀ ਕਾਂਗਰਸ ਵਰਕਿੰਗ ਕਮੇਟੀ 'ਚ ਸਥਾਈ ਇਨਵਾਇਟੀ ਦੀ ਭੂਮਿਕਾ ਦਿੱਤੀ ਗਈ ਹੈ। ਚਿੱਠੀ 'ਤੇ ਦਸਤਖ਼ਤ ਕਰਨ ਵਾਲਿਆਂ 'ਚ ਸ਼ਾਮਿਲ ਮੁਕੁਲ ਵਾਸਨਿਕ ਨੂੰ ਵੀ ਮੱਧ ਪ੍ਰਦੇਸ਼ ਦਾ ਜਨਰਲ ਸਕੱਤਰ ਇੰਚਾਰਜ ਬਣਾਇਆ ਗਿਆ ਅਤੇ ਮੁਕੁਲ ਵਾਸਨਿਕ ਦਾ ਨਾਂਅ ਉਨ੍ਹਾਂ 6 ਆਗੂਆਂ 'ਚ ਸ਼ਾਮਿਲ ਹੈ, ਜੋ ਕਿ ਕਾਂਗਰਸ ਪ੍ਰਧਾਨ ਵਲੋਂ ਸੰਸਥਾ ਦੇ ਪੱਧਰ 'ਤੇ ਅਤੇ ਓਪਰੇਸ਼ਨਲ ਪੱਧਰ 'ਤੇ ਉਨ੍ਹਾਂ ਸਰੋਕਾਰਾਂ ਨੂੰ ਨਜਿੱਠਣ 'ਚ ਮਦਦ ਕਰਨਗੇ, ਜੋ 24 ਅਗਸਤ ਨੂੰ ਕਾਂਗਰਸ ਵਰਕਿੰਗ ਕਮੇਟੀ ਮੀਟਿੰਗ 'ਚ ਪ੍ਰਗਟਾਏ ਗਏ ਸਨ। ਇਸ 6 ਮੈਂਬਰੀ ਕਮੇਟੀ 'ਚ ਮੁਕੁਲ ਵਾਸਨਿਕ ਤੋਂ ਇਲਾਵਾ ਏ.ਕੇ. ਐਂਟੋਨੀ, ਅਹਿਮਦ ਪਟੇਲ, ਅੰਬਿਕਾ ਸੋਨੀ, ਕੇ.ਸੀ. ਵੇਨੂਗੋਪਾਲ ਅਤੇ ਰਣਦੀਪ ਸਿੰਘ ਸੁਰਜੇਵਾਲ ਸ਼ਾਮਿਲ ਹਨ। ਸੀ.ਡਬਲਯੂ.ਸੀ. ਮੀਟਿੰਗ ਤੋਂ ਬਾਅਦ ਪਾਸ ਹੋਏ ਮਤੇ 'ਚ ਕਿਹਾ ਗਿਆ ਸੀ ਕਿ ਨਾਰਾਜ਼ ਆਗੂਆਂ ਵਲੋਂ ਪ੍ਰਗਟਾਏ ਸਰੋਕਾਰਾਂ 'ਤੇ ਬਿਆਨ ਦੇਣ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ ਜੋ ਇਨ੍ਹਾਂ ਮੁੱਦਿਆਂ ਦੀ ਘੋਖ ਕਰੇਗੀ। ਹਰੀਸ਼ ਰਾਵਤ ਨੂੰ ਪੰਜਾਬ ਦਾ, ਜਦਕਿ ਪਵਨ ਕੁਮਾਰ ਬਾਂਸਲ ਨੂੰ ਚੰਡੀਗੜ੍ਹ ਦਾ ਇੰਚਾਰਜ ਬਣਾਇਆ ਗਿਆ। ਪ੍ਰਿਅੰਕਾ ਗਾਂਧੀ ਜੋ ਕਿ ਪਹਿਲਾਂ ਹੀ ਅਣਐਲਾਨੇ ਤੌਰ 'ਤੇ ਉੱਤਰ ਪ੍ਰਦੇਸ਼ ਦੀ ਕਮਾਨ ਸੰਭਾਲ ਰਹੀ ਸੀ, ਨੂੰ ਰਸਮੀ ਤੌਰ 'ਤੇ ਪੂਰੇ ਉੱਤਰ ਪ੍ਰਦੇਸ਼ ਲਈ ਜਨਰਲ ਸਕੱਤਰ ਇੰਚਾਰਜ ਬਣਾ ਦਿੱਤਾ ਗਿਆ ਹੈ।

### ਸੂਚੀ 'ਚੋਂ ਕੈਪਟਨ ਦਾ ਵੀ ਨਾਂਅ ਗਾਇਬ

ਮੁੜ ਤਰਤੀਬ ਕੀਤੀ ਸੀ.ਡਬਲਿਊ.ਸੀ. 'ਚ ਕੈਪਟਨ ਅਮਰਿੰਦਰ ਸਿੰਘ ਦਾ ਨਾਂਅ ਗਾਇਬ ਹੈ। ਮੁੜ ਤਰਤੀਬ ਕੀਤੀ ਸੀ.ਡਬਲਿਊ.ਸੀ. ਦੇ 23 ਮੈਂਬਰਾਂ 'ਚ ਸੋਨੀਆਂ ਗਾਂਧੀ, ਮਨਮੋਹਨ ਸਿੰਘ, ਰਾਹੁਲ ਗਾਂਧੀ ਤੋਂ ਇਲਾਵਾ ਏ.ਕੇ. ਐਂਟੋਨੀ, ਅਹਿਮਦ ਪਟੇਲ, ਅੰਬਿਕਾ ਸੋਨੀ, ਗੁਲਾਮ ਨਬੀ ਆਜ਼ਾਦ, ਅਨੰਦ ਸ਼ਰਮਾ, ਹਰੀਸ਼ ਰਾਵਤ, ਪੀ. ਚਿਦੰਬਰਮ, ਮਲਿਕ ਅਰਜੁਨ ਖੜਗੇ, ਤਰੁਣ ਗੋਗੋਈ ਜਿਹੇ ਸੀਨੀਅਰ ਆਗੂ ਹਨ, ਉਥੇ ਕੇ.ਸੀ. ਵੇਨੂਗੋਪਾਲ ਮੁਕਲ ਵਾਸਨਿਕ, ਅਜੈ ਮਾਕਨ, ਪ੍ਰਿਅੰਕਾ ਗਾਂਧੀ, ਸੁਰਜੇਵਾਲ ਵੀ 23 ਮੈਂਬਰਾਂ ਦੀ ਸੂਚੀ 'ਚ ਹਨ। ਇਸ ਤੋਂ ਇਲਾਵਾ ਕਮੇਟੀ 'ਚ 26 ਸਥਾਈ ਇਨਵਾਇਟੀ ਅਤੇ 9 ਵਿਸ਼ੇਸ਼ ਇਨਵਾਇਟੀ ਸ਼ਾਮਿਲ ਹਨ। ਵਿਸ਼ੇਸ਼ ਇਨਵਾਇਟੀ 'ਚ ਚਿੱਠੀ 'ਚ ਦਸਤਖ਼ਤ ਕਰਨ ਵਾਲੇ ਭੁਪਿੰਦਰ ਸਿੰਘ ਹੁੱਡਾ ਦੇ ਬੇਟੇ ਦਪਿੰਦਰ ਹੁੱਡਾ ਅਤੇ ਕੁਲਦੀਪ ਬਿਸ਼ਨੋਈ ਦਾ ਨਾਂਅ ਵੀ ਸ਼ਾਮਿਲ ਹੈ।

# ਹਰੀਸ਼ ਰਾਵਤ ਬਣੇ ਪੰਜਾਬ ਕਾਂਗਰਸ ਦੇ ਇੰਚਾਰਜ



ਚੰਡੀਗੜ੍ਹ, (ਪੰਜਾਬ ਮੇਲ)- ਕਾਂਗਰਸ ਹਾਈਕਮਾਨ ਵਲੋਂ ਪਾਰਟੀ 'ਚ ਵੱਡਾ ਫੇਰਬਦਲ ਕੀਤਾ ਗਿਆ ਹੈ। ਇਸ ਫੇਰਬਦਲ ਦਾ ਸੇਕ ਪੰਜਾਬ ਕਾਂਗਰਸ ਨੂੰ ਵੀ ਲੱਗਾ ਹੈ। ਹਾਈਕਮਾਨ ਨੇ ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰ ਦੀ ਅਹੁਦੇ ਤੋਂ ਛੁੱਟੀ ਕਰਕੇ ਉਨ੍ਹਾਂ ਦੀ ਜਗ੍ਹਾ ਹਰੀਸ਼ ਰਾਵਤ ਨੂੰ ਪੰਜਾਬ ਕਾਂਗਰਸ ਦਾ ਨਵਾਂ ਇੰਚਾਰਜ ਨਿਯੁਕਤ ਕੀਤਾ ਹੈ। ਹਰੀਸ਼ ਰਾਵਤ ਉੱਤਰਾਖੰਡ ਦੇ ਚੋਟੀ ਦੇ ਲੀਡਰਾਂ ਵਿਚੋਂ ਹਨ, ਜਿਨ੍ਹਾਂ ਨੇ 1980 'ਚ ਭਾਜਪਾ ਦੇ ਉੱਘੇ ਨੇਤਾ ਮੁਰਲੀ ਮਨੋਹਰ ਜੋਸ਼ੀ ਨੂੰ ਹਰਾਇਆ ਸੀ। ਰਾਵਤ ਪਹਾੜੀ ਸੂਬੇ 'ਚ ਪੰਜ ਵਾਰ ਮੈਂਬਰ ਪਾਰਲੀਮੈਂਟ ਰਹਿ ਚੁੱਕੇ ਹਨ ਅਤੇ 2012 ਤੋਂ 2014 ਦੌਰਾਨ ਮਨਮੋਹਨ ਸਿੰਘ ਦੀ ਸਰਕਾਰ 'ਚ ਜਲ ਸੰਸਾਧਨ ਮੰਤਰੀ ਰਹਿ ਚੁੱਕੇ ਹਨ। ਰਾਹਤ ਇੰਡੀਅਨ ਯੂਥ ਕਾਂਗਰਸ ਦੇ ਮੈਂਬਰ ਵੀ ਰਹਿ ਚੁੱਕੇ ਹਨ ਅਤੇ ਉਨ੍ਹਾਂ ਦੇ ਸਿਆਸੀ ਕਰੀਅਰ ਨੇ ਉਸ ਸਮੇਂ ਉਡਾਨ ਭਰੀ, ਜਦੋਂ ਉਨ੍ਹਾਂ ਨੇ ਸੱਤਵੀਂ ਲੋਕ ਸਭਾ ਚੋਣਾਂ ਦੌਰਾਨ 1980 'ਚ ਅਲਮੋੜਾ ਸੰਸਦੀ ਸੀਟ 'ਤੇ ਭਾਰਤੀ ਜਨਤਾ ਪਾਰਟੀ ਦੇ ਵੱਡੇ ਨੇਤਾ ਮੁਰਲੀ ਮਨੋਹਰ ਜੋਸ਼ੀ ਨੂੰ ਮਾਤ ਦਿੱਤੀ। ਉਸ ਤੋਂ ਬਾਅਦ ਉਨ੍ਹਾਂ ਨੇ ਅੱਠਵੀਂ ਅਤੇ ਨੌਵੀਂ ਲੋਕ ਸਭਾ ਚੋਣਾਂ 'ਚ ਵੀ ਜਿੱਤ ਹਾਸਲ ਕੀਤੀ। ਉਹ ਸਾਲ 2000 'ਚ ਉਸ ਸਮੇਂ ਸੂਬਾ ਪਾਰਟੀ ਇਕਾਈ ਦੇ ਪ੍ਰਧਾਨ ਬਣਾਏ ਗਏ, ਜਦੋਂ ਉਤਰਾਖੰਡ ਨੂੰ ਉਤਰ ਪ੍ਰਦੇਸ਼ ਤੋਂ ਵੱਖ ਕੀਤਾ ਗਿਆ। ਸਾਲ 2002 'ਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ। ਸਾਲ 2009 'ਚ ਲੋਕ ਸਭਾ ਚੋਣਾਂ ਦੌਰਾਨ ਅਨੁਸੂਚਿਤ ਜਾਤੀ ਲਈ ਸੀਟ ਰਿਜ਼ਰਵ ਹੋਣ ਦੇ ਚੱਲਦੇ ਉਨ੍ਹਾਂ ਨੂੰ ਆਪਣੀ ਰਵਾਇਤੀ ਅਲਮੋੜਾ ਸੀਟ ਛੱਡਣੀ ਪਈ। ਉਸ ਤੋਂ ਬਾਅਦ ਰਾਵਤ ਹਰਿਦੁਆਰ ਲੋਕ ਸਭਾ ਸੀਟ ਦੇ ਚੋਣ ਮੈਦਾਨ 'ਚ ਉਤਰੇ। ਉਨ੍ਹਾਂ ਨੇ ਭਾਜਪਾ ਦੇ ਸਵਾਮੀ ਯਤੀਸ਼ਵਰਾਨੰਦ ਗਿਰੀ ਨੂੰ ਤਿੰਨ ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। ਰਾਵਤ ਨੂੰ 2014 'ਚ ਉਸ ਸਮੇਂ ਮੁੱਖ ਮੰਤਰੀ ਬਣਾਇਆ ਗਿਆ, ਜਦੋਂ ਉਨ੍ਹਾਂ ਦੇ ਪਾਰਟੀ ਸਹਿਯੋਗੀ ਵਿਜੇ ਬਹੁਗੁਣਾ 'ਤੇ ਜੁਲਾਈ 2013 ਵਿਚ ਆਈ ਕੁਦਰਤੀ ਆਪਦਾ ਨੂੰ ਠੀਕ ਤਰ੍ਹਾਂ ਨਾਲ ਨਾ ਚਲਾਉਣ ਦਾ ਦੋਸ਼ ਲੱਗਾ।

# ਪੰਜਾਬ ਕਾਂਗਰਸ ਦੇ ਅਹੁਦੇਦਾਰਾਂ ਦੀ ਪ੍ਰਸਤਾਵਿਤ ਸੂਚੀ 'ਚ ਹੋਵੇਗਾ ਬਦਲਾਅ

ਲੁਧਿਆਣਾ, (ਪੰਜਾਬ ਮੇਲ)- ਬਤੌਰ ਮੁਖੀ ਹਰੀਸ਼ ਰਾਵਤ ਦੀ ਨਿਯੁਕਤੀ ਪੰਜਾਬ ਕਾਂਗਰਸ 'ਚ ਬਦਲਾਅ ਹੋਣ ਦੀ ਜੋ ਚਰਚਾ ਸੁਣਨ ਨੂੰ ਮਿਲ ਰਹੀ ਹੈ, ਉਸ ਦੀ ਸ਼ੁਰੂਆਤ ਅਹੁਦੇਦਾਰਾਂ ਦੀ ਪ੍ਰਸਤਾਵਿਤ ਸੂਚੀ 'ਚ ਬਦਲਾਅ ਨਾਲ ਹੋਣ ਦੀ ਸੰਭਾਵਨਾ ਨਾਲ ਹੋ ਗਈ ਹੈ। ਇੱਥੇ ਦੱਸਣਾ ਉਚਿਤ ਹੋਵੇਗਾ ਕਿ ਹਾਈਕਮਾਨ ਵੱਲੋਂ ਪ੍ਰਧਾਨ ਨੂੰ ਛੱਡ ਕੇ ਪੰਜਾਬ ਕਾਂਗਰਸ ਦਾ ਜੱਥੇਬੰਦਕ ਢਾਂਚਾ ਭੰਗ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਜ਼ਿਲ੍ਹਾ ਪ੍ਰਧਾਨਾਂ ਅਤੇ ਅਹੁਦੇਦਾਰਾਂ ਦੀ ਨਿਯੁਕਤੀ ਦਾ ਕੇਸ ਅੱਧ-ਵਿਚਾਲੇ ਲਟਕਿਆ ਹੋਇਆ ਹੈ।

ਹਾਲਾਂਕਿ ਕੁੱਝ ਸਮਾਂ ਪਹਿਲਾਂ ਕਾਰਜਕਾਰਣੀ ਦੇ ਪੁਰਨਗਠਨ ਦਾ ਪ੍ਰਸਤਾਵ ਬਣਾ ਕੇ ਹਾਈਕਮਾਨ ਨੂੰ ਭੇਜਿਆ ਗਿਆ ਸੀ ਪਰ ਉਸ 'ਤੇ ਹੁਣ ਤੱਕ ਕੋਈ ਫ਼ੈਸਲਾ ਨਹੀਂ ਹੋ ਸਕਿਆ। ਦੱਸਿਆ ਜਾਂਦਾ ਹੈ ਕਿ ਉਸ ਸੂਚੀ 'ਚ ਸ਼ਾਮਲ ਕਈ ਨਾਵਾਂ 'ਤੇ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਇਤਰਾਜ਼ ਜਤਾਇਆ ਗਿਆ ਸੀ ਪਰ ਕੈਪਟਨ ਅਮਰਿੰਦਰ ਸਿੰਘ ਦੀ ਹਰੀ ਝੰਡੀ ਮਿਲਣ ਤੋਂ ਬਾਅਦ ਆਸ਼ਾ ਕੁਮਾਰੀ ਨੇ ਸੁਨੀਲ ਜਾਖੜ ਵੱਲੋਂ ਬਣਾਈ ਗਈ ਸੂਚੀ 'ਤੇ ਮੋਹਰ ਲਗਾ ਦਿੱਤੀ ਸੀ।

ਇਸ ਸੂਚੀ ਨੂੰ ਮਨਜ਼ੂਰੀ ਮਿਲਣ ਤੋਂ ਪਹਿਲਾਂ ਹੀ ਆਸ਼ਾ ਕੁਮਾਰੀ ਦੀ ਛੁੱਟੀ ਹੋ ਗਈ ਹੈ ਅਤੇ ਨਵੇਂ ਲਾਏ ਗਏ ਇੰਚਾਰਜ ਨੂੰ ਪੰਜਾਬ ਕਾਂਗਰਸ 'ਚ ਧੜੇਬਾਜ਼ੀ 'ਤੇ ਲਗਾਮ ਲਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਸੂਤਰਾਂ ਮੁਤਾਬਕ ਹਰੀਸ਼ ਰਾਵਤ ਵੱਲੋਂ ਪੰਜਾਬ 'ਚ ਕਦਮ ਰੱਖਣ ਤੋਂ ਪਹਿਲਾਂ ਹੀ ਅਸੰਤੁਸ਼ਟ ਨੇਤਾਵਾਂ ਨੇ ਉਨ੍ਹਾਂ ਨੂੰ ਸੂਬੇ 'ਚ ਚੱਲ ਰਹੀਆਂ ਗਤੀਵਿਧੀਆਂ ਸਬੰਧੀ ਫੀਡਬੈਕ ਦੇਣੀ ਸ਼ੁਰੂ ਕਰ ਦਿੱਤੀ ਹੈ।

ਇਸ 'ਚ ਪੰਜਬ ਕਾਂਗਰਸ ਦੇ ਅਹੁਦੇਦਾਰਾਂ ਦੀ ਨਿਯੁਕਤੀ 'ਚ ਸਾਰਿਆਂ ਨੂੰ ਭਰੋਸੇ 'ਚ ਨਾ ਲੈਣ ਦਾ ਮੁੱਦਾ ਮੁੱਖ ਰੂਪ ਨਾਲ ਉਠਾਇਆ ਗਿਆ ਹੈ, ਜਿਸ ਕਾਰਨ ਸਾਰੇ ਗਰੁੱਪਾਂ ਨੂੰ ਸ਼ਾਂਤ ਕਰਨ ਲਈ ਪ੍ਰਸਤਾਵਿਤ ਸੂਚੀ 'ਚ ਬਦਲਾਅ ਹੋਣਾ ਤੈਅ ਮੰਨਿਆ ਜਾ ਰਿਹਾ ਹੈ।

### ਪ੍ਰਧਾਨ ਨੂੰ ਛੱਡ ਕੇ ਪੰਜਾਬ ਕਾਂਗਰਸ ਦਾ ਜਥੇਬੰਦਕ ਢਾਂਚਾ ਭੰਗ


## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ




## ਨਵੀਂ ਇਮਾਰਤ ਦਾ ਨਿਰਮਾਣ ਕੀਤਾ ਜਾ ਰਿਹਾ






ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਨਵੀਂ ਇਮਾਰਤ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਆਪ ਸਭ ਸੰਗਤ ਇਸ ਨਿਰਮਾਣ ਕਾਰਜ ਵਿਚ ਆਪਣਾ ਯੋਗਦਾਨ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Gurdwara Sacramento Sikh Society**

**7676, Bradshaw Road, Sacramento, 95829 CA.**

ਜਾਰੀ ਕਰਤਾ : ਪੰਜਾਬ ਮੇਲ ਯੂ.ਐੱਸ.ਏ.

# “ਭਗਤੀ ਲਹਿਰ, ਸਿੱਖ ਧਰਮ”

ਪ੍ਰਮਿੰਦਰ ਸਿੰਘ ‘ਪ੍ਰਵਾਨਾ’,
ਕੈਲੀਫੋਰਨੀਆ
510-781-0487
Email : panjabipoet@gmail.com
(Punjab Mail USA)





ਭਾਰਤ ਦੇ ਮੱਧਕਾਲੀਨ ਇਤਿਹਾਸ ਵਿਚ ਰਾਜਨੀਤਿਕ ਸਥਿਤੀ ਡਾਵਾਂਡੋਲ ਸੀ। ਦੇਸ਼ ਛੋਟੇ-ਛੋਟੇ ਆਜ਼ਾਦ ਰਾਜਾਂ ਵਿਚ ਵੰਡਿਆ ਹੋਇਆ ਸੀ, ਜਿਵੇਂ ਗੁਜਰਾਤ, ਰਾਜਪੂਤਾਨਾ, ਜੋਨਪੁਰ ਅਤੇ ਬੰਗਾਲ ਆਦਿ। ਜਨ-ਸਾਧਾਰਨ ਰਾਜਨੀਤਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਸਮਾਜ-ਸੁਧਾਰਕਾਂ ਮਨੁੱਖਤਾ ਦੇ ਦਿਲਾਂ ਵਿਚ ਆਤਮਿਕ ਅਤੇ ਅਧਿਆਤਮਕ ਜੋਤ ਜਗਾਈ। ਸਮਾਜ ਵਿਚ ਧਰਮ ਨਾਲ ਜੁੜੇ ਸੰਸਕਾਰਾਂ ਵਿਚ ਜਾਗ੍ਰਿਤੀ ਦੀ ਲਹਿਰ ਚੱਲੀ, ਜਿਸ ਨੂੰ ਭਗਤੀ ਲਹਿਰ ਕਿਹਾ ਜਾਂਦਾ ਹੈ। ਭਗਤੀ ਸ਼ਬਦ ਭਕਤਾ ਤੋਂ ਲਿਆ ਗਿਆ ਹੈ, ਅਰਥਾਤ ਸੇਵਾ, ਸਤਿਕਾਰ, ਪਿਆਰ ਅਤੇ ਆਤਮ-ਸਮਰਪਣ। ਅਧਿਆਤਮਕ ਤੌਰ ’ਤੇ ਭਾਵ ਪ੍ਰਮਾਤਮਾ ਵਿਚ ਸ਼ਰਧਾ ਜੋ ਪ੍ਰਮਾਤਮਾ ਦੇ ਗੁਣਾਂ ਦੀ ਸੇਧ ਤੋਂ ਪ੍ਰਾਪਤ ਹੁੰਦੀ ਹੈ।

ਭਗਤੀ ਲਹਿਰ ਦਾ ਸਮਾਂ 800-1700 ਤੱਕ ਹੈ। ਭਾਰਤੀ ਉਪ ਮਹਾਂਦੀਪ ਵਿਚ ਸਾਰੇ ਧਰਮਾਂ ਦੇ ਲੋਕ ਆਪਣੇ-ਆਪਣੇ ਅਕੀਦੇ ਅਨੁਸਾਰ ਪ੍ਰਮਾਤਮਾ ਨਾਲ ਸਾਂਝ ਪਾ ਕੇ ਮੁਕਤੀ ਪ੍ਰਾਪਤ ਕਰਨ ਦੀਆਂ ਰਸਮਾਂ ਬੜੀ ਸ਼ਿਦਤ ਨਾਲ ਨਿਭਾ ਰਹੇ ਸਨ। ਵਿਦੇਸ਼ੀ ਹਮਲਾਵਰਾਂ ਅਤੇ ਧਾੜਵੀਆਂ ਦੇ ਨਾਲ ਇਸਲਾਮ ਵਿਚ ਸੂਫੀਆਂ ਦੀ ਆਮਦ ਭਾਰਤ ਵਿਚ ਹੋਈ 1192 ਦੀ ਮੰਨੀ ਜਾਂਦੀ ਹੈ। ਸਾਰੇ ਧਰਮਾਂ ਦਾ ਮੁਲਾਂਕਣ ਅਤੇ ਸ਼ਾਂਤੀ ਦਾ ਵਿਚਕਾਰਲਾ ਰਸਤਾ ਲੱਭਣਾ ਹੀ ‘ਭਗਤੀ ਲਹਿਰ’ ਹੈ। ਇਸ ਲਹਿਰ ਦਾ ਆਰੰਭ ਸੱਤਵੀਂ ਸਦੀ ਵਿਚ ਦੱਖਣੀ ਭਾਰਤ ਵਿਚ ਹੋਇਆ। ਅੱਗੇ ਉੱਤਰੀ ਭਾਰਤ ਅਤੇ ਮੱਧ ਏਸ਼ੀਆ ਤੱਕ ਫੈਲ ਗਈ। ਦੋ-ਸੱਤ ਸਦੀ ਵਿਚ ਕਵੀ ਅਲਵਰ ਅਤੇ ਕਵੀ ਨਯਨਾਰ ਦੇ ਇਕੱਠੇ ਕੀਤੇ ਉਪਦੇਸ਼ ਦੱਸਵੀਂ ਸਦੀ ਵਿਚ ਸੰਪਾਦਤ ਹੋਏ। ਦੱਖਣੀ ਭਾਰਤ ਵਿਚ ਮੁੱਢਲੇ ਆਗੂ ਸ਼ੰਕਰਾਚਾਰੀਆ ਹਨ। ਉੱਤਰੀ ਭਾਰਤ ਵਿਚ ਰਾਮਾਨੰਦ ਹਨ। ਇਹ ਲਹਿਰ ਸਮੇਂ ਦੇ ਪ੍ਰਚਲਿਤ ਝੂਠੇ ਕਰਮਕਾਂਡਾਂ, ਵਹਿਮਾਂ-ਭਰਮਾਂ ਅਤੇ ਮੂਰਤੀ ਪੂਜਾ ਦੇ ਵਿਰੁੱਧ ਵਿਚ ਖੜ੍ਹੀ ਹੋਈ। ਇਸ ਲਹਿਰ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਵਿਚ ਸਮਾਜ-ਸੁਧਾਰਕਾਂ ਦਾ ਵੱਡਾ ਯੋਗਦਾਨ ਜਿਵੇਂ; ਚੈਤੰਨਯਾ ਮਹਾਂਪ੍ਰਭੂ, ਤੁੱਕਾ ਰਾਮ, ਜੈਦੇਵ ਆਦਿ ਪ੍ਰਮੁੱਖ ਹਨ। ਬਾਰਵੀਂ ਅਤੇ ਤੇਰਵੀਂ ਸਦੀ ਵਿਚ ਭਗਤ ਕਬੀਰ, ਭਗਤ ਰਵਿਦਾਸ ਅਤੇ ਭਗਤ ਨਾਮਦੇਵ ਪ੍ਰਮੁੱਖ ਹਨ।

ਭਗਤਾਂ ਨੇ ਨਾਥ, ਜੋਗੀਆਂ ਅਤੇ ਸੂਫੀਆਂ ਦੀ ਤਰਜ਼ ’ਤੇ ਸਨਾਤਨੀ ਬੋਲੀ ਦੀ ਥਾਂ ਲੋਕ-ਭਾਸ਼ਾ, ਸੰਤ ਭਾਸ਼ਾ ਵਿਚ ਰਾਗਾਂ ਵਿਚ ਗਾ ਕੇ ਪ੍ਰਚਾਰ ਕੀਤਾ, ਜਿਵੇਂ ਕਰਨਾਟਕ, ਤਾਮਿਲ, ਮਹਾਂਰਾਸ਼ਟਰ, ਗੁਜਰਾਤ, ਬੰਗਾਲ। ਉੱਤਰੀ ਭਾਰਤ ਮੱਧ ਏਸ਼ੀਆ ਤੱਕ। ਦੂਰ-ਦੂਰ ਭ੍ਰਮਣ ਕਰਦੇ ਉਨ੍ਹਾਂ ਦੀ ਹਰਮਨਪਿਆਰਤਾ ਵੱਧਦੀ ਗਈ। ਮੱਧ ਕਾਲੀਨ ਯੁੱਗ ਵਿਚ ਧਾਰਮਿਕ ਵਿਕਾਸ ਦੀ ਵਿਸ਼ੇਸ਼ਤਾ ਰਹੀ ਹੈ। ਲੋਕਾਂ ਨੇ ਸਾਂਝਾ ਸੱਭਿਆਚਾਰ ਅਪਣਾ ਕੇ ਨੇੜਤਾ ਬਣਾਈ। ਨਿਰਗੁਣ ਧਾਰਾ ਵਿਚ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਸਿਰਮੌਰ ਹਨ। ਜੋ ਨਿਰੋਲ ਨਿਰੰਕਾਰ ਨੂੰ ਸਿਮਰਦੇ ਹਨ। ਸਰਗੁਣ ਪ੍ਰਮਾਤਮਾ ਦੀ ਪੂਜਾ ਕਈ ਪ੍ਰਕਾਰ ਦੀਆਂ ਮੂਰਤੀਆਂ ਅੱਗੇ ਕਰਦੇ ਹਨ। ਸਰਗੁਣ ’ਚ ਪ੍ਰਮੁੱਖ ਹਨ - ਵਲਬਚਾਰੀਆ, ਸੂਰਦਾਸ, ਮੀਰਾਂਬਾਈ ਅਤੇ ਚੈਤੰਨਯਾ ਮਹਾਂਪ੍ਰਭੂ ਆਦਿ।

ਸੂਫੀ ਘੱਟ ਗਿਣਤੀ ਵਿਚ ਸਨ ਪਰ ਖੁੱਲ੍ਹੇ ਵਿਚਾਰਾਂ ਦੇ ਸਨ। ਧਾਰਮਿਕ ਬੰਧਨਾਂ ’ਚ ਨਹੀਂ ਬੱਝੇ ਸਨ। ਉਨ੍ਹਾਂ ਨੇ ਪਿਆਰ ਦੀ ਗੱਲ ਤੋਰੀ, ਸਾਂਝੇ ਸੱਭਿਆਚਾਰ ਨੂੰ ਅਪਣਾਇਆ ਅਤੇ ਛੇਤੀ ਹੀ ਸਥਾਪਿਤ ਹੋ ਗਏ। ਉਨ੍ਹਾਂ ਦੀ ਜ਼ਿੰਦਾਦਿਲੀ ਤੋਂ ਪ੍ਰਭਾਵਿਤ ਹੋ ਕੇ ਲੋਕ ਉਨ੍ਹਾਂ ਦੀਆਂ ਖਾਨਗਾਹਾਂ ਵੱਲ ਵੀ ਖਿੱਚੇ ਗਏ। ਹੇਠਲੇ ਵਰਗ ਨਾਲ ਨੇੜਤਾ ਬਣਨ ਲੱਗੀ। ਉਨ੍ਹਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਸੁਧਾਰ ਆਇਆ। ਉਨ੍ਹਾਂ ਨੂੰ ਰੁਜ਼ਗਾਰ ਮਿਲਣ ਲੱਗਾ। ਕੌਮਾਂਤਰੀ ਵਿਕਾਸ ਹੋਣ ਲੱਗਾ। ਲੋੜਵੰਦਾਂ ਦੀ ਮਦਦ ਕਰਨ ਦੀ ਭਾਵਨਾ ਜਾਗੀ। ਇਸ ਤਰ੍ਹਾਂ ਸਮਾਜਿਕ, ਰਾਜਨੀਤਿਕ, ਸੱਭਿਆਚਾਰਕ, ਧਾਰਮਿਕ ਲਹਿਰਾਂ ਵੀ ‘ਭਗਤੀ ਲਹਿਰ’ ਨਾਲ ਆਣ ਜੁੜੀਆਂ। ਸੰਗੀਤ ਸੱਭਿਆਚਾਰ, ਕਲਾ ਦੇ ਖੇਤਰ ਪ੍ਰਫੁਲਿਤ ਹੋਣ ਲੱਗੇ। ਲੋਕਾਂ ਵਿਚ ਬਰਾਬਰਤਾ ਆਈ। ਲੋਕ ਇਕ ਦੂਜੇ ਦੇ ਉਸਾਰੂ ਗੀਤਾਂ-ਰਿਵਾਜ਼ਾਂ ਵਿਚ ਸ਼ਾਮਲ ਹੋਣ ਲੱਗੇ।

ਪੰਦਰਵੀਂ ਸਦੀ ਵਿਚ ‘ਭਗਤੀ ਲਹਿਰ’ ’ਚ ਇਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ ਕਿ ਗੁਰੂ ਨਾਨਕ ਦੇਵ ਸਾਹਿਬ ਜੀ (1469) ਦਾ ਆਗਮਨ ਹੋਇਆ। ਉਹ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਹਨ। ਉਨ੍ਹਾਂ ਨੇ ਪ੍ਰਮਾਤਮਾ ਦੀ ਹੋਂਦ ਨੂੰ ਸਪੱਸ਼ਟ ਕੀਤਾ ਕਿ ਪ੍ਰਮਾਤਮਾ ਸਰਵਵਿਆਪਕ ਹੈ। ਉਹ ਹੀ ਸ੍ਰਿਸ਼ਟੀ ਨੂੰ ਚਲਾਉਂਦਾ ਹੈ। ਲੱਖਾਂ ਹੀ ਦੇਵੀ-ਦੇਵਤੇ ਉਸ ਦੇ ਦਰ ਦੀ ਸ਼ੋਭਾ ਗਾਉਂਦੇ ਹਨ। ਹੇ ਅਕਾਲ ਪੁਰਖ! ਦੇਵੀਆ ਸ਼ਿਵ ਤੇ ਬ੍ਰਹਮਾ, ਜੋ ਤੇਰੇ ਸੰਵਾਰੇ ਹੋਏ ਹਨ। ਤੈਨੂੰ ਗਾ ਰਹੇ ਹਨ। ਕਈ ਇੰਦਰ ਆਪਣੇ ਤਖ਼ਤ ’ਤੇ ਬੈਠੇ ਹੋਏ ਦੇਵਤਿਆਂ ਸਮੇਤ ਤੇਰੇ ਦਰ ’ਤੇ ਮੈਨੂੰ ਸਲਾਹ ਰਹੇ ਰਹੇ ਹਨ। - ਅੰਗ : 6

ਭਗਤੀ ਦੇ ਰਾਹ ’ਤੇ ਤੁਰਨ ਦਾ ਉਪਦੇਸ਼ ਹੈ ਕਿ: ਹੇ ਭਾਈ! ਜਿਵੇਂ ਕਿਸੇ ਮਨੁੱਖ ਦੇ ਘਰ ਵਿਚ ਉਸ ਦੀ ਪਤੀਵ੍ਰਤਾ ਇਸਤਰੀ ਹੈ, ਜੋ ਪਿਆਰ-ਭਾਵਨਾ ਨਾਲ ਆਪਣੇ ਪਤੀ ਦੀ ਸੇਵਾ ਕਰਨ ਦੀ ਬਹੁਤ ਤਾਂਘ ਕਰਦੀ ਹੈ। ਖੱਟੇ ਤੇ ਮਿੱਠੇ ਰਸ ਪਾ ਕੇ ਕਈ ਸਵਾਦਲੀਆਂ ਭਾਜੀਆਂ ਪਤੀ ਵਾਸਤੇ ਬਣਾਉਂਦੀ ਰਹਿੰਦੀ ਹੈ। ਇਸ ਤਰ੍ਹਾਂ ਪ੍ਰਮਾਤਮਾ ਦੇ ਭਗਤ ਪ੍ਰਮਾਤਮਾ ਦੇ ਨਾਮ ਵਿਚ ਚਿੱਤ ਜੋੜ ਕੇ ਸਤਿਗੁਰੂ ਦੀ ਬਾਣੀ ਦੀ ਰਾਹੀਂ ਪ੍ਰਮਾਤਮਾ ਦੀ ਸਿਫਤ ਸਲਾਹ ਕਰਦੇ ਰਹਿੰਦੇ ਹਨ। ਉਨ੍ਹਾਂ ਭਗਤਾਂ ਨੇ ਆਪਣਾ ਮਨ, ਆਪਣਾ ਤਨ, ਆਪਣਾ ਧੰਨ ਸਭ ਕੁੱਝ ਗੁਰੂ ਦੇ ਅੱਗੇ ਲਿਆ ਰੱਖਿਆ ਹੁੰਦਾ ਹੈ। ਉਨ੍ਹਾਂ ਨੇ ਆਪਣਾ ਸਿਰ ਗੁਰੂ ਅੱਗੇ ਵੇਚ ਦਿੱਤਾ ਹੁੰਦਾ ਹੈ। ਹੇ ਭਾਈ! ਪ੍ਰਮਾਤਮਾ ਨੂੰ ਤਾਂ ਕਿਸੇ ਚੀਜ਼ ਦੀ ਕੋਈ ਮੁਥਾਜੀ-ਲੋੜ ਨਹੀਂ ਹੈ। ਫਿਰ ਉਹ ਕਿਹੜੀ ਚੀਜ਼ ਖਾ ਕੇ ਖੁਸ਼ ਹੁੰਦਾ ਹੈ? ਜਿਹੜਾ ਮਨੁੱਖ ਗੁਰੂ ਦੀ ਰਜ਼ਾ ਵਿਚ ਜੀਵਨ-ਤੋਰ ਤੁਰਦਾ ਹੈ ਅਤੇ ਪ੍ਰਮਾਤਮਾ ਦੇ ਗੁਣ ਗਾਂਦਾ ਰਹਿੰਦਾ ਹੈ। ਉਸ ਉੱਤੇ ਪ੍ਰਮਾਤਮਾ ਪ੍ਰਸੰਨ ਹੁੰਦਾ ਹੈ। ਹੇ ਨਾਨਕ! ਇਸ ਵਿਕਾਰਾਂ - ਭਰੇ ਸੰਸਾਰ ਵਿਚ ਉਹ ਮਨੁੱਖ ਸ਼ੋਭਾ ਖੱਟਦੇ ਹਨ, ਜਿਹੜੇ ਗੁਰੂ ਦੀ ਮਰਜ਼ੀ ਅਨੁਸਾਰ ਜੀਵਨ-ਰਾਹ ’ਤੇ ਤੁਰਦੇ ਹਨ। - ਅੰਗ : 1413

ਮਨੁੱਖ ਦੀ ਮਰਿਯਾਦਾ ਕਿਹੋ ਜਿਹੀ ਹੋਣੀ ਚਾਹੀਦੀ ਹੈ। ਜੋ ਮਨੁੱਖ ਸਤਿਗੁਰ ਦਾ ਸੱਚਾ ਸਿੱਖ ਅਖਵਾਉਂਦਾ ਹੈ, ਭਾਵ ਜਿਸ ਨੂੰ ਲੋਕ ਸੱਚਾ ਸਿੱਖ ਆਖਦੇ ਹਨ। ਉਹ ਰੋਜ਼ ਸਵੇਰੇ ਉੱਠ ਕੇ ਹਰਿ-ਨਾਮ ਦਾ ਸਿਮਰਨ ਕਰਦਾ ਹੈ। ਹਰ ਰੋਜ਼ ਸਵੇਰੇ ਉਦਮ ਕਰਦਾ ਹੈ। ਇਸ਼ਨਾਨ ਕਰਦਾ ਹੈ ਤੇ ਫਿਰ ਨਾਮ-ਰੂਪ ਅੰਮ੍ਰਿਤ ਦੇ ਸਰੋਵਰ ’ਚ ਟੁੱਭੀ ਲਾਉਂਦਾ ਹੈ। ਸਤਿਗੁਰੂ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹੈ। ਤੇ ਇਸ ਤਰ੍ਹਾਂ ਉਸ ਦੇ ਸਾਰੇ ਪਾਪ-ਵਿਕਾਰ ਲਹਿ ਜਾਂਦੇ ਹਨ। ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ। ਤੇ ਦਿਹਾੜੀ ਬਹਿੰਦਿਆਂ ਉੱਠਦਿਆਂ ਭਾਵ ਕਾਰ-ਕਿਰਤ ਕਰਦਿਆਂ ਪ੍ਰਭੂ ਦਾ ਨਾਮ ਸਿਮਰਦਾ ਹੈ। ਸਤਿਗੁਰੂ ਦੇ ਮਨ ਵਿਚ ਉਹ ਸਿੱਖ ਚੰਗਾ ਲੱਗਦਾ ਹੈ, ਜੋ ਪਿਆਰੇ ਪ੍ਰਭੂ ਨੂੰ ਹਰਦਮ ਯਾਦ ਕਰਦਾ ਹੈ। - ਅੰਗ : 305

ਮਰਿਯਾਦਾ ਤੋਂ ਅੱਗੇ ਕਰਮ ਦੀ ਵਿਆਖਿਆ ਹੈ ਕਿ ਹੇ ਨਾਨਕ! ਪੁੰਨੀ ਜਾਂ ਪਾਪ ਨਿਰਾ ਨਾਮ ਹੀ ਨਹੀਂ ਹੈ। ਭਾਵ ਨਿਰਾ ਕਹਿਣ ਮਾਤਰ ਨਹੀਂ ਹੈ। ਸੱਚਮੁੱਚ ਹੀ ਤੂੰ ਜਿਹੋ ਜਿਹੇ ਕਰਮ ਕਰੇਂਗਾ, ਤਿਹੋ ਜਿਹੇ ਸੰਸਕਾਰ ਆਪਣੇ ਅੰਦਰ ਉੱਕਰ ਕੇ ਲੈ ਜਾਏਂਗਾ। ਜੋ ਕੁੱਝ ਤੂੰ ਬੀਜੇਂਗਾ, ਉਸ ਦਾ ਫਲ ਆਪ ਹੀ ਖਾਏਂਗਾ। ਆਪਣੇ ਬੀਜੇ ਅਨੁਸਾਰ ਅਕਾਲ ਪੁਰਖ ਦੇ ਹੁਕਮ ਵਿਚ ਜਨਮ ਮਰਨ ਦੇ ਗੇੜ ਵਿਚ ਪਿਆ ਰਹੇਂਗਾ ਜਾਂ ਅਕਾਲ ਅਕਾਲ ਪੁਰਖ ਦੀ ਰਜ਼ਾ ਵਿਚ ਤੁਰ ਕੇ ਆਪਣਾ ਜਨਮ ਸਫਲ ਕਰ ਲੈਂਦਾ ਹੈ। - ਅੰਗ : 4

ਹਰੇਕ ਕਰਮ ਸਦਾ ਥਿਰ ਪ੍ਰਭੂ ਦਾ ਨਾਮ ਸਿਮਰਨ ਦੇ ਹੇਠਾਂ ਹੈ। ਸਿਮਰਨ ਰੂਪ ਕਰਮ ਸਭ ਕਰਮਾਂ, ਧਰਮਾਂ ਤੋਂ ਸ੍ਰੇਸ਼ਟ ਹੈ। ਸੱਚਾ ਆਚਰਣ ਸਮੂਹ ਤੋਂ ਉੱਚਾ ਹੈ। - ਅੰਗ : 62

ਭੇਖੀ ਬਣਕੇ ਫਿਰਨ ਨਾਲੋਂ ਗ੍ਰਿਹਿਸਥ ਚੰਗਾ ਹੈ:- ਗੁਰੂ ਨੂੰ ਮਿਲਿਆਂ ਹੀ ਮਨੁੱਖ ਦੇ ਮਨ ਦੀ ਭੁੱਖ ਦੂਰ ਹੋ ਸਕਦੀ ਹੈ। ਭੇਖਾਂ ਨਾਲ ਤ੍ਰਿਸ਼ਨਾ ਨਹੀਂ ਜਾਂਦੀ। ਭੇਖੀ ਸਾਧੂ ਤ੍ਰਿਸ਼ਨਾ ਦੇ ਦੁੱਖ ਵਿਚ ਕਲਪਦਾ ਹੈ। ਘਰ-ਘਰ ਭਟਕਦਾ ਫਿਰਦਾ ਹੈ। ਤੇ ਪਰਲੋਕ ਵਿਚ ਇਸ ਨਾਲੋਂ ਭੀ ਵਧੀਕ ਸਜ਼ਾ ਭੁਗਤਦਾ ਹੈ। ਭੇਖੀ ਸਾਧੂ ਦੇ ਮਨ ਵਿਚ ਸ਼ਾਂਤੀ ਨਹੀਂ ਆਉਂਦੀ। ਜਿਸ ਸ਼ਾਂਤੀ ਦੀ ਬਰਕਤ ਨਾਲ ਉਹ ਜੋ ਕੁੱਝ ਉਸ ਨੂੰ ਕਿਸੇ ਪਾਸੋਂ ਮਿਲੇ, ਲੈ ਕੇ ਖਾ ਲਵੇ, ਭਾਵ ਤ੍ਰਿਪਤ ਹੋ ਜਾਏ। ਪਰ ਮਨ ਦੇ ਹੇਠ ਦੇ ਆਸਰੇ ਭਿੱਖਿਆ ਮੰਗਿਆਂ ਦੋਹੀਂ ਧਿਰੀਂ ਕਲੇਸ਼ ਪੈਦਾ ਕਰਕੇ ਹੀ ਭਿੱਖਿਆ ਲਈਦੀ ਹੈ। ਇਸ ਭੇਖ ਨਾਲੋਂ ਗ੍ਰਿਹਿਸਥ ਚੰਗਾ ਹੈ, ਕਿਉਂਕਿ ਇਥੋਂ ਮਨੁੱਖ ਆਪਣੀ ਆਸ ਪੂਰੀ ਕਰ ਸਕਦਾ ਹੈ।

ਜੋ ਮਨੁੱਖ ਗੁਰੂ ਦੇ ਸ਼ਬਦ ਵਿਚ ਰੱਤੇ ਜਾਂਦੇ ਹਨ, ਉਨ੍ਹਾਂ ਨੂੰ ਉੱਚੀ ਸੂਝ ਪ੍ਰਾਪਤ ਹੁੰਦੀ ਹੈ। ਪਰ ਜੋ ਮਨੁੱਖ ਮਾਇਆ ਵਿਚ ਫਸੇ ਰਹਿੰਦੇ ਹਨ, ਉਹ ਭਟਕਦੇ ਹਨ। ਇਸ ਬਾਰੇ ਕਿ ਕੋਈ ਚੰਗੇ ਰਾਹ ਪਿਆ ਹੈ ਤੇ ਕੋਈ ਮੰਦੇ ਪਾਸੇ। ਕੁੱਝ ਆਖਿਆ ਨਹੀਂ ਜਾ ਸਕਦਾ। ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਕਾਰ ਕਮਾਉਣੀ ਪੈਂਦੀ ਹੈ।

ਹੇ ਨਾਨਕ! ਜੋ ਜੀਵ ਉਸ ਪ੍ਰਭੂ ਨੂੰ ਪਿਆਰੇ ਲੱਗਦੇ ਹਨ, ਉਹੀ ਚੰਗੇ ਹਨ। ਕਿਉਂਕਿ ਹੇ ਪ੍ਰਭੂ ਤੂੰ ਉਨ੍ਹਾਂ ਦੀ ਇੱਜ਼ਤ ਥਾਂਇ ਪਾਉਂਦਾ ਹੈ, ਭਾਵ ਲਾਜ ਰੱਖਦਾ ਹੈਂ। - ਅੰਗ : 587

ਇਸ ਜਨਮ ਵਿਚ ਪ੍ਰਮਾਤਮਾ ਨਾਲ ਮਿਲਣ ਦਾ ਮੌਕਾ ਹੈ - ਹੇ ਭਾਈ ਤੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਪ੍ਰਮਾਤਮਾ ਨਾਲ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ। ਜੇ ਪ੍ਰਭੂ ਨਾਲ ਮਿਲਣ ਦਾ ਕੋਈ ਉੱਦਮ ਨਾਂਹ ਕੀਤਾ, ਤਾਂ ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਭੀ ਅਰਥ ਨਹੀਂ। ਤੇਰੀ ਜ਼ਿੰਦ ਨੂੰ ਕੋਈ ਲਾਭ ਨਹੀਂ ਅਪੜਾਣਗੇ। ਇਸ ਵਾਸਤੇ ਸਾਧ-ਸੰਗਤ ਵਿਚ ਭੀ ਮਿਲ ਬੈਠਿਆ ਕਰ। ਸਾਧ-ਸੰਗਤ ਵਿਚ ਬੈਠ ਕੇ ਭੀ ਸਿਰਫ ਪ੍ਰਮਾਤਮਾ ਦਾ ਨਾਮ ਸਿਮਰਿਆ ਕਰ। ਸਾਧ-ਸੰਗਤ ਵਿਚ ਬੈਠਣ ਦਾ ਭੀ ਤਦੋਂ ਹੀ ਲਾਭ ਹੈ, ਜੇ ਉਥੇ ਤੂੰ ਪ੍ਰਮਾਤਮਾ ਦੀ ਸਿਫਤ ਸਲਾਹ ਵਿਚ ਜੁੜੇਂ।

ਹੇ ਭਾਈ! ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਦੇ ਭੀ ਆਹਰੇ ਲੱਗੇ। ਨਿਰੇ ਮਾਇਆ ਦੇ ਪਿਆਰ ’ਚ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ। ਰਹਾਉ॥

ਹੇ ਭਾਈ! ਤੂੰ ਪ੍ਰਭੂ ਦਾ ਸਿਮਰਨ ਨਹੀਂ ਕਰਦਾ। ਪ੍ਰਭੂ ਨੂੰ ਮਿਲਣ ਲਈ ਸੇਵਾ ਆਦਿਕ ਦਾ ਕੋਈ ਉੱਦਮ ਨਹੀਂ ਕਰਦਾ। ਮਨ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਤੂੰ ਯਤਨ ਨਹੀਂ ਕਰਦਾ। ਤੂੰ ਅਜਿਹਾ ਕੋਈ ਧਰਮ ਨਹੀਂ ਕਮਾਉਂਦਾ। ਨਾ ਤੂੰ ਗੁਰੂ ਦੀ ਸੇਵਾ ਕੀਤੀ। ਨਾ ਤੂੰ ਮਾਲਕ ਪ੍ਰਭੂ ਦਾ ਨਾਮ ਸਿਮਰਨ ਕੀਤਾ। ਹੇ ਨਾਨਕ! ਪ੍ਰਭੂ ਦੇ ਦਰ ’ਤੇ ਅਰਦਾਸ ਕਰ ਤੇ ਆਖ - ਹੇ ਪ੍ਰਭੂ! ਅਸੀਂ ਜੀਵ ਮੰਦ-ਕਰਮੀ ਹਾਂ। ਤੇਰੀ ਸ਼ਰਨ ਪਏ ਹਾਂ। ਸ਼ਰਨ ਪਿਆਂ ਦੀ ਲਾਜ਼ ਰੱਖ। - ਅੰਗ : 12

ਅੰਤਿਕਾ: ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ, ਸਿੱਖ ਧਰਮ ਦੀ ਨੀਂਹ ਸਤਿ ’ਤੇ ਰੱਖੀ। ਜਿਸ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇਕ ਅਜਿਹੇ ਗ੍ਰੰਥ ਹਨ, ਜੋ ਗੁਰੂ ਦੀ ਉਪਾਧੀ ਨਾਲ ਸਨਮਾਨੇ ਜਾਂਦੇ ਹਨ। ਸਿੱਖਿਆ ਮਾਨਵ ਜਾਤੀ ਲਈ ਸਾਂਝੀ ਹੈ, ਜੋ ਅਧਿਆਤਮਕ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਤੋਂ ਵਿਸ਼ਵ ਵਿਆਪੀ ਹੈ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਿੱਖ-ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ - ਸਭ ਸਿੱਖਣ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ॥ ਸ਼ਬਦ ਗੁਰੂ ਨਾਲ ਜੋੜ ਕੇ, ਦੇਹਧਾਰੀ ਦੀ ਪ੍ਰਥਾ ਨੂੰ ਖਤਮ ਕੀਤਾ। ਗੁਰਬਾਣੀ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਚ ਸਿਖਾਉਂਦਾ ਹੈ। ਇਹ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨਾਲ ਹੋਰ ਮਹਾਨ ਭਗਤਾਂ, ਭੱਟਾਂ ਅਤੇ ਸਿੱਖ ਬਾਣੀਕਾਰਾਂ ਦੀ ਬਾਣੀ ਕਰਜ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦਿੱਤਾ। ਪਵਿੱਤਰ ਬਾਣੀ ਰੱਬ ’ਚ ਵਿਸ਼ਵਾਸ ਰੱਖ ਕੇ ਉਸ ਦਾ ਨਾਮ ਜਪਣਾ ਹੈ। ਆਪਸੀ ਮੇਲ-ਜੋਲ ਵਿਚ ਰਹਿਣਾ। ਨਿੱਜ ਸਵਾਰਥ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਕਰਨੀ। ਨੈਤਿਕ ਜੀਵਨ ਜਿਊਣਾ। ਹੱਕ-ਸੱਚ ਲਈ ਜੂਝ ਜਾਣਾ। ਸਰਬੱਤ ਦਾ ਭਲਾ ਮੰਗਣਾ, ਦਾ ਉਪਦੇਸ਼ ਹੈ।

ਭਗਤੀ ਲਹਿਰ ਦਾ ਪ੍ਰਭਾਵ ਵਿਸ਼ਵ ਧਰਮਾਂ ’ਤੇ ਹੈ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਹੈ।







**Matrimonial**

Handsome Jat sikh Johal boy, 1995/6’2", B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & settled in (Reno, USA) & younger sister doctor). Required beautiful, tall, professionally qualified US citizen Jat sikh girl. Please contact on +91 98141-20374 (Father ,India) or 775-357-4816 (Sister, USA) or Email on Simjohal174@gmail.com

**Matrimonial**

Jatt Sikh, 29 Years, 5’8’’, Beautiful Girl, Doctor (Residency Second year in Internal Medicine), US Citizen, looking for suitable match in California. Please Contact @ 209-609-6223.

38

# ਸ਼ੀਸ਼ੇ ਦੀ ਟੁੱਕਰੀ

-ਡਾ. ਮਨਜੀਤ ਸਿੰਘ ਬੱਲ
ਪਟਿਆਲਾ
98728-43491
(Punjab Mail USA)





ਪੰਜਾਬ ਤੋਂ ਇਕ ਯੂਨੀਵਰਸਿਟੀ ਦੇ ਪ੍ਰੋਫੈਸਰ, ਸੁਰਜੀਤ ਸਿੰਘ ਨੂੰ ਆਸਟ੍ਰੇਲੀਆ ਵਿਖੇ, ਫਿਜ਼ਿਕਸ ਦੇ ਵਿਗਿਆਨੀਆਂ ਦੀ ਅੰਤਰਰਾਸ਼ਟਰੀ ਮੀਟਿੰਗ 'ਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਸੀ। ਸਿਡਨੀ ਹਵਾਈ ਅੱਡੇ 'ਤੇ ਦੋ ਜੂਨੀਅਰ ਸਾਇੰਸਦਾਨਾਂ ਨੇ ਪ੍ਰੋਫੈਸਰ ਦਾ ਸਵਾਗਤ ਕੀਤਾ। ਪੰਜਾਹ ਮੰਜ਼ਿਲਾਂ ਵਾਲੇ ਗਗਨ ਚੁੰਬੀ (Skys Scraper) ਟਾਵਰ ਦੀ 30ਵੀਂ ਛੱਤ 'ਤੇ, ਵੱਡੇ ਹੋਟਲ ਵਿਚ ਪ੍ਰੋਫੈਸਰ ਵਾਸਤੇ ਇਕ ਕਮਰਾ ਬੁੱਕ ਸੀ। ਕਮਰੇ 'ਚ ਪਹੁੰਚ ਕੇ ਉਸ ਨੇ ਆਲੀਸ਼ਾਨ ਕਮਰੇ ਦਾ ਜਾਇਜ਼ਾ ਲਿਆ। ਬੇਹੱਦ ਆਧੁਨਿਕ ਫਿਟਿੰਗਜ਼ ਵਾਲਾ ਸੀ ਹੋਟਲ ਦਾ ਇਹ ਕਮਰਾ। ਟੀ.ਵੀ., ਏ.ਸੀ., ਕਮਰੇ ਦੀਆਂ ਲਾਇਟਾਂ, ਪੱਖਾ, ਦਰਵਾਜ਼ਾ ਆਦਿ ਸਭ ਕੁਝ, ਰੀਮੋਟ ਨਾਲ ਚੱਲਦਾ ਸੀ।

ਡ੍ਰੈਸਿੰਗ ਰੂਮ 'ਚ ਲਾਇਟਾਂ ਅਤੇ ਬਹੁਤ ਸਾਰੇ ਸ਼ੀਸ਼ੇ ਲੱਗੇ ਹੋਏ ਸਨ। ਉਪਰੋਂ, ਹੇਠੋਂ, ਖੱਬੇ, ਸੱਜੇ, ਸਾਰੇ ਹੀ ਕੋਣਾਂ (Angles) ਤੋਂ ਡ੍ਰੈਸ 'ਤੇ ਆਪਣਾ ਆਪ ਨਜ਼ਰ ਆਉਂਦਾ ਸੀ। ਫਿਜ਼ਿਕਸ ਦੇ "ਲਾਅ ਆਫ ਰਿਫਲੈਕਸ਼ਨ" ਅਨੁਸਾਰ ਆਹਮੋ-ਸਾਹਮਣੇ ਲੱਗੇ ਸ਼ੀਸ਼ਿਆਂ ਨਾਲ, ਅਣਗਿਣਤ ਪ੍ਰਤੀਬਿੰਬ ਬਣ ਰਹੇ ਸਨ। ਉਪਰੋਂ ਵੇਖਣ ਨਾਲ ਪੱਗ ਦਾ ਸਾਰੇ ਲੜ, ਵੱਟ 'ਤੇ ਪਿੰਨਾਂ, ਸਾਫ ਦਿਸ ਰਹੇ ਸਨ। ਆਪਣੇ ਆਪ ਨੂੰ ਸਾਰਿਆਂ ਪਾਸਿਆਂ ਤੋਂ ਵੇਖ ਕੇ ਖੁਸ਼ ਹੁੰਦਾ ਹੋਇਆ ਸੁਰਜੀਤ, "ਸਿੰਘ ਇਜ਼ ਕਿੰਗ...., ਸਿੰਘ ਇਜ਼ ਕਿੰਗ...", ਗੁਣਗੁਣਾਉਂਦਾ ਹੋਇਆ, ਪੱਗ ਅਤੇ ਬੂਟ ਲਾਹ ਕੇ ਟਾਇਲੈਟ ਵਿਚ ਵੜ ਗਿਆ।

ਕਮਰੇ 'ਚ ਆ ਕੇ ਪਰਦਾ ਹਟਾ ਕੇ ਬਾਰੀ 'ਚੋਂ ਦੇਖਿਆ। ਦੂਰ-ਦੂਰ ਤੱਕ ਵਿਸ਼ਾਲ ਸਮੁੰਦਰ, ਇਸ ਵਿਚ ਤੈਰਦੇ ਹੋਏ ਛੋਟੇ-ਵੱਡੇ ਬੇੜੇ, ਪਾਣੀ ਦੀਆਂ ਛੱਲਾਂ, ਕਿਨਾਰੇ ਦੀ ਹਰਿਆਵਲ, ਬੀਚ ਦੀ ਰੌਣਕ, ਨਹਾਉਂਦੇ, ਖੇਡਾਂ ਖੇਡਦੇ ਤੇ ਧੁੱਪ ਇਸ਼ਨਾਨ ਕਰਦੇ ਹੋਏ ਜਵਾਨ ਜੋੜੇ । ਇਸ 30ਵੀਂ ਛੱਤ ਤੋਂ ਹੇਠਾਂ ਵੇਖਣ ਦਾ ਨਜ਼ਾਰਾ, ਦਿਲਕਸ਼ ਸੀ। ਹੇਠਾਂ ਸਵਿਮਿੰਗ ਪੂਲ ਵਿਚ ਮੇਮਾਂ ਤੇ ਅੰਗਰੇਜ਼ ਨਹਾ ਰਹੇ ਸਨ। ਉਚਾਈ ਤੋਂ ਸਮੁੰਦਰ ਦੇ ਨਜ਼ਾਰਿਆਂ ਦੀਆਂ ਫੋਟੋ ਖਿੱਚਣ ਲਈ ਕਾਹਲੀ ਵਿਚ ਉਸ ਨੇ ਬੈਗ 'ਚੋਂ ਡਿਜੀਟਲ ਕੈਮਰਾ ਕੱਢਿਆ। ਬਾਰੀ ਦੀ ਤਾਕੀ ਖੋਹਲਕੇ ਵੱਖ-ਵੱਖ ਦਿਸ਼ਾਵਾਂ ਦੇ ਦ੍ਰਿਸ਼, ਕੈਮਰਾ ਬੰਦ ਕੀਤੇ। ਤਾਕੀ ਬੰਦ ਕਰਨ ਲੱਗਿਆਂ ਉਹਨੇ, ਬਾਹਰਵਾਰ ਪਈ ਹੋਈ ਸ਼ੀਸ਼ੇ ਦੀ ਇਕ ਟੁੱਕਰੀ ਫੜ ਲਈ। ਡ੍ਰੈਸਿੰਗ ਰੂਮ 'ਚ, ਟੁੱਕਰੀ ਨੂੰ ਹਥੇਲੀ 'ਤੇ ਰੱਖ ਕੇ ਵੇਖਣ ਲੱਗਾ। ਆਪਣੇ ਪ੍ਰਤੀਬਿੰਬਾਂ ਦੇ ਨਾਲ-ਨਾਲ ਉਸਨੂੰ, ਅਨੇਕਾਂ ਹੀ ਸ਼ੀਸ਼ੇ ਦੀਆਂ ਟੁੱਕਰੀਆਂ ਦਿਸ ਰਹੀਆਂ ਸਨ। ਉਹਦੇ ਦਿਮਾਗ਼ ਦੇ ਪਰਦੇ 'ਤੇ, 40ਸਾਲ ਪੁਰਾਣੀਆਂ ਘਟਨਾਵਾਂ ਦੀ ਫਿਲਮ ਘੁੰਮਣ ਲੱਗੀ।

ਗਰੀਬ ਮਜ਼ਦੂਰ ਬੰਤਾ ਸਿੰਘ ਦੇ ਵਿਚਕਾਰਲੇ ਮੁੰਡੇ ਸੁਰਜੀਤ ਨੇ, ਜਦ ਪਿੰਡ ਦੇ ਸਕੂਲ ਤੋਂ ਚੰਗੇ ਨੰਬਰਾਂ 'ਚ ਅੱਠਵੀਂ ਜਮਾਤ ਪਾਸ ਕਰ ਲਈ, ਤਾਂ ਵੱਡੇ ਭਰਾ ਹਰਸ਼ਰਨ ਨੇ, ਉਹਨੂੰ ਸ਼ਹਿਰ ਦੇ ਸਕੂਲ 'ਚ ਦਾਖ਼ਲ ਕਰਵਾ ਦਿੱਤਾ। ਸ਼ਾਦੀਸ਼ੁਦਾ ਹਰਸ਼ਰਨ ਵੀ ਸ਼ਹਿਰ ਵਿਚ ਹੀ ਬਿਜਲੀ ਦਾ ਕੰਮ ਕਰਦਾ ਸੀ। ਪਿੰਡ ਤੋਂ ਸ਼ਹਿਰ, ਸਕੂਲ ਆਉਣ-ਜਾਣ ਲਈ ਸੁਰਜੀਤ ਨੂੰ 40 ਕਿਲੋਮੀਟਰ ਪੈਂਡਾ ਰੋਜ਼ ਸਾਇਕਲ 'ਤੇ ਹੀ ਕਰਨਾ ਪੈਂਦਾ ਸੀ। ਕੁਝ ਪੈਸੇ ਜੋੜ ਕੇ, ਪਿਛਲੇ ਸਾਲ ਸ਼ਹਿਰ ਦੀ ਬਾਹਰਲੀ ਆਬਾਦੀ ਵਿਚ ਸਸਤੇ ਭਾਅ ਖਰੀਦੇ ਪਲਾਟ ਵਿਚ, ਬੰਤਾ ਸਿੰਘ ਨੇ ਨਲਕਾ ਲਵਾ ਦਿੱਤਾ ਤੇ ਕੁਝ ਇੱਟਾਂ ਸੁੱਟਵਾ ਦਿੱਤੀਆਂ ਕਿ ਚਲੋ ਹੌਲੀ-ਹੌਲੀ ਛੋਟਾ ਜਿਹਾ ਕਮਰਾ ਬਣਾ ਦਿਆਂਗੇ।

"ਲੈ ਕਾਕਾ.., ਆਪਣਾ ਬਸਤਾ ਇੱਥੇ ਈ ਰੱਖ ਲਾ, ਸਵੇਰੇ ਤੈਨੂੰ ਸੌਖ ਰਿਹਾ ਕਰੂ, ਇੱਥੋਂ ਈ ਚਲੇ ਜਾਇਆ ਕਰੀਂ, ਸਕੂਲ ਇੱਥੋਂ ਨੇੜੇ ਈ ਆ..., ਨਾਲੇ ਚੌਕੀਦਾਰਾ ਹੋ ਜੂ..।" ਬੰਤਾ ਸਿੰਘ ਨੇ ਸੁਰਜੀਤ ਨੂੰ ਪਲੋਸਦਿਆਂ ਕਿਹਾ, "ਸਵੇਰੇ ਕੰਮ 'ਤੇ ਆਉਣ ਵੇਲੇ, ਮੈਂ ਜਾਂ ਹਰਸ਼ਰਨ ਤੇਰੇ ਵਾਸਤੇ ਰੋਟੀ ਲੈ ਆਇਆ ਕਰਾਂਗੇ।"

ਭਾਵੇਂ ਖੁੱਲ੍ਹੇ ਮੈਦਾਨ ਵਿਚ ਹੀ ਸੌਣਾ ਪੈਣਾ ਸੀ, ਫਿਰ ਵੀ ਸੁਰਜੀਤ ਖੁਸ਼ ਸੀ ਕਿ ਸ਼ਹਿਰ ਵਿਚ ਆਪਣਾ ਪਲਾਟ ਤਾਂ ਹੈ ਨਾ; ਨਾਲੇ ਸਾਇਕਲ 'ਤੇ ਪਿੰਡ ਦਾ ਪੈਂਡਾ ਨਹੀਂ ਕਰਨਾ ਪੈਣਾ। ਪਹਿਲੇ ਦਿਨ ਸਵੇਰੇ ਦਾਤਣ-ਕੁਰਲਾ, ਇਸ਼ਨਾਨ, ਸਭ ਹੋ ਗਿਆ। ਪਰ ਸੋਚਣ ਲੱਗਾ ਕਿ ਸ਼ੀਸ਼ੇ ਤੋਂ ਬਿਨਾ ਪੱਗ ਕਿਵੇਂ ਬੰਨ੍ਹਣੀ ਏ? ਅਚਾਨਕ ਉਹਨੂੰ ਫੁਰਨਾ ਫੁਰਿਆ। ਸੂਰਜ ਚੜ੍ਹ ਚੁੱਕਾ ਸੀ। ਨਲਕਾ ਗੇੜ ਕੇ ਬਾਲਟੀ ਭਰ ਲਈ। ਸੂਰਜ ਵੱਲ ਮੂੰਹ ਕਰਕੇ ਪਾਣੀ ਵਿਚ ਵੇਖ-ਵੇਖ ਕੇ ਪੱਗ ਬੰਨ੍ਹ ਲਈ। ਹੁਣ ਉਹ ਰੋਜ਼ਾਨਾ, ਇਵੇਂ ਹੀ ਕਰ ਲੈਂਦਾ ਸੀ।

ਕੁਝ ਦਿਨਾਂ ਬਾਅਦ ਸਵੇਰੇ ਉਠ ਕੇ ਉਹ, ਨੀਂਹ ਪੁੱਟਣ ਲੱਗ ਪਿਆ। ਅਜੇ ਕਹੀ ਦੇ ਚਾਰ ਹੀ ਟੱਪ ਮਾਰੇ ਸਨ ਕਿ ਜ਼ਮੀਨ ਹੇਠੋਂ ਸ਼ੀਸ਼ੇ ਦੀ ਇਕ ਟੁੱਕਰੀ ਮਿਲੀ। ਉਹਨੂੰ ਪੱਗ ਬੰਨ੍ਹਣ ਦਾ ਖਿਆਲ ਆਇਆ, ਤਾਂ ਜਲਦੀ ਨਾਲ ਮਿੱਟੀ ਹਟਾ ਕੇ ਸ਼ੀਸ਼ਾ ਪੁੱਟਣ ਲੱਗਾ। ਉਂਗਲ ਕੱਟੀ ਗਈ। ਮਿੱਟੀ ਤੇ ਲਹੂ ਨਾਲ ਹੱਥ ਲਿੱਬੜ ਗਿਆ। "ਚਲੋ ਕੋਈ ਗੱਲ ਨਹੀਂ", ਨਲਕੇ ਤੋਂ ਹੱਥ ਧੋਤਾ ਤੇ ਚੀਰੇ ਵਾਲੀ ਜਗ੍ਹਾ 'ਤੇ ਪਿਸ਼ਾਬ ਕਰ ਲਿਆ। ਉਹਨੂੰ ਸ਼ੀਸ਼ੇ ਦੀ ਟੁੱਕਰੀ ਮਿਲਣ ਦਾ ਬੜਾ ਚਾਅ ਸੀ ਕਿ ਅੱਜ ਪਾਣੀ ਦੀ ਬਾਲਟੀ ਦੀ ਬਜਾਏ, ਸ਼ੀਸ਼ਾ ਵੇਖ ਕੇ ਪੱਗ ਬੰਨ੍ਹੇਗਾ।

ਸਮਾਂ ਬੀਤਦਾ ਗਿਆ। ਸੁਰਜੀਤ ਦੀ ਮਿਹਨਤ ਤੇ ਬੰਤਾ ਸਿੰਘ ਦੀ ਦਸਾਂ-ਨੂੰਹਾਂ ਦੀ ਕ੍ਰਿਤ ਰੰਗ ਲਿਆਈ। ਉਹਨੇ ਐੱਮ.ਐੱਸ.ਸੀ. ਫਿਜ਼ਿਕਸ ਦੀ ਪੜ੍ਹਾਈ ਪੂਰੀ ਕਰ ਲਈ ਤੇ ਯੂਨੀਵਰਸਿਟੀ 'ਚ ਨੌਕਰੀ 'ਤੇ ਲੱਗ ਗਿਆ। ਇਸ ਸਮੇਂ ਦੌਰਾਨ ਸ਼ਹਿਰ ਵਾਲੇ ਪਲਾਟ 'ਤੇ ਬੰਤਾ ਸਿੰਘ ਤੇ ਹਰਸ਼ਰਨ ਦੀ ਸਾਂਝੀ ਕਮਾਈ ਨਾਲ ਦੋ ਕਮਰੇ ਬਣ ਚੁੱਕੇ ਸਨ। ਘਰ ਵਾਲੀ ਦੇ ਕਹਿਣ 'ਤੇ ਹਰਸ਼ਰਨ, ਬੱਚਿਆਂ ਸਮੇਤ ਪਿੰਡ ਵਾਲਾ ਘਰ ਛੱਡ ਕੇ ਸ਼ਹਿਰ ਸ਼ਿਫਟ ਕਰ ਚੁੱਕਾ ਸੀ।

ਸੁਰਜੀਤ ਦੀ ਮੰਗਣੀ ਦੀ ਗੱਲ ਚੱਲੀ, ਕੁੜੀ ਸੋਹਣੀ ਤੇ ਪੜ੍ਹੀ-ਲਿਖੀ ਸੀ, ਰਿਸ਼ਤੇਦਾਰ ਚੰਗੇ ਸਨ। ਰੱਤੋਕੇ ਪਿੰਡ ਦਾ ਪਾਲਾ ਸਿੰਘ, ਮੁੰਡੇ ਨੂੰ ਸ਼ਹਿਰ ਵਾਲੇ ਘਰ ਹੀ ਵੇਖ ਗਿਆ ਤੇ ਪਸੰਦ ਕਰ ਗਿਆ। ਕੁਝ ਦਿਨਾਂ 'ਚ ਹੀ ਸ਼ਗਨ ਲੱਗ ਗਿਆ। ਪਰ ਵਿਆਹ ਦੀ ਮਿੱਥੀ ਤਰੀਕ ਤੋਂ ਕੁਝ ਦਿਨ ਪਹਿਲਾਂ ਜਦ ਪਾਲਾ ਸਿੰਘ, ਹਰਸ਼ਰਨ ਦੇ ਘਰ ਆਇਆ, ਤਾਂ ਉਹਦੀ ਘਰਵਾਲੀ ਨੇ ਸਾਫ ਲਫਜ਼ਾਂ ਵਿਚ ਕਹਿ ਦਿੱਤਾ, "ਅੰਕਲ ਜੀ., ਇਹ ਸ਼ਹਿਰ ਵਾਲਾ ਘਰ ਮੇਰੇ ਨਾਂ 'ਤੇ ਹੈਗਾ ਜੇ, ਇਹਦੇ ਵਿਚ ਸੁਰਜੀਤ ਦਾ ਕੋਈ ਹਿੱਸਾ ਨਹੀਂ ਜੇ....., ਗੱਲ ਪਹਿਲਾਂ ਹੀ ਸਾਫ ਕਰ ਲੈਣੀ ਚੰਗੀ ਹੁੰਦੀ ਆ"।

ਪਾਲਾ ਸਿੰਘ ਹੈਰਾਨ-ਪ੍ਰੇਸ਼ਾਨ ਹੋ ਕੇ, ਬੰਤਾ ਸਿੰਘ ਨੂੰ ਮਿਲਣ ਪਿੰਡ ਗਿਆ, ਜਿੱਥੇ ਸੁਰਜੀਤ ਸਮੇਤ ਬਾਕੀ ਸਾਰਾ ਟੱਬਰ ਘਰੇ ਹੀ ਸੀ। ਉਹ ਦੀ ਗੱਲ ਸੁਣ ਕੇ ਬੰਤਾ ਸਿੰਘ, ਸੁਰਜੀਤ ਤੇ ਉਹਦੀ ਮਾਂ ਨਸੀਬੋ ਦੇ ਸ਼ੀਸ਼ਿਆਂ ਵਰਗੇ ਦਿਲਾਂ ਦੀਆਂ ਟੁੱਕਰੀਆਂ-ਟੁੱਕਰੀਆਂ ਹੋ ਗਈਆਂ।

ਪਰ ਸੋਚ ਵਿਚਾਰ ਤੋਂ ਬਾਅਦ, ਸੁੱਘੜ ਸਿਆਣੇ ਪਾਲਾ ਸਿੰਘ ਨੇ, ਮੁੰਡੇ ਦੀ ਪੜ੍ਹਾਈ, ਨੌਕਰੀ ਉਨ੍ਹਾਂ ਦੇ ਤੇ ਪਰਿਵਾਰ ਦੀ ਸਮੱਸਿਆ ਨੂੰ ਸਮਝਦੇ ਹੋਏ ਮਿੱਥੀ ਤਰੀਕ 'ਤੇ ਹੀ ਵਿਆਹ ਕਾਰਨ ਦਾ ਫੈਸਲਾ ਕੀਤਾ।

"ਟ੍ਰਨ..ਨ..ਨ..ਨ.." ਇੰਟਰਕੌਮ ਫੋਨ ਦੀ ਘੰਟੀ ਵੱਜੀ।

ਪ੍ਰੋਫੇਸਰ ਸੁਰਜੀਤ ਤ੍ਰਭਕ ਜਿਹਾ ਗਿਆ।

"ਹੈਲੋ......"।

"ਐਨੀ ਥਿੰਗ ਯੂ ਨੀਡ ਸਰ...?" (ਜਨਾਬ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸੋ)

"ਨੋ..ਨੋ..ਥੈਂਕਸ.." ਕਹਿ ਕੇ ਉਹਨੇ, ਰਿਸੀਵਰ ਰੱਖ ਦਿੱਤਾ। ਉਹ ਉਠਿਆ, ਉਹਦੇ ਹੱਥ ਵਿਚ ਸ਼ੀਸ਼ੇ ਦੀ ਟੁੱਕਰੀ ਸੀ, ਥੋੜ੍ਹਾ ਜਿਹਾ ਖੂਨ ਵੀ ਨਿਕਲਿਆ ਹੋਇਆ ਸੀ, ਪਰ ਪੱਗ ਬੰਨ੍ਹਣ ਤੇ ਤਿਆਰ ਹੋਣ ਲਈ ਡ੍ਰੈਸਿੰਗ ਰੂਮ ਵਿਚ, ਉਹਦੇ ਆਲੇ-ਦੁਆਲੇ ਸ਼ੀਸ਼ੇ ਹੀ ਸ਼ੀਸ਼ੇ ਸਨ। ਫਰੈਸ਼ ਹੋਣ ਲਈ ਜਲਦੀ ਨਾਲ ਉਹ ਬਾਥਰੂਮ ਵਿਚ ਵੜ ਗਿਆ। ਅਗਲੇ ਦਿਨ ਫਿਜ਼ਿਕਸ ਦੀ ਮੀਟਿੰਗ ਵਿਚ ਉਸਨੇ "ਰੂਲਜ਼ ਆਫ ਰੀਫਲੈਕਸ਼ਨ" ਵਿਸ਼ੇ 'ਤੇ ਆਪਣਾ ਸ਼ੋਧ ਪੱਤਰ ਪੜ੍ਹਨਾ ਸੀ।

XANDER
SEE HOW MUCH YOUR HOME
IS WORTH IN CALIFORNIA
ਕੈਲੀਫੋਰਨੀਆ 'ਚ ਆਪਣੇ ਘਰ ਦੀ
ਕੀਮਤ ਜਾਨਣ ਲਈ ਕਾਲ ਕਰੋ।
916-320-9444
9281 Office Park Circle # 150, Elk Grove CA 95758
Xander Mortgage & Real Estate Inc.
garysingh123@gmail.com



GURJATINDER S. RANDHAWA
REALTOR CA BRE LICENCE # 01490567

## ਨਾਨਕਸ਼ਾਹੀ ਕੈਲੰਡਰ ਵਿਵਾਦ

# ਸੁਆਲ ਸੁਤੰਤਰ ਹੋਂਦ 'ਤੇ ਅੱਡਰੀ ਪਛਾਣ ਦਾ

**ਜਸਵੰਤ ਸਿੰਘ ਅਜੀਤ**
Mobile : +91-95827-19890
E-Mail : jaswantsinghajit@gmail.com
Address : Jaswant Singh Ajit, Senior Journalist
51, Sheetal Apartment, Plot no. 12,
Sector 14, Rohini DELHI-110085
(Punjab Mail USA)



ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਜੋ ਵਿਵਾਦ ਸੰਨ-2003 ਵਿਚ, ਇਸਨੂੰ ਜਾਰੀ ਕੀਤੇ ਜਾਣ ਦੇ ਨਾਲ ਹੀ ਆਰੰਭ ਹੋ ਗਿਆ ਸੀ, ਉਹ ਅੱਜ, ਲਗਭਗ 17 ਵਰ੍ਹੇ ਬੀਤ ਜਾਣ 'ਤੇ ਵੀ ਮੁੱਕਣ ਦਾ ਨਾਂ ਨਹੀਂ ਲੈ ਰਿਹਾ। ਜੇ ਵੇਖਿਆ ਜਾਏ ਤਾਂ ਇਹ ਵਿਵਾਦ ਮੁੱਕਣ ਜਾਂ ਘਟਣ ਦੀ ਬਜਾਏ, ਲਗਾਤਾਰ ਵਧਦਾ ਹੀ ਚਲਿਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਵਿਵਾਦ ਦੇ ਵਧਦਿਆਂ ਜਾਣ ਕਾਰਣ, ਇਸਦੇ ਨਾਂ 'ਤੇ ਸਿੱਖਾਂ ਵਿਚ ਜੋ ਵੰਡੀਆਂ ਪੈਣ ਅਤੇ ਸਿੱਖੀ ਦਾ ਘਾਣ ਹੋਣ ਦੀਆਂ ਸੰਭਾਵਨਾਵਾਂ ਬਣਦੀਆਂ ਜਾ ਰਹੀਆਂ ਹਨ, ਉਨ੍ਹਾਂ ਨੂੰ ਨਾ ਤਾਂ ਕੋਈ ਗੰਭੀਰਤਾ ਨਾਲ ਲੈਣ ਲਈ ਅਤੇ ਨਾ ਹੀ ਕੋਈ ਇਸਨੂੰ ਸਵੀਕਾਰ ਕਰਨ ਲਈ ਤਿਆਰ ਹੋ ਰਿਹਾ ਹੈ। ਸਾਰੇ ਹੀ ਹਉਮੈ ਦਾ ਸ਼ਿਕਾਰ ਹੋ ਅੜੀ ਕਰੀ ਬੈਠੇ ਹਨ।

ਅੱਜ ਜੋ ਸਥਿਤੀ ਸਾਡੇ ਸਾਹਮਣੇ ਹੈ, ਉਹ ਇਹ ਹੈ ਕਿ ਨਾ ਤਾਂ ਸੰਨ-2003 ਵਿਚ ਲਾਗੂ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਦੇ ਸਮਰਥਕ ਇਹ ਗੱਲ ਸਵੀਕਾਰ ਕਰਨ ਲਈ ਤਿਆਰ ਹਨ ਕਿ ਜਿਸ ਉਦੇਸ਼ ਨਾਲ ਇਸ ਕੈਲੰਡਰ ਨੂੰ ਲਾਗੂ ਕੀਤਾ ਗਿਆ ਸੀ ਕਿ ਇਸਦੇ ਲਾਗੂ ਹੋ ਜਾਣ ਨਾਲ ਸਿੱਖ ਧਰਮ ਦੀ ਸੁਤੰਤਰ ਹੋਂਦ ਅਤੇ ਸਿੱਖਾਂ ਦੀ ਅੱਡਰੀ ਪਛਾਣ ਨੂੰ ਮਾਨਤਾ ਮਿਲ ਜਾਏਗੀ, ਨਾ ਤਾਂ ਉਹ ਪੂਰਾ ਹੋ ਸਕਿਆ ਹੈ ਅਤੇ ਨਾ ਹੀ ਸੰਨ-2009 ਵਿਚ ਸੋਧ ਕੇ ਜਾਰੀ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਦੇ ਹਿਮਾਇਤੀ ਇਹ ਸਵੀਕਾਰ ਕਰਨ ਲਈ ਤਿਆਰ ਹਨ ਕਿ ਜਿਸ ਉਦੇਸ਼ ਦੀ ਪੂਰਤੀ ਦਾ ਦਾਅਵਾ ਕਰਦਿਆਂ ਇਹ ਕੈਲੰਡਰ ਸੋਧਿਆ ਗਿਆ ਕਿ ਇਸ ਨਾਲ ਪੰਥ ਵਿਚ ਏਕਤਾ ਕਾਇਮ ਹੋ ਜਾਇਗੀ, ਨਾ ਹੀ ਉਹ ਪੂਰਾ ਹੋ ਸਕਿਆ ਹੈ। ਸੱਚਾਈ ਤਾਂ ਇਹ ਹੈ ਕਿ ਇਨ੍ਹਾਂ ਦੋਹਾਂ ਸਥਿਤੀਆਂ ਕਾਰਣ ਪੰਥ ਵਿਚ ਪਹਿਲਾਂ ਨਾਲੋਂ ਵੀ ਕਿਤੇ ਵੱਧ ਵੰਡੀਆਂ ਪੈ ਗਈਆਂ ਹਨ ਅਤੇ ਇਸਦੇ ਨਾਲ ਹੀ ਸੱਚਾਈ ਇਹ ਵੀ ਹੈ ਕਿ ਇਨ੍ਹਾਂ ਸਥਿਤੀਆਂ ਨੇ ਹੀ ਪੰਥ ਵਿਚ ਫੁੱਟ ਪੈਦਾ ਕਰ, ਉਸਨੂੰ ਵਧਾਉਣ ਅਤੇ ਸਿੱਖੀ ਦੇ ਘਾਣ ਨੂੰ ਹੱਲਾਸ਼ੇਰੀ ਦੇਣ ਵਿਚ ਮੁੱਖ ਭੂਮਿਕਾ ਅਦਾ ਕੀਤੀ ਹੈ।


ਸੁਆਲ ਉਠਦਾ ਹੈ ਕਿ ਕੀ ਕੋਈ ਕੈਲੰਡਰ ਕਿਸੇ ਧਰਮ ਦੀ ਸੁਤੰਤਰ ਹੋਂਦ ਜਾਂ ਉਸਦੇ ਪੈਰੋਕਾਰਾਂ ਦੀ ਅੱਡਰੀ ਪਛਾਣ ਨੂੰ ਮਾਨਤਾ ਦੁਆਉਣ ਵਿਚ ਯੋਗਦਾਨ ਪਾ ਸਕਦਾ ਹੈ? ਜਿੱਥੋਂ ਤੱਕ ਸਿੱਖ ਧਰਮ ਦੀ ਸੁਤੰਤਰ ਹੋਂਦ ਅਤੇ ਸਿੱਖਾਂ ਦੀ ਅੱਡਰੀ ਪਛਾਣ ਦੀ ਮਾਨਤਾ ਦਾ ਸੁਆਲ ਹੈ, ਉਹ ਨਾ ਤਾਂ ਕਿਸੇ ਕੈਲੰਡਰ ਦੀ ਮੁਥਾਜ ਹੈ ਅਤੇ ਨਾ ਹੀ ਕਿਸੇ ਪ੍ਰੀਭਾਸ਼ਾ ਦੀ।

ਸਿੱਖ ਇਤਿਹਾਸ ਵੱਲ ਨਜ਼ਰ ਮਾਰੀ ਜਾਏ, ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗੁਰੂ ਸਾਹਿਬ ਨੇ ਕਿਰਤ ਕਰਨ, ਵੰਡ ਛੱਕਣ ਅਤੇ ਨਾਮ ਜਪਣ ਦੀਆਂ ਬੁਨਿਆਦਾਂ ਤੇ ਜਿਸ ਸੰਤ-ਸਿਪਾਹੀ ਰੂਪੀ ਮਹਲ ਦੀ ਸਿਰਜਨਾ ਕੀਤੀ ਹੈ, ਉਸਦੀ ਆਪਣੀ ਸੁਤੰਤਰ ਹੋਂਦ ਅਤੇ ਅੱਡਰੀ ਪਛਾਣ ਹੈ, ਜਿਸਨੂੰ ਕੋਈ ਤਾਕਤ ਖ਼ਤਮ ਨਹੀਂ ਕਰ ਸਕਦੀ। ਜਿੱਥੇ ਸਿੱਖਾਂ ਦੀ ਕਿਰਤ ਕਰਨ, ਵੰਡ ਛੱਕਣ ਅਤੇ ਨਾਮ ਜਪਣ ਪ੍ਰਤੀ ਵਚਨਬੱਧਤਾ ਹੈ, ਉਥੇ ਹੀ ਸੰਤ-ਸਿਪਾਹੀ ਦੇ ਰੂਪ ਵਿਚ ਉਸਦੀ ਵਚਨਬੱਧਤਾ ਗ਼ਰੀਬ-ਮਜ਼ਲੂਮ ਅਤੇ ਆਪਣੇ ਆਤਮ-ਸਨਮਾਨ ਦੀ ਰੱਖਿਆ ਕਰਨ ਪ੍ਰਤੀ ਵੀ ਹੈ। ਇਹ ਗੱਲ ਸਮਝ ਲੈਣ ਵਾਲੀ ਹੈ ਕਿ ਉਸਦੀ ਇਹ ਵਚਨਬੱਧਤਾ ਰਾਜਸੱਤਾ ਹਾਸਲ ਕਰਨ ਲਈ ਨਹੀਂ, ਸਗੋਂ ਰਾਜਸੱਤਾ ਦੇ ਜਬਰ-ਜ਼ੁਲਮ ਅਤੇ ਅਨਿਆਇ ਵਿਰੁੱਧ ਸੰਘਰਸ਼ ਕਰਦਿਆਂ ਰਹਿਣ ਪ੍ਰਤੀ ਹੈ। ਸੋਚੋ!, ਹੈ ਕਿਸੇ ਧਰਮ ਜਾਂ ਉਸਦੇ ਪੈਰੋਕਾਰਾਂ ਦੀ ਅਜਿਹੀ ਵਚਨਬੱਧਤਾ?

ਇਹ ਗੱਲ ਵੀ ਧਿਆਨ ਮੰਗਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜਬ ਲਗ ਖਾਲਸਾ ਰਹੇ ਨਿਆਰਾ' ਦੀ ਜੋ ਸ਼ਰਤ ਰੱਖੀ ਹੈ, ਉਹ ਕੇਵਲ ਬਾਹਰਲੇ ਸਿੱਖੀ-ਸਰੂਪ ਨਾਲ ਹੀ ਸਬੰਧਤ ਨਹੀਂ, ਸਗੋਂ ਇਸਦਾ ਸਬੰਧ ਜੀਵਨ, ਆਚਰਣ ਅਤੇ ਆਦਰਸ਼ ਨਾਲ ਵੀ ਹੈ। ਜਿੱਥੋਂ ਤੱਕ ਕੇਸਾਧਾਰੀ ਤੇ ਪਗੜੀਧਾਰੀ ਹੋਣ ਦਾ ਸਬੰਧ ਹੈ, ਅਜਿਹੇ ਸਰੂਪ (ਦਾੜ੍ਹੀ-ਕੇਸਾਂ ਅਤੇ ਪੱਗ) ਦੀਆਂ ਧਾਰਨੀ ਦੇਸ਼-ਵਿਦੇਸ਼ ਵਿਚ ਅਨੇਕਾਂ ਜਾਤੀਆਂ ਨਜ਼ਰ ਆਉਂਦੀਆਂ ਹਨ। ਪਰ ਉਨ੍ਹਾਂ ਦੀ ਅਜਿਹੀ ਕੋਈ ਵਚਨਬੱਧਤਾ ਜਾਂ ਵਿਲੱਖਣਤਾ ਨਹੀਂ, ਜਿਹੋ ਜਿਹੀ ਸਿੱਖਾਂ ਦੀ ਹੈ।

ਜਿੱਥੋਂ ਤੱਕ ਸਿੱਖਾਂ ਦੇ ਨਿਆਰੇਪਨ ਦੀ ਗੱਲ ਹੈ, ਉਸਦੀ ਵਿਸ਼ੇਸ਼ਤਾ ਬਾਰੇ ਕਨਿੰਘਮ ਲਿਖਦਾ ਹੈ, 'ਗੁਰੂ ਗੋਬਿੰਦ ਸਿੰਘ ਜੀ ਨੇ ਸ਼ਖ਼ਸੀਅਤ ਤੋਂ ਅਸੂਲਾਂ ਵੱਲ ਪੰਥ ਨੂੰ ਲਿਆ ਕੇ ਇਕ ਐਸਾ ਕਾਰਨਾਮਾ ਕਰ ਵਿਖਾਇਆ, ਜਿਸਨੇ ਸਿੱਖਾਂ ਨੂੰ ਗੁਰੂ ਦੀ ਸਰੀਰਕ ਰੂਪ ਵਿਚ ਅਣਹੋਂਦ ਮਹਿਸੂਸ ਹੋਣ ਨਹੀਂ ਦਿੱਤੀ'।

ਇਸੇ ਤਰ੍ਹਾਂ ਸਿੱਖਾਂ ਦੇ ਨਿਆਰੇਪਨ ਦਾ ਰੂਪ, ਉਨ੍ਹਾਂ ਦਾ ਜੀਵਨ ਵੀ ਹੈ, ਜਿਸਦੇ ਸਬੰਧ ਵਿਚ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ 'ਸਿੱਖ ਆਹੇ ਕਿਰਤੀ, ਧਰਮ ਦੀਆਂ ਮੂਰਤਾਂ। ਅੰਦਰ ਗਊ ਦਾ, ਬਾਹਰ ਸ਼ੇਰ ਦੀਆਂ ਮੂਰਤਾਂ' ਇਸੇ ਤਰ੍ਹਾਂ ਹੋਰ, 'ਤਿਸ ਸਮੇਂ ਸਿੱਖ ਆਹੇ, ਜਤੀ ਸਤੀ ਰਹਤਵਾਨ, ਪਰ ਐਲਾ ਮੈਲਾ ਧਨ ਨਾ ਖਾਨ। ਤਿਨਾਂ ਸਿੱਖਾਂ ਦੇ ਤਪ ਕਰ, ਤੁਰਕਾਂ ਦਾ ਹੋਇਆ ਨਾਸ'। ਅਤੇ 'ਉਨ੍ਹਾਂ ਹੀ ਸਿੱਖਾਂ ਦੇ ਤਪ ਭਜਨ ਅਤੇ ਸੀਸ ਦੇਣੇ ਕਰਿ ਖਾਲਸੇ ਦਾ ਹੋਣਾ ਪ੍ਰਕਾਸ'।



ਇਸੇ ਤਰ੍ਹਾਂ ਇਤਿਹਾਸ ਵਿਚ ਸਿੱਖਾਂ ਦੇ ਆਚਰਣ ਬਾਰੇ ਵੀ ਜ਼ਿਕਰ ਆਉਂਦਾ ਹੈ ਕਿ ਜਦੋਂ ਉਹ ਜੰਗਲਾਂ-ਬੇਲਿਆਂ ਵਿਚ ਸ਼ਰਨ ਲਈ ਭਟਕ ਰਹੇ ਸਨ ਅਤੇ ਕਈ ਵਾਰ ਉਨ੍ਹਾਂ ਨੂੰ ਕਈ-ਕਈ ਦਿਨ ਬਿਨਾਂ ਕੁਝ ਖਾਦਿਆਂ ਬੀਤ ਜਾਂਦੇ ਸਨ, ਫਿਰ ਵੀ ਜਦੋਂ ਉਨ੍ਹਾਂ ਨੂੰ ਖਾਣ ਵਾਸਤੇ ਕੁਝ ਮਿਲਦਾ, ਤਾਂ ਉਹ ਨਗਾਰੇ 'ਤੇ ਚੋਟ ਮਾਰ ਕੇ ਹੋਕਾ ਦਿੰਦੇ ਕਿ 'ਦੇਹ ਆਵਾਜ਼ਾ ਭੁਖਾ ਕੋਈ, ਆਉ ਦੇਗ ਤਿਆਰ ਗੁਰ ਹੋਈ'। ਜੇ ਉਨ੍ਹਾਂ ਦੇ ਹੋਕੇ 'ਤੇ ਉਨ੍ਹਾਂ ਦਾ ਕੋਈ ਦੁਸ਼ਮਣ ਵੀ ਖਾਣਾ ਖਾਣ ਆ ਗਿਆ, ਤਾਂ ਉਨ੍ਹਾਂ ਉਸਨੂੰ ਮਨ੍ਹਾ ਨਹੀਂ ਕਰਨਾ, 'ਓਸ ਸਮੇਂ ਬੈਰੀ ਕਿਨ ਆਵੈ, ਪਰਮ ਮੀਤ ਸਮ ਤਾਹਿ ਛਕਾਵੈ'। ਜੇ ਆਏ ਭੁੱਖੇ ਨੂੰ ਖੁਆਉਣ ਤੋਂ ਬਾਅਦ, 'ਬਚੇ ਤੋ ਆਪ ਖਾ ਲੈ ਹੈਂ, ਨਹੀਂ ਤੋ ਲੰਗਰ ਮਸਤ ਬਤੈ ਹੈਂ'। ਸੋਚੋ ਹੈ ਕਿਸੇ ਧਰਮ ਵਿਚ ਅਜਿਹੀ ਵਿਸ਼ਾਲਤਾ ਤੇ ਵਿਲੱਖਣਤਾ?

ਸਿੱਖਾਂ ਦੇ ਉੱਚ ਆਚਰਣ ਦੀ ਘਾੜਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਘੜੀ। ਇਤਿਹਾਸ ਵਿਚ ਆਉਂਦਾ ਹੈ ਕਿ ਜਦੋਂ ਨਦੌਣ ਦੀ ਲੜਾਈ ਵਿਚ ਦੁਸ਼ਮਣ ਹਾਰ, ਮੈਦਾਨ ਛੱਡ ਭੱਜ ਖੜ੍ਹਾ ਹੋਇਆ ਤਾਂ ਸਿੱਖ ਦੁਸ਼ਮਣ ਦੇ ਮਾਲ-ਮਤੇ ਦੀ ਲੁੱਟ ਦੇ ਨਾਲ ਨਵਾਬ ਦੀ ਲੜਕੀ ਵੀ ਉਠਵਾ ਲਿਆਏ। ਜਦੋਂ ਗੁਰੂ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਬਹੁਤ ਬੁਰਾ ਮਨਾਇਆ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਲੜਕੀ ਨੂੰ ਪੂਰੇ ਸਨਮਾਨ ਨਾਲ ਉਸਦੇ ਘਰ ਪਹੁੰਚਾ ਦੇਣ। ਉਨ੍ਹਾਂ ਦੇ ਇਸ ਹੁਕਮ ਨੂੰ ਸੁਣ ਕੇ ਸਿੱਖਾਂ ਹੱਥ ਜੋੜ ਕਿਹਾ: 'ਸਭ ਸਿੱਖ ਪੂਛਣ ਗੁਨ ਖਾਣੀ। ਸਗਲ ਤੁਰਕ ਭੁਗਵਹਿ ਹਿੰਦਵਾਣੀ। ਸਿੱਖ ਬਦਲਾ ਲੈ ਭਲਾ ਜਣਾਵੈ। ਗੁਰੂ ਸ਼ਾਸਤ੍ਰ ਕਿਉਂ ਵਰਜ ਹਟਾਵੈ'। ਇਹ ਸੁਣ ਗੁਰੂ ਸਾਹਿਬ ਨੇ ਫੁਰਮਾਇਆ: 'ਸੁਣਿ ਸਤਿਗੁਰੂ ਬੋਲੇ ਤਿਸ ਬੇਰੇ, ਹਮ ਲੈ ਜਾਨੋਂ ਪੰਥ ਉਚੇਰੇ, ਨਹੀਂ ਅਧਗਤਿ ਬਿਖੈ ਪੁਚਾਵੈ'।

ਸਿੱਖਾਂ ਦੀ ਆਦਰਸ਼ਾਂ ਪ੍ਰਤੀ ਦ੍ਰਿੜ੍ਹਤਾ ਦੀ ਇਕ ਉਦਾਹਰਣ ਇਤਿਹਾਸ ਵਿਚ ਇਉਂ ਦਰਜ ਹੈ, 'ਜਦੋਂ ਤਾਰਾ ਸਿੰਘ ਵਾਂ ਨੂੰ ਪਕੜਨ ਲਈ ਮੁਗ਼ਲ ਫੌਜਾਂ ਉਨ੍ਹਾਂ ਦੇ ਪਿੰਡ ਵੱਲ ਵੱਧ ਰਹੀਆਂ ਸਨ, ਤਾਂ ਸ਼ਾਹੀ ਫੌਜ ਦੇ ਹਜੂਰਾ ਸਿੰਘ ਨੇ ਚੁਪਕੇ ਜਿਹੇ ਫੌਜ ਵਿਚੋਂ ਨਿਕਲ ਭਾਈ ਤਾਰਾ ਸਿੰਘ ਵਾਂ ਦੇ ਪਿੰਡ ਪਹੁੰਚ ਉਨ੍ਹਾਂ ਨੂੰ ਫੌਜ ਦੇ ਉਨ੍ਹਾਂ ਵੱਲ ਕੂਚ ਕਰਨ ਦੀ ਸੂਚਨਾ ਦਿੰਦਿਆਂ, ਉਨ੍ਹਾਂ ਨੂੰ ਕੁਝ ਸਮੇਂ ਲਈ ਇਧਰ-ਉਧਰ ਹੋ ਜਾਣ ਦੀ ਸਲਾਹ ਦਿੱਤੀ। ਉਨ੍ਹਾਂ ਉਸੇ ਸਮੇਂ ਆਪਣੇ ਮੁੱਠੀ ਭਰ ਸਾਥੀਆਂ ਨਾਲ ਮਿਲ ਕੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਤੇ 'ਦਸ ਗ੍ਰੰਥੀ' ਵਿਚੋਂ ਹੁਕਮ ਲਿਆ। ਹੁਕਮ ਆਇਆ: 'ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ ਤੋ ਦਹਿ ਕੁੰਟ ਕੋ ਭਜ ਜਾਈਯੇ। ਅਗੋਂ ਹੂੰ ਕਾਲ ਧਰੇ ਅਸ ਗਾਜਤ ਛਾਜਤ ਹੈ। ਜੈਂ ਤੇ ਨਸ ਆਈਏ' ਇਹ ਹੁਕਮ ਸੁਣ ਉਨ੍ਹਾਂ ਇਹ ਕਹਿ ਕੇ ਇਧਰ-ਉਧਰ ਹੋ ਜਾਣ ਤੋਂ ਮਨ੍ਹਾ ਕਰ ਦਿੱਤਾ ਕਿ ਗੁਰੂ ਸਾਹਿਬ ਦਾ ਹੁਕਮ ਹੈ ਕਿ ਬਹਾਦਰਾਂ ਵਾਂਗ ਆਪਣੇ ਆਦਰਸ਼ 'ਤੇ ਪਹਿਰਾ ਦਿਉ, ਮੌਤ ਤਾਂ ਹਰ ਜਗ੍ਹਾ ਪਿੱਛਾ ਕਰੇਗੀ, ਭੱਜ ਕੇ ਕਿੱਥੇ-ਕਿੱਥੇ ਜਾਉਗੇ।

ਇਸੇ ਤਰ੍ਹਾਂ ਪਿੰਡ ਦਾ ਨੰਬਰਦਾਰ ਸੂਜਾ ਮੁਗ਼ਲ ਫੌਜਾਂ ਨੂੰ ਭਟਕਾਉਣ ਲਈ ਅੱਗੇ ਹੋ ਗਿਆ ਅਤੇ ਆਪਣੇ ਭਰਾ ਨੂੰ ਭਾਈ ਤਾਰਾ ਸਿੰਘ ਵੱਲ ਭੇਜ ਕੇ ਉਨ੍ਹਾਂ ਨੂੰ ਦੋ-ਚਾਰ ਦਿਨ ਲਈ ਇਧਰ-ਉਧਰ ਹੋ ਜਾਣ ਦਾ ਸੁਨੇਹਾ ਪਹੁੰਚਾਇਆ। ਭਾਈ ਤਾਰਾ ਸਿੰਘ ਨੇ ਉਸਦਾ ਧੰਨਵਾਦ ਕਰਦਿਆਂ ਉਸਨੂੰ ਵੀ ਇਹੀ ਕਿਹਾ ਕਿ 'ਜਿਨ੍ਹਾਂ ਦੀਆਂ ਹੱਡੀਆਂ ਵਿਚ ਬੀਰਤਾ ਨਿਵਾਸ ਕਰ ਗਈ ਹੋਵੇ, ਉਹ ਦ੍ਰਿੜ੍ਹਤਾ ਦੇ ਪੱਲੇ ਨੂੰ ਨਹੀਂ ਛੱਡਦੇ'। ਇਤਿਹਾਸ ਗੁਆਹ ਹੈ ਉਨ੍ਹਾਂ ਨੇ ਡੱਟ ਕੇ ਦੁਸ਼ਮਣ ਦਾ ਸਾਹਮਣਾ ਕੀਤਾ ਅਤੇ ਸਾਥੀਆਂ ਸਹਿਤ ਸ਼ਹੀਦੀ ਪ੍ਰਾਪਤ ਕਰ ਲਈ।

**ਗੱਲ ਗੁਰੂ ਸਾਹਿਬ ਵਲੋਂ ਬਖ਼ਸ਼ੀ ਬਾਦਸ਼ਾਹੀ ਦੀ:** ਇਸ ਗੱਲ ਨੂੰ ਬਹੁਤ ਹੀ ਗੰਭੀਰਤਾ ਨਾਲ ਸੋਚਣ ਤੇ ਵਿਚਾਰਨ ਦੀ ਲੋੜ ਹੈ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ 'ਬਾਦਸ਼ਾਹੀ' ਦੇਣ ਦਾ ਜੋ ਵਚਨ ਦਿੱਤਾ ਹੈ, ਅਸਲ ਵਿਚ ਉਹ 'ਬਾਦਸ਼ਾਹੀ' ਰਾਜਸੱਤਾ ਦੀ ਨਹੀਂ, ਸਗੋਂ ਦਿਲਾਂ ਉਪਰ ਰਾਜ ਕਰਨ ਦੀ 'ਬਾਦਸ਼ਾਹੀ' ਹੈ, ਕਿਉਂਕਿ ਰਾਜਸੱਤਾ ਅਸਥਾਈ ਹੈ, ਜਦਕਿ ਦਿਲਾਂ ਉਪਰ ਰਾਜ ਕਰਨ ਦੀ 'ਬਾਦਸ਼ਾਹੀ' ਸਦੀਵੀ ਹੈ। ਇਹ ਬਾਦਸ਼ਾਹੀ ਕੇਵਲ ਕਿਰਤ ਕਰਨ, ਵੰਡ ਛੱਕਣ ਅਤੇ ਨਾਮ ਜਪਦਿਆਂ, ਸੰਤ-ਸਿਪਾਹੀ ਦੇ ਫਰਜ਼ਾਂ, ਅਰਥਾਤ ਗ਼ਰੀਬ-ਮਜ਼ਲੂਮ ਅਤੇ ਆਤਮ-ਸਨਮਾਨ ਦੀ ਰੱਖਿਆ ਕਰਨ ਦਾ ਪਾਲਣ ਕਰਦਿਆਂ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਇਸੇ ਦੇ ਸਹਾਰੇ ਹੀ ਇਸਨੂੰ ਕਾਇਮ ਵੀ ਰੱਖਿਆ ਜਾ ਸਕਦਾ ਹੈ।

ਜਿਨ੍ਹਾਂ ਨੇ ਰਾਜਨੀਤਿਕ ਸੁਆਰਥ ਅਧੀਨ ਸਤਿਗੁਰਾਂ ਦੀ ਬਖ਼ਸ਼ੀ ਇਸ 'ਬਾਦਸ਼ਾਹੀ' ਨੂੰ ਰਾਜਸੱਤਾ ਨਾਲ ਜੋੜ ਲਿਆ ਹੈ, ਉਹ ਸਿੱਖੀ ਦੇ ਆਦਰਸ਼ਾਂ ਤੋਂ ਭਟਕ ਗਏ ਹਨ, ਕਿਉਂਕਿ ਰਾਜਸੱਤਾ ਸਿੱਖੀ ਦੇ ਮੂਲ ਆਦਰਸ਼ਾਂ ਦੀ ਕੁਰਬਾਨੀ ਦੇ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਇਸੇ ਦੇ ਸਹਾਰੇ ਹੀ ਉਸਨੂੰ ਕਾਇਮ ਰੱਖਿਆ ਜਾ ਸਕਦਾ ਹੈ।

ਇਸ ਲਈ ਜੇ ਸਿੱਖੀ ਦੀ ਸੁਤੰਤਰ ਹੋਂਦ ਅਤੇ ਆਪਣੀ ਅੱਡਰੀ ਪਛਾਣ ਕਾਇਮ ਰੱਖਣੀ ਹੈ, ਤਾਂ ਗੁਰੂ ਸਾਹਿਬ ਵਲੋਂ ਨਿਸ਼ਚਿਤ ਆਦਰਸ਼ਾਂ ਪ੍ਰਤੀ ਸਮਰਪਤ ਅਤੇ ਈਮਾਨਦਾਰ ਹੋਣ ਦੀ ਵਚਨਬੱਧਤਾ ਨਿਭਾਉਣੀ ਹੋਵੇਗੀ।

**...ਅਤੇ ਅੰਤ ਵਿਚ:** ਜਿਵੇਂ ਕਿ ਉਪਰ ਬਿਆਨ ਕੀਤਾ ਗਿਆ ਹੈ, ਜੇ ਈਮਾਨਦਾਰੀ ਹੋਵੇ ਤਾਂ 'ਨਾਨਕਸ਼ਾਹੀ ਕੈਲੰਡਰ' ਦੇ ਵਿਵਾਦ ਨੂੰ ਹੱਲ ਕਰਨਾ ਅਸੰਭਵ ਨਹੀਂ। ਲੋੜ ਹੈ ਤਾਂ ਕੇਵਲ ਹਉਮੈ ਦਾ ਤਿਆਗ ਕਰਨ ਦੀ। ਦੋਵੇਂ ਧਿਰਾਂ ਜੇ ਇਸ ਵਿਵਾਦ ਨੂੰ ਹੱਲ ਕਰਨ ਪ੍ਰਤੀ ਈਮਾਨਦਾਰ ਹੋਣ ਤਾਂ ਆਪੋ-ਵਿਚ ਮਿਲ ਬੈਠਣ। ਸੰਨ-2003 ਦੇ ਮੂਲ ਕੈਲੰਡਰ ਅਨੁਸਾਰ ਗੁਰਪੁਰਬਾਂ ਦੀਆਂ ਮਿਤੀਆਂ ਅਤੇ ਸੰਨ-2009 ਦੇ ਸੋਧੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਸੰਗਰਾਂਦਾਂ ਆਦਿ ਮਨਾਉਣ ਦੇ ਆਧਾਰ 'ਤੇ ਆਪਸ ਵਿਚ ਸਹਿਮਤੀ ਕਰਕੇ ਉਹ ਇਸ ਵਿਵਾਦ ਨੂੰ ਸਦਾ ਲਈ ਖ਼ਤਮ ਕਰ ਸਕਦੀਆਂ ਹਨ। ਇਸ ਤਰ੍ਹਾਂ ਦੋਹਾਂ ਧਿਰਾਂ ਦੀ ਵੀ ਰਹਿ ਆਵੇਗੀ ਅਤੇ ਵਿਵਾਦ ਵੀ ਹੱਲ ਹੋ ਜਾਏਗਾ। ਪਰ ਕੀ ਦੋਵੇਂ ਧਿਰਾਂ ਪੰਥ ਦੇ ਵੱਡੇ ਹਿਤਾਂ ਨੂੰ ਮੁੱਖ ਰਖਦਿਆਂ ਉਸ (ਪੰਥ) ਨੂੰ ਵੰਡੀਆਂ ਦਾ ਸ਼ਿਕਾਰ ਹੋਣ ਬਚਾਉਣ ਲਈ, ਇੰਨੀ ਨਿਗੂਣੀ ਜਿਹੀ ਕੁਰਬਾਨੀ ਕਰਨ ਲਈ ਤਿਆਰ ਹੋ ਸਕਣਗੀਆਂ? ਇਹ ਸੁਆਲ ਤਦ ਤੱਕ ਬਣਿਆ ਰਹੇਗਾ, ਜਦੋਂ ਤੱਕ ਦੋਵੇਂ ਧਿਰਾਂ ਇਸ ਮੁੱਦੇ ਨੂੰ ਹੱਲ ਕਰਨ ਪ੍ਰਤੀ ਆਪਣੀ ਈਮਾਨਦਾਰੀ ਦਾ ਅਹਿਸਾਸ ਨਹੀਂ ਕਰਵਾਉਂਦੀਆਂ।

---

# ਮੇਲ ਤੇ ਮੋਹ ਦਾ ਸੁਮੇਲ ਚੰਗਾ ਗੁਆਂਢ

-ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
ਮੋ : 78374-90309
adv.dhaliwal@gmail.com
(Punjab Mail USA)



ਸਕੂਨਮਈ ਜ਼ਿੰਦਗੀ ਲਈ ਚੌਤਰਫਾ ਖੁਸ਼ਹਾਲੀ ਜ਼ਰੂਰੀ ਹੈ। ਇਹ ਲੋਕਾ ਦੀ ਸ਼ਮੂਲੀਅਤ ਨਾਲ ਸੰਭਵ ਹੈ। ਜੋ ਇਸ ਨੂੰ ਸਿਰਜ ਕੇ ਚਾਰ ਚੰਨ੍ਹ ਲਾਉਂਦੇ ਹਨ। ਗੁਆਂਢ ਦੀ ਭੂਮਿਕਾ ਖਾਸ ਮਹੱਤਵ ਰੱਖਦੀ ਹੈ। ਜਿਹੜੇ ਸਾਡੇ ਘਰਾਂ ਨਾਲ ਜੁੜਦੇ ਸੱਜੇ ਖੱਬੇ ਪਾਸੇ ਰਹਿੰਦੇ ਤੇ ਹਰ ਰੋਜ਼ ਮਿਲਦੇ ਹਨ। ਸਭ ਤੋਂ ਪਹਿਲਾਂ ਦੁੱਖਾਂ-ਸੁੱਖਾਂ ਵਿਚ ਭਾਗੀਦਾਰ ਬਣਦੇ। ਇਸੇ ਲਈ ਬਜ਼ੁਰਗ ਆਖਦੇ ਹਨ ਕਿ ਚੰਗੇ ਗੁਆਂਢੀ ਅਨਮੋਲ ਬਖਸ਼ਿਸ਼ਾਂ ਤੋਂ ਘੱਟ ਨਹੀਂ ਹੁੰਦੇ। ਉਨ੍ਹਾਂ ਕੋਲ ਰਹਿੰਦਿਆਂ ਜ਼ਿੰਦਗੀ ਸੁਖਦ ਤੇ ਅਨੰਦਾਇਕ ਜਾਪਦੀ ਹੈ। ਇਸ ਕਾਰਨ ਹਕੀਕਤ ਵਿਚ ਸ਼ਬਦ "ਚੰਦਰਾ ਗੁਆਂਢ ਨਾ ਹੋਵੇ" ਮਾਨਵੀ ਕਦਰਾਂ-ਕੀਮਤਾਂ ਦੀ ਹਾਮੀ ਭਰਦੇ ਵੱਡਮੁੱਲੇ ਜਾਪਦੇ ਹਨ। ਚੰਗਾ ਗੁਆਂਢ ਨੇਕ ਸੰਸਕਾਰਾਂ ਦੀ ਉਪਜ ਹੈ। ਜਿਹੜੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਚਲਦੇ ਹਨ। ਅਜਿਹੀ ਸ਼ਖਸੀਅਤ ਲੋਕਾਂ ਵਿਚ ਸਤਿਕਾਰ ਦੀ ਪਾਤਰ ਬਣਦੀ ਹੈ।

ਪਿੰਡਾਂ 'ਚ ਸਾਂਝੀਵਾਲਤਾ ਨੂੰ ਸੰਜੀਦਗੀ ਨਾਲ ਨਿਭਾਇਆ ਜਾਂਦਾ ਸੀ। ਲੋਕੀ ਇਕ ਦੂਜੇ ਦੀ ਹਿਫਾਜ਼ਤ ਕਰਦੇ ਤੇ ਕੰਮ ਵਿਚ ਵੀ ਹੱਥ ਵਟਾਉਂਦੇ ਸਨ। ਖੇਤ ਜਾਂ ਸ਼ਹਿਰ ਜਾਂਦਿਆਂ ਉਧਰ ਦੇ ਕੰਮ ਹੋਵਣ ਤਾਂ ਕਰਨ ਦਾ ਬੋਝ ਨਹੀਂ ਸਮਝਦੇ। ਇਹ ਸਾਂਝ ਇਥੇ ਤੱਕ ਹੀ ਸੀਮਤ ਨਹੀਂ, ਸਗੋਂ ਸਾਗ ਸਬਜ਼ੀਆਂ, ਮਸ਼ੀਨਰੀ, ਖੇਤੀਬਾੜੀ ਸੰਦਾਂ ਜਾਂ ਪੈਸੇ-ਟਕਾ ਦਾ ਬੁੱਤਾ ਸਾਰਨ ਲੱਗੇ ਪ੍ਰਵਾਹ ਨਹੀਂ ਕਰਦੇ। ਵਿਆਹ-ਸ਼ਾਦੀ ਮੌਕੇ ਵੀ ਗੁਆਂਢ ਘਰ ਦੀ ਵਾਧੂ ਵਰਤੋਂ ਹੁੰਦੀ ਸੀ। ਉਥੇ ਹੀ ਹਲਵਾਈ ਬਠਾਉਣ, ਸ਼ਰੀਕੇ ਰੋਟੀ, ਮੰਜੇ-ਬਿਸਤਰੇ, ਦਾਜ ਦਾ ਸਮਾਨ ਤੇ ਖਾਸ ਮਹਿਮਾਨਾਂ ਦੇ ਕਮਰੇ ਦਾ ਪ੍ਰਬੰਧ ਹੋ ਜਾਂਦਾ। ਉਹ ਵੀ ਪਰਿਵਾਰਕ ਕਾਰਜ ਸਮਝ ਖੁਸ਼ੀ-ਖੁਸ਼ੀ ਕੰਮ ਕਰਦੇ। ਬੀਤੇ ਵੇਲੇ 'ਚ ਸਾਧਨਾਂ ਜਾਂ ਪੈਸੇ ਦੀ ਤੋਟ ਜ਼ਰੂਰ ਸੀ। ਪਰ ਨਿਸਵਾਰਥ ਸੇਵਾ ਭਾਵਨਾ ਨਾਲ ਸਭ ਕਾਰ-ਵਿਹਾਰ ਪੂਰ ਚੜਦੇ। ਇਥੋਂ ਤੱਕ ਸਕੀਰੀਆਂ ਨੂੰ ਜਾਣ ਵੇਲੇ ਪਸ਼ੂਆਂ ਲਈ ਹਰੇ ਚਾਰੇ ਤੇ ਬਜ਼ੁਰਗਾਂ ਦੀ ਰੋਟੀ-ਟੁੱਕ ਦਾ ਜ਼ਿੰਮਾ ਵੀ ਖਿੜੇ ਮੱਥੇ ਕਬੂਲਦੇ। ਹੁਣ ਇਹ ਮੋਹ ਦਾ ਵਰਤਾਰਾ ਘਟਦਾ ਜਾ ਰਿਹਾ ਸ਼ਹਿਰ ਵਿਚ ਤਾਂ ਪਹਿਲਾਂ ਹੀ ਨਾਮਾਤਰ ਸੀ। ਨੌਕਰੀ ਪੇਸ਼ਾ ਜਾ ਵਪਾਰਕ ਕੰਮਾਂ ਰੁਝੇਵੇਂ ਕਾਰਨ ਸਮੇਂ ਦੀ ਘਾਟ ਜ਼ੂਰਰ ਮੰਨਦੇ ਹਾਂ। ਪਰ ਇਹ ਸਮਾਜਿਕ ਮੇਲ-ਜੋਲ ਲਈ ਸੰਸਕਾਰੀ ਪ੍ਰਵਿਰਤੀ ਨਹੀਂ। ਜਿਸ ਦੀਆਂ ਉਦਾਹਰਨਾਂ ਸਮਾਗਮਾਂ ਵਿਚ ਖਾਨਾਪੂਰਤੀ ਕਰਨ ਸਮਾਪਤੀ ਸਮੇਂ ਆਉਂਦੇ ਲੋਕੀ ਆਮ ਹੀ ਦੇਖੇ ਜਾਦੇ ਹਨ।

ਇਕਹਿਰੇ ਪਰਿਵਾਰ ਦੀ ਲਹਿਰ ਨੇ ਟੱਬਰ ਵਾਲਾ ਸਦੀਵੀ ਸਨੇਹ ਖਤਮ ਕਰ ਦਿੱਤਾ। ਹੁਣ ਕੰਮਾਂਕਾਰਾਂ ਵੱਲ ਜਾਣ ਪਿੱਛੋਂ ਘਰਾਂ ਵਿਚ ਇਕੱਲੇ ਬੱਚੇ ਜਾਂ ਬਜ਼ੁਰਗ ਹੀ ਦਿਖਦੇ ਹਨ। ਅਜਿਹੇ ਦੌਰ 'ਚ ਨੇਕ ਦਿਲ ਗੁਆਂਢ ਹੋਣਾ ਜ਼ਿਆਦਾ ਜ਼ਰੂਰੀ ਹੋ ਗਿਆ। ਜਿਸ ਦੇ ਸਹਾਰੇ ਅਸੀਂ ਪਰਿਵਾਰ ਨੂੰ ਮਹਿਫੂਜ਼ ਸਮਝਦੇ ਹਾਂ। ਜੋ ਸੁਰੱਖਿਆ ਹੀ ਨਹੀਂ, ਬਲਕਿ ਖਾਣੇ ਤੇ ਦਵਾ-ਦਾਰੂ ਦਾ ਵੀ ਖਿਆਲ ਰੱਖਦੇ ਹਨ। ਬੱਚਿਆਂ ਲਈ ਵਧੀਆ ਗੁਣਾਂ ਦਾ ਧਾਰਨੀ ਮਨੁੱਖ ਸੰਸਥਾ ਦੇ ਸਮਾਨ ਹੁੰਦਾ ਹੈ। ਉਸ ਦੀ ਸੰਗਤ ਵਿਚ ਉਤਮ ਵਿਚਾਰ ਗ੍ਰਹਿਣ ਕਰਦੇ ਹਨ। ਨਜ਼ਰੀਏ ਵਿਚ ਸਕਾਰਤਾਮਕ ਸੋਚ ਉਭਰਦੀ ਹੈ, ਜਿਸ ਸਦਕੇ ਜ਼ਿੰਦਗੀ ਦੇ ਔਖੇ ਪੈਂਡੇ ਵਿਚ ਢੇਰੀ ਨਹੀਂ ਢਾਉਂਦੇ।

21ਵੀਂ ਸਦੀ ਦੀਆਂ ਅਧੁਨਿਕ ਖੋਜਾਂ ਨੇ ਦੁਨੀਆਂ ਦੀ ਕਇਆ-ਕਲਪ ਕਰ ਦਿੱਤੀ। ਪਰੰਤੂ ਮਾਨਵੀ ਮੇਲ-ਜੋਲ ਤੇ ਮੁਹੱਬਤੀ ਤੰਦਾਂ ਨੂੰ ਕਮਜ਼ੋਰ ਕਰ ਦਿੱਤੇ। ਸਭ ਸੁਵਿਧਾਵਾਂ ਮੋਬਾਇਲ ਸਹਾਰੇ ਅੱਖ ਝਪਕਦਿਆਂ ਮਿਲ ਜਾਂਦੀਆਂ ਹਨ। ਇਹ ਪੈਸੇ ਦੀ ਬਹੁਤਾਤ ਨੇ ਹੋਰ ਵੀ ਸੌਖਾ ਹੋ ਗਿਆ। ਦੁਨੀਆਂ ਭਰ ਦੇ ਅਨੰਦ ਲੋਕੀ ਘਰ ਬੈਠੇ ਮਾਣਦੇ ਹਨ। ਉਂਜ ਪਦਾਰਥਵਾਦੀ ਯੁੱਗ ਮਨੁੱਖੀ ਭਾਵਨਾਤਮਿਕ ਸਾਥ ਦੀ ਘਾਟ ਪੂਰੀ ਨਾ ਕਰ ਸਕਿਆ। ਜੋ ਬੰਦਾ ਹੀ ਬੰਦੇ ਦੀ ਦਾਰੂ ਅਖਾਣ ਦੀ ਅਟੁੱਟ ਪ੍ਰਵਾਨਤਾ ਹੈ। ਜਿਹੜੇ ਕਾਰਜ ਮਨੁੱਖ ਸਮਾਜ ਜਾ ਮਾਨਵਤਾ ਭਲਾਈ ਲਈ ਕਰਦਾ ਹੈ, ਉਹ ਮਸ਼ੀਨਾਂ ਜਾਂ ਸਿਰਫ ਪੈਸੇ ਨਾਲ ਸੰਭਵ ਨਹੀਂ। ਜਦੋਂ ਵਿਸ਼ਵਾਸ ਯੋਗ ਨਿਰਸਵਾਰਥ ਸਾਥ ਮਿਲ ਜਾਵੇ, ਉਹ ਹੌਂਸਲਾ ਸੰਸਾਰ ਜਿੱਤਣ ਵਰਗਾ ਜਾਪਦਾ ਹੈ। ਹੱਸਮੁੱਖ ਤੇ ਮਿਲਾਪੜਾ ਸੁਭਾਅ ਸਹਿਜ ਮਨੁੱਖ ਦੀ ਨਿਸ਼ਾਨੀ ਹੈ, ਜੋ ਨਰੋਏ ਸਮਾਜ ਦੇ ਘੇਰੇ ਨੂੰ ਵਿਸ਼ਾਲ ਕਰਦਾ ਹੈ। ਅਜਿਹੇ ਸੰਗੀ ਸਾਥੀ ਮੁਸੀਬਤਾਂ ਵੇਲੇ ਚੱਟਾਨਾਂ ਵਾਂਗ ਨਾਲ ਖੜ੍ਹਦੇ ਹਨ।

ਤਿਉਹਾਰ ਜੀਵਨ ਦਾ ਖੁਸ਼ਨੁਮਾ ਭਾਗ ਹਨ, ਜਿਸ ਤੋਂ ਬਿਨਾਂ ਦੁਨੀਆਂ ਬੇਰੰਗੀ ਹੈ। ਲੋਕੀ ਇਕੱਠੇ ਹੋ ਬੜੇ ਚਾਵਾਂ-ਮਲਾਰਾ ਨਾਲ ਮਨਾਉਂਦੇ ਹਨ। ਹਰ ਵਾਰ ਸਕੇ-ਸੰਬੰਧੀ ਸ਼ਾਮਿਲ ਨਹੀਂ ਹੋ ਸਕਦੇ। ਸੋ ਇਨ੍ਹਾਂ ਨੂੰ ਮਾਨਣਾ ਅਜੀਜ਼ ਗੁਵਾਂਢ ਬਿਨਾ ਅਧੂਰਾ ਹੈ। ਇਕ ਕੁਨਬੇ ਵਾਂਗ ਸਭ ਮਿਲ ਕੇ ਅਨੰਦ ਮਾਣਦੇ ਹਨ। ਦੀਵਾਲੀ, ਹੋਲੀ ਵਰਗੇ ਤਿਉਹਾਰਾਂ ਦੀਆ ਖੁਸ਼ੀਆਂ ਦੂਣ ਸੁਵਾਈਆਂ ਹੋ ਜਾਂਦੀਆਂ। ਇਕੱਲੇ-ਕਹਿਰੇ ਬੱਚੇ ਇਕੱਠੇ ਹੋ ਮੈਦਾਨੀ ਖੇਡਾਂ ਖੇਡਦੇ ਨਹੀਂ ਥੱਕਦੇ। ਇਹ ਸਰੀਰਕ ਸੰਤੁਲਨ ਤੇ ਫਾਸਟ ਫੂਡ ਖਾਣਿਆ ਕਰਕੇ ਜ਼ਰੂਰੀ ਵੀ ਹੈ। ਬਜ਼ੁਰਗਾਂ ਦਾ ਸਮਾਂ ਵਧੀਆ ਬੀਤਦਾ ਹੈ। ਸਵੇਰੇ ਸ਼ਾਮ ਦੀ ਸੈਰ ਨਾਲ ਸਰੀਰ ਤਰੋਤਾਜ਼ਾ ਤੇ ਤੰਦਰੁਸਤ ਮਹਿਸੂਸ ਕਰਦਾ ਹੈ। ਕਈ ਵਾਰ ਢਲਦੀ ਉਮਰੇ ਲੋਕ ਚੰਗੇ ਗੁਆਂਢ ਦੇ ਸਾਥ ਕਾਰਨ ਦੂਰ ਗਰਾਂ ਜਾਣਾ ਪਸੰਦ ਨਹੀਂ ਕਰਦੇ। ਜੋ ਬੁਢਾਪੇ ਸਮੇਂ ਦੀ ਜ਼ਰੂਰਤ ਦੇ ਨਾਲੋਂ-ਨਾਲ ਖੁਸ਼ੀਆਂ ਵੀ ਦਿੰਦਾ ਹੈ।

ਸੱਭਿਆਚਾਰ ਸਾਡੇ ਸਮਾਜ ਦਾ ਸ਼ੀਸ਼ਾ ਹੈ, ਜਿਹੜਾ ਸਾਨੂੰ ਰੀਤੀ, ਰਿਵਾਜ਼ ਤੇ ਪ੍ਰਪੰਰਾਵਾਂ ਪ੍ਰਤੀ ਅਗਾਹ ਕਰਦਾ ਹੈ। ਗੁਆਂਢ ਪ੍ਰੰਪਰਾ ਪੁਰਖਿਆ ਦੀ ਦੇਣ ਹੈ। ਇਸ ਨੂੰ ਪ੍ਰਫੁਲਿਤ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਮੇਲ ਮਿਲਾਪ ਤੇ ਸਹਿਯੋਗ ਹੀ ਸੰਤੁਲਿਤ ਸਮਾਜ ਦੀ ਨੀਂਹ ਹੈ। ਜਿਸ ਨਾਲ ਅਦਬੀ ਸੰਸਾਰ ਦੀ ਸਿਰਜਣਾ ਕਰ ਸਕਦੇ ਹਾਂ। ਪੁਰਾਣੇ ਸਮਿਆਂ ਵਿਚ ਲੋਕੀ ਗੁਆਂਢ ਜਾਂ ਨੇੜੇ ਵਸਦੇ ਲੋਕਾਂ ਨੂੰ ਖਾਸ ਮਹੱਤਵ ਦਿੰਦੇ ਸਨ। ਉਨ੍ਹਾਂ ਨਾਲ ਚੰਗੇ ਤੇ ਲੰਮੇਰੇ ਸੰਬੰਧ ਰੱਖਣ ਦਾ ਯਤਨ ਕਰਦੇ ਤੇ ਪਰਿਵਾਰਕ ਮੈਂਬਰਾਂ ਵਾਂਗ ਵਿਚਰਦੇ। ਅਜੋਕੀ ਪੀੜ੍ਹੀ ਦੀ ਤੇਜ਼-ਤਰਾਰ ਵਾਲੀ ਜੀਵਨਸ਼ੈਲੀ ਵਿਘਨਮਈ ਹੈ। ਸਮੇਂ ਦੀ ਘਾਟ, ਘਰੇਲੂ ਤੇ ਦਫਤਰੀ ਫਰਜ਼ ਵੀ ਹਨ, ਜਿਸ ਕਾਰਨ ਬਹੁਤੇ ਲੋਕੀ ਸਮਾਜਿਕ ਜ਼ਿੰਮੇਵਾਰੀਆਂ ਤੋਂ ਲਾਪ੍ਰਵਾਹ ਤੇ ਸੁਭਾਅ ਦੇ ਚਿੜਚਿੜੇ ਹੋ ਜਾਂਦੇ ਹਨ। ਸੋਚਦੇ ਨਹੀਂ ਕਿ ਇਹ ਤਰੱਕੀ ਲਈ ਖੂਬਸੂਰਤ ਰਾਸਤਾ ਹੈ, ਜਿਸ ਨਾਲ ਸਾਡੇ ਅੰਦਰ ਚੁਸਤੀ ਤੇ ਨਵੀਆਂ ਪੁਲਾਂਘਾਂ ਦੀ ਉਮੰਗ ਉਮੜਦੀ ਹੈ। ਘਰ ਵਿਚਲੇ ਚਾਰ ਭਾਂਡਿਆਂ ਦਾ ਖੜਕਣਾ ਸੁਭਾਵਕ ਹੈ। ਬੁਲੰਦ ਹੌਂਸਲੇ ਤੇ ਜਵਾਨ ਦੀ ਮਿਠਾਸ ਵੱਡੇ ਫੱਟ ਭਰਨ ਵਿਚ ਦੇਰ ਨਹੀਂ ਲਾਉਂਦੀ। ਅਮਰੀਕਾ ਦੀ ਲੇਖਿਕਾ ਹੈਲਨ ਕੈਲਰ ਦੇ ਅਨੁਸਾਰ "ਇਕੱਲੇ ਤੁਸੀਂ ਘੱਟ ਹੋ, ਪਰ ਇਕੱਠੇ ਹੋ ਕੇ ਬਹੁਤ ਕੁਝ ਕਰ ਸਕਦੇ ਹੋ" ਸਾਨੂੰ ਸਮੇਂ ਦੀ ਨਜ਼ਾਕਤ ਨਾਲ ਤਲਖੀ ਛੱਡ ਰਿਸ਼ਤਿਆਂ ਦਾ ਨਿੱਘ ਮਾਨਣ ਵੱਲ ਗੌਰ ਕਰਨੀ ਚਾਹੀਦਾ ਹੈ, ਤਾਂ ਜੋ ਆਂਢ-ਗੁਆਂਢ ਦੇ ਮਖਮਲੀ ਅਹਿਸਾਸ ਖਤਮ ਨਾ ਹੋਵਣ।

**ਧੰਨਵਾਦ ਸਹਿਤ**


calstate
MORTGAGE
Calstate Mortgage Financial is a multibillion dollar home loan originator focused on customer service and building lifelong relationships.
» ਘਰ ਦੀ ਕੀਮਤ ਚਾਹੇ ਲੋਨ ਤੋਂ ਜਿੰਨੀ ਵੀ ਘੱਟ ਹੋਵੇ, ਹੁਣ ਤੁਸੀਂ ਆਪਣੀ ਕਿਸ਼ਤ ਘਟਾ ਸਕਦੇ ਹੋ।
» ਸ਼ੋਰਟ ਸੇਲ ਅਤੇ ਫੋਰਕਲੋਜ਼ਰ ਹੁੰਦੇ ਹੋਏ ਵੀ ਘਰ ਖ਼ਰੀਦੋ ਜਾਂ ਰਿਫਾਨੈਂਸ ਕਰਵਾਓ।
» ਘਰਾਂ ਦੀਆਂ ਕੀਮਤਾਂ ਘੱਟ ਹਨ, ਇਸ ਮੌਕੇ ਦਾ ਫਾਇਦਾ ਲਓ।
ਕਿਸੇ ਵੀ ਤਰਾਂ ਦੇ ਲੋਨ ਸਬੰਧੀ ਸਲਾਹ ਮਸ਼ਵਰੇ ਲਈ ਕੱਾਲ ਕਰੋ
Preet Kalirai
Branch Manager
530 LA Sierra Dr. Sacramento, CA. 95864
916-225-1225
Preet@CalStateMtg.com • www.GetApproval.com

# ਬੇਦੋਸ਼ੇ ਸਿੱਖ ਨੌਜੁਆਨਾਂ ਦਾ ਕਾਤਲ ਸੁਮੇਧ ਸੈਣੀ, ਭਗੌੜਾ ਕਿਉਂ ?



-ਜੰਗ ਸਿੰਘ
ਸੀਨੀਅਰ ਪੱਤਰਕਾਰ
ਸਾਨਫਰਾਂਸਿਸਕੋ (ਕੈਲੀਫੋਰਨੀਆ )
+1-628-400-2882 ਵਟਸ ਐੱਪ ਨੰ
(Punjab Mail USA)



ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦਾ ਕੇਸ ਅੱਜਕੱਲ੍ਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਉਹ ਆਪਣੀ ਹੀ ਰਹਿ ਚੁੱਕੀ ਪੁਲਿਸ ਕੋਲੋਂ ਮੂੰਹ ਛਿਪਾਉਂਦਾ ਹੋਇਆ, ਗ੍ਰਿਫਤਾਰੀ ਦੇ ਡਰੋਂ ਭਗੌੜਾ ਹੋਇਆ ਫਿਰਦਾ ਰਿਹੈ। ਕਹਿੰਦੇ ਹਨ ਕਿ ਪਾਪਾਂ ਦੀ ਬੇੜੀ ਭਰ ਕੇ ਹੀ ਡੁਬੱਦੀ ਹੈ। "ਅੱਖੇ ਭੰਡਾ ਭੰਡਾਰੀਆਂ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ ਦੂਜੀ ਤਿਆਰ"। ਉਹੋ ਕੁਝ ਹੁਣ ਸੁਮੇਧ ਸੈਣੀ ਨਾਲ ਵਾਪਰ ਰਿਹਾ। ਇਸ ਵਿਰੁੱਧ ਪਹਿਲਾ ਕੇਸ ਹਾਲੇ ਕਿਸੇ ਤਣ-ਪੱਤਣ ਲਗਾ ਨਹੀਂ ਸੀ ਕਿ ਹੁਣ ਉਸ ਦੇ ਖਿਲਾਫ ਦੋ ਹੋਰ ਕੇਸ ਦਰਜ ਹੋ ਗਏ ਹਨ। ਇਕ ਤਿੰਨ ਬੰਦਿਆਂ ਨੂੰ ਅਗਵਾ ਕਰਨ ਦਾ ਤੇ ਦੂਜਾ ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਵਿਚ ਤਾਂ ਪ੍ਰਦੀਪ ਕੁਮਾਰ ਰੀਡਰ (ਜੇਲ੍ਹ ਵਿਚ ਬੰਦ ਚਰਨਜੀਤ ਕੁਮਾਰ ਸ਼ਰਮਾ) ਸੁਮੇਧ ਸੈਣੀ ਦੇ ਵਿਰੁੱਧ ਵਾਅਦਾ ਮੁਆਫ ਗਵਾਹ ਵੀ ਬਣ ਗਿਆ ਹੈ ਤੇ ਉਸ ਨੇ ਆਪਣੇ ਬਿਆਨ ਵੀ ਜਾਂਚ ਏਜੰਸੀ ਕੋਲ ਦਰਜ ਕਰਾ ਦਿੱਤੇ ਹਨ। ਜਿਸ ਤੋਂ ਲੱਗਣ ਲੱਗ ਪਿਆ ਹੈ ਕਿ ਸਾਬਕਾ ਡੀ.ਜੀ.ਪੀ. ਸ਼ਾਇਦ ਹੀ ਇਨ੍ਹਾਂ ਸੰਗੀਨ ਜੁਰਮਾਂ ਤੋਂ ਬੱਚ ਸਕੇ। ਸਿੱਖ ਨੌਜੁਆਨਾਂ 'ਤੇ ਹੋਏ ਜ਼ੁਲਮਾਂ ਦੀ ਸਾਰੀ ਦਾਸਤਾਂ ਨੂੰ ਬਿਆਨਣ ਤੋਂ ਪਹਿਲਾਂ ਇਹ ਜ਼ਰੂਰੀ ਹੋ ਗਿਆ ਕਿ ਸਿੱਖ ਕੌਮ ਦੇ ਪਿਛੋਕੜ ਦੇ ਇਤਿਹਾਸ 'ਤੇ ਵੀ ਪਾਠਕਾਂ ਦੀ ਸੰਕੇਤਕ ਝਾਤ ਪੁਆਈ ਜਾਵੇ। ਸਿੱਖ ਧਰਮ ਸੰਸਾਰ ਦਾ ਇਕ ਇਨਕਲਾਬੀ, ਨਵੀਨਤਮ ਦੇ ਨਾਲ ਵਿਗਿਆਨਕ ਧਰਮ ਵੀ ਜਾਣਿਆ ਜਾਂਦਾ। ਪੰਦਰਵੀਂ ਸਦੀ ਵਿਚ ਇਸ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤਾਂ-ਪਾਤਾਂ, ਵਹਿਮਾਂ-ਭਰਮਾਂ, ਜਾਦੂ-ਟੂਣਿਆਂ ਤੇ ਧਰਮ ਦੀ ਆੜ ਵਿਚ ਆਮ ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ ਪੰਡਤਾਂ, ਮੁੱਲਿਆਂ-ਮੁਲਾਣਿਆਂ ਵਿਰੁੱਧ ਆਵਾਜ਼ ਬੁਲੰਦ ਕਰਕੇ ਸਿੱਖ ਧਰਮ ਦੀ ਨੀਂਹ ਰੱਖੀ ਸੀ। ਜਿਸ ਦਾ ਸਿਖਰ ਉਦੋਂ ਹੋਇਆ, ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਬਰ ਵਿਰੁੱਧ ਬਹਾਦਰੀ ਨਾਲ ਲੜਣ ਲਈ 1699 ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛੱਕਾ ਕੇ "ਖਾਲਸਾ ਪੰਥ" ਸਾਜ ਦਿੱਤਾ ਸੀ। ਸਿੱਖਾਂ ਨੂੰ ਜ਼ੁਲਮ ਕਦੇ ਬੰਦੇ ਬਹਾਦਰ ਦੇ ਰੂਪ ਵਿਚ, ਕਦੇ ਵੱਡੇ ਛੋਟੇ ਘੱਲੂਘਾਰਿਆਂ ਦੇ ਰੂਪ ਵਿਚ, ਕਦੇ ਦੇਸ਼ ਨੂੰ ਆਜ਼ਾਦ ਕਰਾਉਣ ਤੇ ਫਿਰ ਪੰਜਾਬਾਂ ਦੀ ਵੰਡ ਸਮੇਂ 1947 ਵਿਚ, ਕਦੇ ਪੰਜਾਬੀ ਬੋਲੀ ਦੇ ਆਧਾਰ 'ਤੇ ਸੂਬੇ ਦੀ ਮੰਗ ਕਰਦੇ, ਕਦੇ ਪੰਜਾਬੀ ਬੋਲਦੇ ਇਲਾਕਿਆਂ, ਕਦੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਕਦੇ ਪਾਣੀਆਂ ਦੀ ਵੰਡ ਆਦਿ ਪੰਜਾਬ ਨਾਲ ਹੁੰਦੇ ਧੱਕਿਆਂ, ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਕਾਂਗਰਸੀ ਆਗੂਆਂ ਵਲੋਂ ਸਿੱਖਾਂ ਨਾਲ ਕੀਤੇ ਵਾਅਦਿਆਂ ਤੋਂ ਮੁਕੱਰਨਾ। ਜਿਸ ਸਿੱਖ ਕੌਮ ਨੇ ਆਜ਼ਾਦੀ ਦੀ ਲਹਿਰ ਵਿਚ 80% ਤੋਂ ਵਧੇਰੇ ਕੁਰਬਾਨੀਆਂ ਦੇ ਕੇ ਦੇਸ਼ ਨੂੰ ਆਜ਼ਾਦ ਕਰਾਇਆ ਹੋਵੇ, ਉਸੇ ਕੌਮ ਨੂੰ ਜਰਾਇਮ ਪੇਸ਼ਾ ਐਲਾਨ ਕੇ ਕਰੜੀ ਨਜ਼ਰ ਰੱਖਣ ਲਈ ਸਰਕਾਰੀ ਪੱਤਰ ਜਾਰੀ ਕੀਤਾ ਹੋਵੇ। ਜਿਨ੍ਹਾਂ ਕਾਰਨ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖ ਨੌਜੁਆਨਾਂ ਵਿਚ ਸਰਕਾਰ ਵਿਰੁੱਧ ਗੁੱਸੇ ਤੇ ਨਾਰਾਜ਼ਗੀ ਦਾ ਪੈਦਾ ਕਰਨਾ ਯਕੀਨੀ ਸੀ। ਕੇਂਦਰ ਵਿਚ ਰਾਜ ਕਰ ਰਹੀ ਸਰਕਾਰ ਨੇ ਪੰਜਾਬ ਦੇ ਜਾਇਜ਼ ਮਸਲੇ ਹੱਲ ਕਰਨ ਦੀ ਥਾਂ ਉਨ੍ਹਾਂ 'ਤੇ ਤਸ਼ਦੱਦ ਕਰਨਾ ਸ਼ੁਰੂ ਕਰ ਦਿੱਤਾ। ਭਾਰੀ ਗਿਣਤੀ ਵਿਚ ਪੜ੍ਹੇ-ਲਿਖੇ ਨੌਜੁਆਨਾਂ ਨੂੰ ਕੰਮੀ-ਕਾਰੀਂ ਲਗਾਉਣ ਦੀ ਥਾਂ 'ਤੇ ਉਨਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਜਾਣਾ ਸ਼ੁਰੂ ਕੀਤਾ। ਇਥੇ ਹੀ ਬੱਸ ਨਹੀਂ, 1984 ਵਿਚ ਸਿੱਖਾਂ ਦੇ ਸਭ ਤੋਂ ਪਵਿੱਤਰ ਤੇ ਸਰਬਉੱਚ ਅਸਥਾਨ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਟੈਂਕਾਂ ਨਾਲ ਹਮਲਾ ਕਰਾਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਣ ਲਈ ਇਕੱਠੀਆਂ ਹੋਈਆਂ ਸਿੱਖ ਸੰਗਤਾਂ, ਜਿਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਮਾਸੂਮ ਬੱਚਿਆਂ ਤੋਂ ਲੈ ਕੇ ਇਸਤਰੀਆਂ, ਬਜ਼ੁਰਗਾਂ, ਸਿੱਖ ਨੌਜੁਆਨਾਂ ਨੂੰ ਦੇਸ਼ ਦੀ ਸਰਕਾਰ ਵਲੋਂ ਦਰਬਾਰ ਸਾਹਿਬ ਵਿਚ ਅੱਤਵਾਦੀਆਂ ਦੇ ਛਿਪੇ ਹੋਣ ਦੀ ਆੜ ਵਿਚ ਗੋਲੀਆਂ ਨਾਲ ਮੌਤ ਦੇ ਘਾਟ ਉਤਰਵਾ ਦੇਣਾ। ਸਿੱਖਾਂ ਦੇ ਹੋਰ ਤੀਹ-ਚਾਲੀ ਧਾਰਮਿਕ ਤੇ ਪਵਿੱਤਰ ਅਸਥਾਨਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਇਸੇ ਰੋਸ ਵਿਚੋਂ ਉੱਪਜੇ ਗੁੱਸੇ ਕਾਰਨ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਦਾ ਕਤਲ ਹੋਣ, ਨਵੰਬਰ 1984 ਵਿਚ ਕਾਂਗਰਸ ਪਾਰਟੀ ਨੂੰ ਅੱਗੇ ਲਗਾ ਕੇ ਬਹੁ ਗਿਣਤੀ ਦੇ ਧਰਮ ਨਾਲ ਸਬੰਧਤ ਕੱਟੜ ਹਿੰਦੂ ਜਥੇਬੰਦੀ ਦਾ ਉਨ੍ਹਾਂ ਨਾਲ ਰੱਲ ਕੇ ਦਿੱਲੀ ਸਮੇਤ ਸਾਰੇ ਭਾਰਤ ਵਿਚ ਬੇਦੋਸ਼ੇ ਹਜ਼ਾਰਾਂ ਸਿੱਖਾਂ ਨੂੰ ਗਿੱਣੀ-ਮਿੱਥੀ ਯੋਜਨਾ ਤਹਿਤ ਗਲ਼ਾਂ ਵਿਚ ਟਾਇਰ ਪਾ ਕੇ ਸਾੜ੍ਹ ਦੇਣਾ, ਅਣਗਿਣਤ ਇਸਤਰੀਆਂ ਨੂੰ ਬੇਪੱਤ ਕਰਨਾ। ਇਨ੍ਹਾਂ ਸਾਰੀਆਂ ਘਟਨਾਵਾਂ ਨੇ ਸਿੱਖ ਨੌਜੁਆਨਾਂ ਅੰਦਰ ਇੰਨਾ ਗੁੱਸਾ ਪੈਦਾ ਕੀਤਾ ਕਿ ਉਸ ਵਿਚੋਂ ਉਤਪੰਨ ਹੋਈ ਖਾੜਕੂ ਲਹਿਰ ਦੇ ਸਮੇਂ ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਲੈ ਕੇ, ਫੌਜ ਦੇ ਜਰਨੈਲਾਂ ਦੇ ਕਤਲ, ਵੱਖ-ਵੱਖ ਰਾਜਨੀਤਿਕ ਆਗੂਆਂ ਦੇ ਕਤਲ ਹੋਣੇ, ਬੇਦੋਸ਼ੇ ਸਿੱਖ ਨੌਜੁਆਨਾਂ ਤੇ ਪੁਲਿਸ ਹਿਰਾਸਤ ਵਿਚ ਘਿਣਾਉਣੇ ਜ਼ੁਲਮ ਢਾਹੁਣ ਵਾਲੇ ਪੁਲਿਸ ਅਧਿਕਾਰੀਆਂ ਦੇ ਕਤਲ ਹੋਣੇ। ਸਿੱਖ ਚਿੰਤਕਾਂ ਦਾ ਇਹ ਵੀ ਕਹਿਣਾ ਹੈ ਕਿ ਸਿੱਖ ਨੌਜਆਨਾਂ ਜਿਨ੍ਹਾਂ ਨੂੰ ਅੱਤਵਾਦੀ ਤੇ ਖਾੜਕੂ ਕਿਹਾ ਜਾਂਦਾ ਸੀ, ਉਨ੍ਹਾਂ ਨੇ ਪੰਜਾਬ ਵਿਚ ਕਈ ਸਮਾਜ ਸੁਧਾਰਕ ਲਹਿਰਾਂ ਜਿਵੇਂ ਸਾਦੇ ਵਿਆਹ ਕਰਾਉਣੇ, ਦਾਜ ਦਹੇਜ ਨੂੰ ਖਤਮ ਕਰਨ, ਵਿਆਹੁਤਾ ਲੜਕੀਆਂ ਨੂੰ ਤੰਗ ਪਰੇਸ਼ਾਨ ਕਰਨ ਵਾਲੇ ਸਹੁਰੇ ਪਰਿਵਾਰਾਂ ਨੂੰ ਸਮਝਾ ਕੇ ਉਨ੍ਹਾਂ ਦੇ ਉਜੜੇ ਘਰਾਂ ਨੂੰ ਵਸਾਉਣਾ, ਲੋਕਾਂ ਦੇ ਝਗੜੇ ਆਪਸੀ ਮਿਲਵਰਤਣ ਨਾਲ ਖਤਮ ਕਰਾਉਣੇ ਆਦਿ ਕਈ ਹੋਰ ਸਮਾਜ ਸੁਧਾਰਕ ਕੰਮ ਕਰਨ ਦਾ ਇਹ ਅਸਰ ਹੋਇਆ ਕਿ ਪੰਜਾਬ ਦੇ ਆਮ ਲੋਕਾਂ ਅੰਦਰ ਇਨ੍ਹਾਂ ਜਥੇਬੰਦੀਆਂ ਦਾ ਆਧਾਰ ਤੇ ਸਤਿਕਾਰ ਕਾਫੀ ਵਧਣ ਲੱਗ ਪਿਆ ਸੀ। ਜਿਸ ਨੇ ਸਰਕਾਰਾਂ ਦੀ ਨੀਂਦ ਹਰਾਮ ਕਰ ਦਿੱਤੀ। ਉਹ ਯੋਜਨਾ ਘੜਣ ਲੱਗੀਆਂ ਕਿ ਕਿਸ ਤਰੀਕੇ ਨਾਲ ਇਨ੍ਹਾਂ ਵਲੋਂ ਚਲਾਈਆਂ ਲੋਕ ਲਹਿਰਾਂ ਨੂੰ ਦਬਾਇਆ ਜਾਵੇ ? ਉਸ ਨੇ ਆਪਣੇ ਪੁਲਿਸ ਕੈਟ ਇਨ੍ਹਾਂ ਖਾੜਕੂ ਸਿੱਖ ਜਥੇਬੰਦੀਆਂ ਵਿਚ ਗੁਪਤ ਤੌਰ 'ਤੇ ਵਾੜੇ। ਜਿਨ੍ਹਾਂ ਨੇ ਬਹੁਤ ਸਾਰੇ ਬੇਦੋਸ਼ੇ ਹਿੰਦੂਆਂ ਨੂੰ ਬੱਸਾਂ ਵਿਚੋਂ ਲਾਹ-ਲਾਹ ਕੇ ਗੋਲੀਆਂ ਦਾ ਸ਼ਿਕਾਰ ਬਣਾਇਆ, ਇਸਤਰੀਆਂ ਦੀਆਂ ਇੱਜ਼ਤਾਂ ਲੁੱਟੀਆਂ। ਇਹੋ ਜਿਹੀਆਂ ਕਿੰਨੀਆਂ ਹੀ ਘਿਣਾਉਣੀਆਂ ਹਰਕਤਾਂ ਕੀਤੀਆਂ। ਜਿਸ ਨਾਲ ਇਨ੍ਹਾਂ ਸਿੱਖ ਨੌਜੁਆਨਾਂ ਜਿਨ੍ਹਾਂ ਨੂੰ ਖਾੜਕੂ ਸਿੱਖ ਹੋਣ ਕਰਕੇ 'ਅੱਤਵਾਦੀ' ਆਖਿਆ ਜਾਂਦਾ ਸੀ, ਉਨ੍ਹਾਂ ਦੇ ਪ੍ਰਤੀ ਬਹੁ ਗਿਣਤੀ ਫਿਰਕੇ ਹਿੰਦੂਆਂ ਵਿਚ ਵਿਦਰੋਹ ਦੀ ਭਾਵਨਾ ਪੈਦਾ ਕਰ ਦਿੱਤੀ। ਇਨਾਂ ਬਲੈਕ ਕੈਟਾਂ ਸਬੰਧੀ ਪੁਲਿਸ ਦੇ ਉੱਚ ਅਧਿਕਾਰੀਆਂ ਵਲੋਂ ਲਿਖੀਆਂ ਪੁਸਤਕਾਂ ਵਿਚ ਜ਼ਿਕਰ ਵੀ ਮਿਲਦਾ ਹੈ। ਬੇਦੋਸ਼ੇ ਸਿੱਖ ਨੌਜੁਆਨਾਂ ਨੂੰ ਮਾਰਨ ਵਿਚ ਪੁਲਿਸ ਅਧਿਕਾਰੀ ਰੀਬੇਰੋ, ਕੇ.ਪੀ.ਐੱਸ. ਗਿੱਲ, ਸੁਮੇਧ ਸੈਣੀ, ਗੋਬਿੰਦ ਰਾਮ, ਅਜੀਤ ਸਿੰਘ ਸੰਧੂ, ਇਜਹਾਰ ਆਲਮ ਖਾਂ ਆਦਿ ਅਣਗਿਣਤ ਪੁਲਿਸ ਅਧਿਕਾਰੀਆਂ ਦੇ ਨਾਂ ਜੱਗ ਜ਼ਾਹਰ ਹੋਏ ਸਨ। ਜਿਨ੍ਹਾਂ ਨੇ ਸਿੱਖ ਨੌਜੁਆਨੀ 'ਤੇ ਘਣਘੋਰ ਜ਼ੁਲਮ ਢਾਹੇ ਤੇ ਸਦਾ ਲਈ ਖਤਮ ਕੀਤਾ। ਪੰਜਾਬ ਦੀ ਪੁਲਿਸ ਸਰਹੱਦੀ ਪਿੰਡਾਂ ਦੇ ਸਿੱਖ ਨੌਜੁਆਨਾਂ ਤੋਂ ਬਿਨਾਂ ਛੋਟੀ-ਛੋਟੀ ਉਮਰ ਦੇ ਲੜਕਿਆਂ ਨੂੰ ਘਰੋਂ ਚੁੱਕ ਲਿਜਾਂਦੀ, ਪੁਲਿਸ ਥਾਣਿਆਂ ਵਿਚ ਅਣਮਨੁੱਖੀ ਕਹਿਰ ਢਾਹਿਆ ਜਾਂਦਾ ਤੇ ਫਿਰ ਅਖੌਤੀ ਪੁਲ਼ਿਸ ਮੁਕਾਬਲੇ ਬਣਾ ਕੇ ਮਾਰ ਦਿੱਤਾ ਜਾਂਦਾ ਰਿਹਾ। ਜਿਸ ਦਾ ਇੰਨਾ ਭਿਆਨਕ ਨਤੀਜਾ ਨਿਕਲਿਆ ਕਿ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਕਈ ਦਹਾਕਿਆਂ ਤੱਕ ਬਰਾਤਾਂ ਤੱਕ ਨਹੀਂ ਸਨ ਢੁੱਕ ਸਕੀਆਂ। ਇੰਨੀ ਵੱਡੀ ਪੱਧਰ 'ਤੇ ਨੌਜੁਆਨਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਮਨੁੱਖੀ ਅਧਿਕਾਰ ਕਮਿਸ਼ਨ ਦੇ ਆਗੂ ਜਸਵੰਤ ਸਿੰਘ ਖਾਲੜਾ ਜਿਸ ਨੇ 25000 ਹਜ਼ਾਰ ਤੋਂ ਵਧੇਰੇ ਬੇਦੋਸ਼ੇ ਸਿੱਖ ਨੌਜੁਆਨਾਂ ਜਿਨ੍ਹਾਂ ਨੂੰ ਪੁਲਿਸ ਨੇ ਮਾਰ ਮੁਕਾਇਆ ਸੀ, ਉਨ੍ਹਾਂ ਦੀਆਂ ਅਣਪਛਾਤੀਆਂ ਲਾਸ਼ਾਂ ਦੱਸ ਕੇ ਸ਼ਮਸ਼ਾਨਘਾਟਾਂ ਵਿਚ ਸਸਕਾਰ ਕਰਵਾ ਦਿੱਤੇ ਸਨ। ਉਨ੍ਹਾਂ ਦੀ ਲਿਸਟ ਜੱਗ ਜ਼ਾਹਰ ਕੀਤੀ ਸੀ। ਜਿਸ ਨਾਲ ਇੰਨਾ ਰੌਲਾ ਪਿਆ ਕਿ ਸਰਕਾਰ ਨੇ ਘਬਰਾ ਕੇ ਉਸੇ ਜਸਵੰਤ ਸਿੰਘ ਖਾਲੜਾ ਨੂੰ ਘਰੋਂ ਚੁੱਕ ਕੇ ਪਤਾ ਨਹੀਂ ਕਿਥੇ ਖੱਪਾ ਦਿੱਤਾ ? ਜਿਸ ਦਾ ਹੁਣ ਤੱਕ ਖੁਰਾ-ਖੋਜ ਨਹੀਂ ਮਿਲ ਸਕਿਆ। ਭਾਵੇਂ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਤੇ ਸਾਬਕਾ ਜਸਟਿਸ ਅਜੀਤ ਸਿੰਘ ਬੈਂਸ ਨੇ ਬਹੁਤ ਸਾਰੇ ਕੇਸਾਂ ਨੂੰ ਕੋਰਟਾਂ ਵਿਚ ਲਿਜਾ ਕੇ ਇਨਸਾਫ ਦੁਆਉਣ ਦਾ ਯਤਨ ਕੀਤਾ। ਕਈਆਂ ਪੁਲਿਸ ਅਧਿਕਾਰੀਆਂ ਜਿਨ੍ਹਾਂ ਨੇ ਬੇਦੋਸ਼ੇ ਸਿੱਖ ਨੌਜੁਆਨ ਮਾਰੇ ਸਨ, ਉਨ੍ਹਾਂ ਨੂੰ ਸਜ਼ਾਵਾਂ ਵੀ ਦੁਆਈਆਂ। ਬਹੁਤ ਸਾਰੇ ਪੁਲਿਸ ਦੇ ਅਧਿਕਾਰੀ ਤੇ ਕਰਮਚਾਰੀ ਹਾਲੇ ਵੀ ਬਚੇ ਹੋਏ ਹਨ। ਅੱਜਕੱਲ੍ਹ ਸਿੱਖ ਨੌਜੁਆਨਾਂ ਦਾ ਕਾਤਲ ਸੁਮੇਧ ਸੈਣੀ, ਜਿਸ ਨੇ ਪਤਾ ਨਹੀਂ ਕਿੰਨੇ ਹੀ ਬੇਦੋਸ਼ੇ ਸਿੱਖ ਨੌਜੁਆਨ ਕੋਹ-ਕੋਹ ਕੇ ਮਾਰ ਕੇ ਖੱਪਾ ਦਿੱਤੇ ਸਨ? ਉਸ ਵਿਰੁੱਧ ਅਦਾਲਤਾਂ ਨੇ ਧਾਰਾ 302 ਸਮੇਤ ਕਈ ਹੋਰ ਜੁਰਮਾਂ ਹੇਠ ਮੁਕਦਮੇ ਦਰਜ ਕੀਤੇ ਹੋਏ ਹਨ। ਹੇਠਲੀਆਂ ਕੋਰਟਾਂ ਸਮੇਤ ਪੰਜਾਬ ਹਰਿਆਣਾ ਹਾਈ ਕੋਰਟ ਨੇ ਵੀ ਉਸ ਦੀਆਂ ਸਾਰੀਆਂ ਪਟੀਸ਼ਨਾਂ ਰੱਦ ਕਰ ਦਿੱਤੀਆਂ ਹਨ। ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਸਰਕਾਰ ਵਲੋਂ ਦਿੱਤੀ ਜੈਡ ਸਕਿਉਰਿਟੀ ਵਿਚ ਹੁੰਦਿਆਂ ਹੋਇਆਂ ਵੀ ਪੁਲਿਸ ਤੋਂ ਭਗੌੜਾ ਹੋਇਆ ਫਿਰਦਾ ਹੈ। ਅੱਜ ਤੋਂ ਲਗਭਗ 30 ਸਾਲ ਪਹਿਲਾਂ 1991 ਵਿਚ ਸੁਮੇਧ ਸੈਣੀ ਉਤੇ ਚੰਡੀਗੜ੍ਹ ਵਿਖੇ ਹੋਏ ਕਾਤਲਾਨਾ ਹਮਲੇ ਜਿਸ ਵਿਚ ਤਿੰਨ ਪੁਲਿਸ ਕਰਮੀ ਮਾਰੇ ਗਏ ਦੱਸੇ ਜਾਂਦੇ ਹਨ। ਇਸ ਕਾਤਲਾਨਾ ਹਮਲੇ ਦੇ ਸ਼ੱਕ ਵਿਚ ਸਿਟਕੋ ਦੇ ਜੇ.ਈ. ਬਲਵੰਤ ਸਿੰਘ ਮੁਲਤਾਨੀ ਨੂੰ ਘਰੋਂ ਚੁੱਕ ਲਿਆਂਦਾ ਸੀ, ਉਸ 'ਤੇ ਇੰਨੇ ਅਣਮਨੁੱਖੀ ਤਸ਼ੱਦਦ, ਜ਼ੁਲਮ ਢਾਹੇ ਗਏ, ਜਿਨ੍ਹਾਂ ਨੇ ਸਾਰੇ ਜ਼ੁਲਮਾਂ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਤਰਸਾ-ਤਰਸਾ ਕੇ ਪੁਲਿਸ ਹਿਰਾਸਤ ਵਿਚ ਮਾਰ ਮੁਕਾਇਆ ਸੀ, ਜਿਸ ਨੂੰ ਦਿੱਤੇ ਤਸੀਹਿਆਂ ਨੂੰ ਬਿਆਨ ਕਰਨ ਸਮੇਂ ਸਰੀਰ ਤੇ ਜ਼ੁਬਾਨ ਨੂੰ ਕੰਬਣੀ ਛਿੜ ਜਾਂਦੀ ਹੈ। ਉਸੇ ਬਲਵੰਤ ਸਿੰਘ ਮੁਲਤਾਨੀ ਨੂੰ ਬਾਅਦ ਵਿਚ ਪੁਲਿਸ ਹਿਰਾਸਤ ਵਿਚੋਂ ਭਗੌੜਾ ਕਰਾਰ ਦੇ ਕੇ ਇਕ ਪੁਲਿਸ ਮੁਕਾਬਲੇ ਵਿਚ ਮਾਰਿਆ ਦਰਸਾਇਆ ਗਿਆ ਸੀ। ਉਸੇ ਕੇਸ ਵਿਚ ਕੋਰਟਾਂ ਨੇ ਉਸ (ਸੁਮੇਧ ਸੈਣੀ) ਨੂੰ ਦੋਸ਼ੀ ਕਰਾਰ ਦਿੱਤਾ ਹੋਇਆ ਹੈ। ਪੰਜਾਬ ਸਰਕਾਰ ਤੇ ਪੰਜਾਬ ਦੀ ਪੁਲਿਸ ਇਸ ਜ਼ਾਲਮ ਸੁਮੇਧ ਸੈਣੀ ਨੂੰ ਹਾਲੇ ਤੱਕ ਫੜੇ ਨਾ ਜਾਣ ਕਾਰਨ, ਸਾਰੇ ਜੱਗ ਵਿਚ ਰੱਜ ਕੇ ਬਦਨਾਮ ਹੋ ਰਹੀ ਹੈ। ਇਸ ਪੁਲਿਸ ਅਫਸਰ ਨੂੰ ਨਾ ਫੜੇ ਜਾਣ ਕਰਕੇ ਲੋਕਾਂ ਵਿਚ ਇਹ ਵੀ ਚਰਚਾ ਹੈ ਕਿ ਇਸ ਨੂੰ ਸਰਕਾਰ ਦੇ ਉਨ੍ਹਾਂ ਰਾਜਨੀਤਿਕਾਂ ਵਲੋਂ ਬਚਾਇਆ ਜਾ ਰਿਹਾ ਹੈ, ਜਿਨ੍ਹਾਂ ਦੀ ਕੇਂਦਰ ਦੀ ਸਰਕਾਰ ਵਿਚ ਭਿਆਲੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬਿਨਾ ਵਾਰੀ ਦੇ ਸੀਨੀਆਰਤਾ ਨੂੰ ਅੱਖੋਂ ਪਰੋਖੇ ਕਰਕੇ ਇਸ ਦਰਿੰਦੇ ਤੇ ਸਿੱਖ ਨੌਜੁਆਨਾਂ ਦੇ ਕਾਤਲ ਨੂੰ ਪੰਜਾਬ ਦਾ ਡੀ.ਜੀ.ਪੀ. ਬਣਾਉਣ ਵਾਲੇ ਹੋਰ ਕੋਈ ਨਹੀਂ ਸਨ, ਬਲਕਿ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪ੍ਰਧਾਨ ਰਹੇ ਸ. ਪ੍ਰਕਾਸ਼ ਸਿੰਘ ਬਾਦਲ ਹੀ ਹਨ। ਇਹ ਉਹੀ ਸਿੱਖ ਆਗੂ ਹੈ, ਜਿਹੜਾ ਦਿਨ ਵੇਲੇ ਖਾੜਕੂਆਂ ਦੇ ਭੋਗਾਂ ਵਿਚ ਸ਼ਾਮਲ ਹੋ ਕੇ ਦੁੱਖੀ ਪਰਿਵਾਰਾਂ ਨਾਲ ਹਮਦਰਦੀ ਜਤਾਉਂਦਾ ਸੀ ਤੇ ਰਾਤ ਸਮੇਂ ਇਹ ਹੀ ਚਿਹਰਾ ਇਕ ਹੋਰ ਮੁੱਖ ਦਰਿੰਦੇ ਪੁਲਿਸ ਅਧਿਕਾਰੀ ਕੇ.ਪੀ. ਐੱਸ. ਗਿੱਲ ਨਾਲ ਮੀਟਿੰਗਾਂ ਕਰਕੇ ਸਿੱਖ ਨੌਜੁਆਨਾਂ ਨੂੰ ਕਿਸ ਤਰ੍ਹਾਂ ਮਾਰਿਆ ਜਾਵੇ, ਦੀਆਂ ਯੋਜਨਾਵਾਂ ਘੜ੍ਹਦਾ ਸੀ। ਬੇਦੋਸ਼ੇ ਸਿੱਖ ਨੌਜੁਆਨਾਂ ਦੇ ਕਾਤਲ ਕਾਂਗਰਸੀ ਤੇ ਅਕਾਲੀ-ਭਾਜਪਾ ਸਰਕਾਰ ਦੇ ਮੁੱਖ ਮੰਤਰੀ ਇਕੋ ਜਿਹੇ ਭਾਗੀਦਾਰ ਹਨ। ਅੱਜ ਸਾਰੇ ਦੇਸ਼ ਵਿਚ ਕੁਝ ਸਿੱਖ ਜਥੇਬੰਦੀਆਂ ਵਲੋਂ ਇਸ ਭਗੌੜੇ ਹੋਏ ਸਾਬਕਾ ਪੁਲੀਸ ਅਧਿਕਾਰੀ ਸੁਮੇਧ ਸੈਣੀ ਦੇ ਪੋਸਟਰ ਲਗਾ ਕੇ ਉਸ ਨੂੰ ਫੜਾਉਣ ਦਾ ਇਨਾਮ ਰੱਖਿਆ ਹੋਇਆ ਹੈ। ਦੂਸਰੇ ਪਾਸੇ ਇਹ ਵੀ ਖਬਰਾਂ ਆ ਰਹੀਆਂ ਹਨ ਕਿ ਇਨ੍ਹਾਂ ਪੋਸਟਰਾਂ ਉਤੇ ਹੀ ਪੁਲਿਸ ਦੇ ਬੰਦਿਆਂ ਵਲੋਂ ਕਰੋਨਾ ਬਿਮਾਰੀ ਦੇ ਪੋਸਟਰ ਲਗਾ ਕੇ ਸੁਮੇਧ ਸੈਣੀ ਦੇ ਭਗੌੜੇ ਹੋਣ ਦੇ ਲੱਗੇ ਪੋਸਟਰ ਨੂੰ ਲੁਕਾਇਆ ਜਾ ਰਿਹਾ ਹੈ। ਜਿਸ ਤੋਂ ਸਰਕਾਰ ਦੀ ਮਿਲੀਭੁਗਤ ਹੋਣ ਦੀ ਹੋਰ ਸਪੱਸ਼ਟ ਝਲਕ ਪੈ ਰਹੀ ਹੈ। ਇਸੇ ਕਰਕੇ ਉਸ ਨੂੰ ਨਾ ਫੜੇ ਜਾਣ ਕਰਕੇ ਸਰਕਾਰ ਤੇ ਪੁਲਿਸ ਦੋਹਾਂ ਦੇ ਮੱਥੇ 'ਤੇ ਕਲੰਕ ਦਾ ਟਿੱਕਾ ਲੱਗ ਰਿਹਾ ਹੈ। ਇਹ ਵੀ ਆਮ ਲੋਕਾਂ ਵਿਚ ਚਰਚਾ ਹੈ ਕਿ ਜੇ ਕਰ ਇਸ ਅਧਿਕਾਰੀ ਦੀ ਥਾਂ 'ਤੇ ਕੋਈ ਹੋਰ ਸਿੱਖ ਜਾਂ ਮੁਸਲਮਾਨ ਹੁੰਦਾ ਤੇ ਉਹ ਭਾਵੇਂ ਵਿਦੇਸ਼ ਜਾਂ ਪਤਾਲ ਵਿਚ ਕਿਤੇ ਵੀ ਲੁੱਕਿਆ ਕਿਉਂ ਨਾ ਹੁੰਦਾ ? ਉਸ ਦਾ ਸਾਰਾ ਘਾਣ ਬੱਚਾ ਹੁਣ ਤੱਕ ਪੁਲਿਸ ਨੇ ਨਪੀੜ੍ਹ ਕੇ ਰੱਖ ਦੇਣਾ ਸੀ ਤੇ ਕਦੋਂ ਦਾ ਉਸ ਨੂੰ ਫੜ੍ਹ ਲਿਆ ਹੋਣਾ ਸੀ। ਪਰ ਇਸ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਲਈ ਸਰਕਾਰਾਂ ਦਾ ਕਾਨੂੰਨ ਵੱਖਰਾ ਹੀ ਪ੍ਰਤੀਤ ਹੋ ਰਿਹਾ ਹੈ। ਜਿਸ ਕਰਕੇ ਉਸ ਨੂੰ ਹੁਣ ਤੱਕ ਫੜ੍ਹਣ ਦੀ ਥਾਂ 'ਤੇ ਬਚਾਇਆ ਜਾ ਰਿਹਾ। ਕਿਹਾ ਜਾਂਦਾ ਹੈ ਕਿ ਬਾਰ੍ਹਾਂ ਸਾਲਾਂ ਬਾਅਦ ਤਾਂ ਰੂੜ੍ਹੀ ਦੀ ਵੀ ਸੁਣੀ ਜਾਂਦੀ ਹੈ, ਪਰ ਇਨ੍ਹਾਂ ਸਿੱਖ ਨੌਜੁਆਨਾਂ ਦੇ ਮਾਮਲੇ ਵਿਚ ਇਹ ਅਖਾਣ ਵੀ ਝੂਠਾ ਹੋ ਗਿਆ ਹੈ। ਜਿਸ ਤੋਂ ਕਿਸੇ ਤਰ੍ਹਾਂ ਦੇ ਇਨਸਾਫ ਮਿਲਣ ਦੀ ਉਮੀਦ ਨਹੀਂ ਨਜ਼ਰ ਆ ਰਹੀ। ਜੇ ਸਰਕਾਰਾਂ ਜਾਂ ਪੁਲਿਸ ਦੀ ਨੀਅਤ ਸੁਮੇਧ ਸੈਣੀ ਨੂੰ ਫੜਣ ਦੀ ਹੁੰਦੀ, ਤਾਂ ਜਦੋਂ ਜ਼ਿਲ੍ਹਾ ਕੋਰਟ ਨੇ ਉਸ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਸਨ, ਤਾਂ ਉਸ (ਸੈਣੀ) ਨੂੰ ਕਦੋਂ ਦਾ ਫੜ ਲੈਂਦੀ। ਹੁਣ ਜਦੋਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਵੀ ਸੁਮੇਧ ਸੈਣੀ ਦੇ ਵਿਰੁੱਧ ਫੈਸਲਾ ਦੇ ਦਿੱਤਾ ਹੈ। ਪਰ ਉਹ ਹੀ ਸੁਮੇਧ ਸੈਣੀ ਕਿਸੇ ਪੁਲਿਸ ਵਾਲੇ ਨੂੰ ਅੱਖਾਂ ਦੇ ਸਾਹਮਣੇ ਹੋਣ 'ਤੇ ਵੀ ਨਜ਼ਰ ਨਹੀਂ ਆ ਰਿਹਾ ਹੈ। ਬਲਵੰਤ ਸਿੰਘ ਮੁਲਤਾਨੀ ਦੇ ਕੇਸ ਵਿਚ ਜਿਸ ਤਰ੍ਹਾਂ ਬੜੀ ਸੁਹਿਰਦਤਾ ਨਾਲ ਪੰਜਾਬ ਹਰਿਆਣਾ ਹਾਈ ਕੋਰਟ ਦੇ ਵਕੀਲ ਪਰਦੀਪ ਸਿੰਘ ਵਿਰਕ ਲੜ ਰਹੇ ਹਨ, ਉਨ੍ਹਾਂ ਨੂੰ ਦਾਦ ਦੇਣੀ ਬਣਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ਼੍ਰੀ ਸੁਮੇਧ ਸੈਣੀ ਦੇ ਵੇਲੇ ਦੇ ਪੁਲਿਸ ਕਰਮੀਆਂ ਜਿਨ੍ਹਾਂ ਨੇ ਇਸੇ ਸਾਬਕਾ ਡੀ.ਜੀ.ਪੀ. ਦੇ ਕਹੇ 'ਤੇ ਮੁਲਤਾਨੀ 'ਤੇ ਅੰਨ੍ਹਾ ਤਸ਼ੱਦਦ ਕੀਤਾ ਸੀ ਤੇ ਜ਼ੁਲਮ ਢਾਹੇ ਸਨ। ਉਹ ਹੁਣ ਇਸੇ ਸੈਣੀ ਵਿਰੁੱਧ 'ਵਾਅਦਾ ਮੁਆਫ ਗਵਾਹ' ਬਣ ਚੁੱਕੇ ਹਨ ਤੇ ਉਨ੍ਹਾਂ ਨੇ ਆਪਣੇ ਬਿਆਨ ਕੋਰਟ ਵਿਚ ਦਰਜ ਵੀ ਕਰਵਾ ਦਿੱਤੇ ਹਨ। ਇਸ ਕਰਕੇ ਉਸ ਦਾ ਹੁਣ ਬਚਣਾ ਨਾ-ਮੁਮਕਿਨ ਲੱਗ ਰਿਹਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਕਿ ਸੁਮੇਧ ਸੈਣੀ ਦੀਆਂ ਅਦਾਲਤਾਂ ਨੇ ਅਰਜ਼ੀਆਂ ਰੱਦ ਕਰਕੇ ਉਸ ਨੂੰ ਚਾਰ ਵਾਰੀ ਭਜਾਇਆ ਹੈ। ਜਿੰਨਾ ਮਰਜ਼ੀ ਭੱਜ ਲਵੇ, ਉਹ ਹੁਣ ਬੱਚ ਨਹੀਂ ਸਕਦਾ। ਉਹੀ ਪੁਲਿਸ ਜਿਹੜੀ ਕਿਸੇ ਸਮੇਂ ਉਸ ਦਾ ਪਾਣੀ ਭਰਦੀ ਸੀ, ਅੱਜ ਉਹ ਹੀ ਪੁਲਿਸ ਉਸ ਨੂੰ ਫੜ੍ਹਣ ਲਈ ਮਗਰ ਲੱਗੀ ਹੋਈ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਅੰਤ ਵਿਚ ਪੰਜਾਬ ਦੀ ਸਰਕਾਰ ਤੇ ਪੁਲਿਸ ਨੂੰ ਨਮੋਸ਼ੀ ਦਾ ਮੂੰਹ ਵੇਖਣ ਉਪਰੰਤ ਫਿਰ ਵੀ ਉਸ ਨੂੰ ਫੜਨਾ ਹੀ ਪੈਣਾ ਹੈ। ਉਸ ਦੇ ਗੁਨਾਹ ਇੰਨੇ ਵੱਡੇ ਹਨ, ਆਖਰ ਉਸ ਨੂੰ ਜੇਲ੍ਹ ਦੀ ਹਵਾ ਖਾਣੀ ਪੈਣੀ ਹੈ। ਕਾਂਗਰਸ ਪਾਰਟੀ ਦੀ ਸਰਕਾਰ 'ਤੇ ਤਾਂ ਇਕ ਤਰ੍ਹਾਂ ਦਾ ਪੱਕਾ ਠੱਪਾ ਲਗ ਚੁੱਕਾ ਹੈ ਕਿ ਉਹ ਸਿੱਖ ਵਿਰੋਧੀ ਹੈ ਹੀ। ਪਰ ਇਸ ਸਮੇਂ ਦੇਸ਼ ਵਿਚ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਵਤੀਰਾ ਕਾਂਗਰਸ ਪਾਰਟੀ ਨਾਲੋਂ ਵੀ ਬੱਦਤਰ ਵਾਲਾ ਹੈ। ਸਿੱਖ ਜਗਤ ਨੂੰ ਪਤਾ ਹੈ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਾਉਣ, ਦਿੱਲੀ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਹੋਏ ਸਿੱਖ ਦੰਗਿਆਂ ਵਿਚ ਵੀ ਭਾਰਤੀ ਜਨਤਾ ਪਾਰਟੀ ਦੀ ਕੱਟੜ੍ਹ ਧਾਰਮਿਕ ਜਥੇਬੰਦੀ ਆਰ.ਐੱਸ.ਐੱਸ. ਦਾ ਵੀ ਉਘੱੜਵਾਂ ਰੋਲ ਰਿਹਾ ਹੈ। ਕੌਣ ਨਹੀਂ ਜਾਣਦਾ ਕਿ ਇੰਦਰਾ ਗਾਂਧੀ ਨੂੰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਉਕਸਾਉਣ ਵਾਲਾ ਭਾਜਪਾ ਦਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਹੀ ਸੀ ? ਇਸ ਪਾਰਟੀ ਦੇ ਆਗੂ ਵੀ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜ੍ਹਣ ਵਾਲਿਆਂ ਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਲੁੱਟਣ ਵਾਲਿਆਂ ਵਿਚ ਮੋਹਰੀ ਤੌਰ 'ਤੇ ਕਾਂਗਰਸ ਪਾਰਟੀ ਨਾਲ ਸਨ। ਜਿਨ੍ਹਾਂ ਬਾਰੇ ਕਈ ਕਮਿਸ਼ਨਾਂ ਦੀਆਂ ਰਿਪੋਰਟਾਂ ਵੀ ਆਈਆਂ ਦੱਸੀਆਂ ਜਾਂਦੀਆਂ ਹਨ। ਲੋਕਾਂ ਦਾ ਮੰਨਣਾ ਹੈ ਕਿ ਕਾਂਗਰਸੀ, ਅਕਾਲੀ ਤੇ ਭਾਜਪਾ ਦੇ ਆਗੂ ਸਾਰੇ ਹੀ ਸੁਮੇਧ ਸੈਣੀ ਦੇ ਸਮਰੱਥਕ ਚਲੇ ਆ ਰਹੇ ਹਨ, ਜੋ ਇਹ ਵੀ ਸਾਬਤ ਕਰ ਰਿਹਾ ਕਿ ਮਈ 2020 ਤੋਂ ਸਤੰਬਰ ਦਾ ਲਗਭਗ ਅੱਧਾ ਮਹੀਨਾ ਬੀਤਣ ਵਾਲਾ ਹੈ, ਉਸ ਦੇ ਵਿਰੁੱਧ ਲਗਾਤਾਰ ਅਦਾਲਤਾਂ ਦੇ ਫੈਸਲੇ ਪਿਛਲੇ ਚਾਰ, ਸਵਾ ਚਾਰ ਮਹੀਨਿਆਂ ਤੋਂ ਹੋ ਚੁੱਕੇ ਹਨ। ਪਰ ਨਾ ਕੇਂਦਰ ਦੀ ਸਰਕਾਰ ਤੇ ਨਾ ਹੀ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਸਰਕਾਰ ਨੇ ਸੁਮੇਧ ਸੈਣੀ ਨੂੰ ਫੜਿਆ ਹੈ। ਭਾਰਤ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਨੇ ਵੀ ਸੈਣੀ ਵਲੋਂ ਪਾਈ ਅਰਜੀ ਵਿਚ ਕੁਝ ਖਾਮੀਆਂ ਦੇਖ ਕੇ ਉਸ ਨੂੰ ਦੁਬਾਰਾ ਫਾਈਲ ਕਰਨ ਦੇ ਹੁਕਮ ਦਿੱਤੇ ਹਨ। ਇਹ ਵੀ ਪਤਾ ਲੱਗਾ ਹੈ ਕਿ ਮੋਹਾਲੀ ਦੀ ਅਦਾਲਤ ਨੇ ਇਕ ਤਾਜ਼ੇ ਫੈਸਲੇ ਵਿਚ ਸੈਣੀ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕਰਕੇ ਮਟੌਰ ਥਾਣੇ (ਮੋਹਾਲੀ) ਦੀ ਪੁਲਿਸ ਨੂੰ ਆਦੇਸ਼ ਦਿੱਤੇ ਗਏ ਹਨ ਕਿ ਸੁਮੇਧ ਸੈਣੀ ਨੂੰ 25 ਸਤੰਬਰ ਤੱਕ ਫੜ੍ਹ ਕੇ ਕੋਰਟ ਵਿਚ ਪੇਸ਼ ਕੀਤਾ ਜਾਵੇ। ਇਹ ਵੀ ਜਾਣਕਾਰੀ ਮਿਲੀ ਹੈ ਕਿ ਉਸ ਨੂੰ ਭਗੌੜਾ ਕਰਾਰ ਦੇ ਕੇ ਉਸ ਦੀ ਜਾਇਦਾਦ ਵੀ ਜਬਤ ਕੀਤੇ ਜਾਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਇੰਨਾ ਕੁਝ ਹੋਣ ਦੇ ਬਾਵਜੂਦ ਹਾਲੇ ਤੱਕ ਵੀ ਇਹ ਸ਼ੰਕਾ ਬਣੀ ਹੋਈ ਹੈ ਕਿ ਉਸ ਨੂੰ ਨਿਸ਼ਚਿਤ ਮਿਤੀ ਤੱਕ ਫੜ ਕੇ ਕੋਰਟ ਵਿਚ ਪੇਸ਼ ਕੀਤਾ ਜਾਵੇਗਾ ਵੀ ਕਿ ਨਹੀਂ। ਪਰ ਇੰਨੀ ਗੱਲ ਜ਼ਰੂਰ ਹੈ ਕਿ ਸਾਰੇ ਸੰਸਾਰ ਵਿਚ ਭਾਰਤ ਦੀ ਭਾਜਪਾ ਸਰਕਾਰ ਸਮੇਤ ਪੰਜਾਬ ਸਰਕਾਰ ਤੇ ਪੁਲਿਸ ਦੀਆਂ ਸਾਰੀਆਂ ਖੁੱਫੀਆ ਏਜੰਸੀਆਂ ਦਾ ਦਿਵਾਲਾ ਜ਼ਰੂਰ ਨਿਕਲਿਆ ਹੋਇਆ ਸਭ ਨੂੰ ਨਜ਼ਰੀਂ ਪੈ ਗਿਆ ਹੈ ਕਿ ਦੇਸ਼ ਦੀਆਂ ਸਰਕਾਰਾਂ ਸੱਚਾਈ ਵਿਚ 'ਸਿੱਖ ਵਿਰੋਧੀ' ਹਨ। ਦੇਸ਼ ਨੂੰ ਆਜ਼ਾਦ ਹੋਇਆ ਲਗਭਗ ਪੌਣੀ ਸਦੀ ਹੋਣ ਵਾਲੀ ਹੈ। ਸਾਡੇ ਦੇਸ਼ ਦੇ ਬਹੁਤ ਸਾਰੇ ਰਾਜਨੀਤਿਕ ਆਗੂ ਚਾਹੇ ਕੇਂਦਰ ਜਾਂ ਪ੍ਰਾਂਤਾਂ ਦੇ ਵਜੀਰ ਹਨ, ਐੱਮ.ਪੀ. ਜਾਂ ਵਿਧਾਨ ਸਭਾ ਮੈਂਬਰ ਹਨ, ਸਮੇਤ ਬਿਊਰੋਕਰੇਸੀ ਦੇ ਲਗਭਗ ਸਾਰੇ ਹੀ ਇਸ ਹਮਾਮ ਵਿਚ ਨੰਗੇ ਹਨ। ਉਹ ਸਰਕਾਰ ਦੇ ਪੈਸੇ ਨੂੰ ਚੂੰਡ-ਚੂੰਡ ਕੇ ਧਨਾਢ ਤੇ ਧਨਾਢ ਬਣ ਰਹੇ ਹਨ। ਦੇਸ਼ ਦੇ ਲੋਕ ਗਰੀਬ ਤੇ ਹੋਰ ਗਰੀਬ ਹੁੰਦੇ ਜਾ ਰਹੇ ਹਨ। ਉਨ੍ਹਾਂ ਕੋਲ ਨਾ ਚੰਗੀ ਵਿਦਿਆ ਲਈ ਸਕੂਲ਼, ਕਾਲਜ ਹਨ, ਨਾ ਚੰਗੀਆਂ ਸਿਹਤ ਸਹੂਲਤਾਂ ਲਈ ਚੰਗੇ ਹਸਪਤਾਲ, ਨਾ ਨੌਜੁਆਨਾਂ ਕੋਲ ਯੋਗ ਰੁਜ਼ਗਾਰ, ਨਾ ਚੱਲਣ ਫਿਰਨ ਲਈ ਚੰਗੀਆਂ ਸੜਕਾਂ, ਸਭ ਪਾਸੇ ਰਿਸ਼ਵਤ ਦਾ ਬੋਲਬਾਲਾ ਹੋਣ ਕਰਕੇ ਉਨ੍ਹਾਂ ਦੀ ਹਰ ਖੇਤਰ ਵਿਚ ਹਾਲਤ ਸਿਖਰਾਂ ਦੀ ਮੰਦੀ ਹੈ। ਇਨ੍ਹਾਂ ਭ੍ਰਿਸ਼ਟ ਸਰਕਾਰਾਂ ਨੇ ਤਾਂ ਛੋਟੇ ਅਫਸਰਾਂ ਤੇ ਕਰਮਚਾਰੀਆਂ ਨੂੰ ਵੀ ਰਿਸ਼ਵਤਖੋਰੀ ਦੀ ਚਿਣਗ ਲਗਾਈ ਹੋਈ ਹੈ, ਤਾਂ ਕਿ ਉਹ ਉਨ੍ਹਾਂ ਵਲ ਵੀ ਉਂਗਲ ਨਾ ਕਰ ਸਕਣ। ਅੱਜ ਸਮਾਂ ਮੰਗ ਕਰਦਾ ਹੈ ਕਿ ਜੇਕਰ ਦੇਸ਼ ਦੇ ਸਾਰੇ ਈਮਾਨਦਾਰ ਅਫਸਰ ਜੋ ਹਰ ਖੇਤਰ ਵਿਚ ਮੌਜੂਦ ਹਨ, ਚਾਹੇ ਪੁਲਿਸ ਵਿਭਾਗ ਹੀ ਕਿਉਂ ਨਾ ਹੋਵੇ, ਦੇਸ਼ ਵਾਸੀਆਂ ਸਭ ਨੂੰ ਇਕੱਠੇ ਹੋ ਕੇ ਇਨ੍ਹਾਂ ਭ੍ਰਿਸ਼ਟ ਰਾਜਨੀਤਿਕਾਂ ਨੂੰ ਨੱਥ ਪਾਉਣ ਦੀ ਜ਼ਰੂਰਤ ਹੈ। ਜਿੰਨਾਂ ਚਿਰ ਅਸੀਂ ਦੇਸ਼ ਦੇ ਲੋਕ ਗੰਭੀਰ ਹੋ ਕੇ ਕੋਈ ਯੋਜਨਾਬੱਧ ਜੱਦੋ-ਜਹਿਦ ਸ਼ੁਰੂ ਨਹੀਂ ਕਰਦੇ, ਉਦੋਂ ਤੱਕ ਕੁਝ ਵੀ ਠੀਕ ਹੋਣ ਵਾਲਾ ਨਹੀਂ ਤੇ ਸੁਮੇਧ ਸੈਣੀ ਵਰਗਿਆਂ ਜ਼ਾਲਮਾਂ ਦੀ ਹੀ ਚਲਦੀ ਰਹਿਣੀ ਹੈ ਤੇ ਸਰਕਾਰਾਂ ਸਾਡੇ ਨਾਲ ਜੋ ਕੁਝ ਕਰ ਰਹੀਆਂ ਹਨ, ਉਹੋ ਕੁਝ ਕਰਦੀਆਂ ਰਹਿਣਗੀਆਂ, ਕਿਸੇ ਮਨੁੱਖ ਨੂੰ ਇਨਸਾਫ ਤੱਕ ਨਹੀਂ ਮਿਲੇਗਾ। ਆਉ ! ਆਪਾਂ ਦੇਸ਼ ਦੇ ਲੋਕ ਜਾਤਾਂ-ਪਾਤਾਂ, ਧਾਰਮਿਕ, ਰਾਜਨੀਤਿਕ ਸਭ ਪ੍ਰਕਾਰ ਦੇ ਵਖਰੇਵੇਂ ਛੱਡ ਕੇ ਇਕੱਠੇ ਹੋਈਏ। ਇਹ ਹੀ ਸਮੇਂ ਦੀ ਅਹਿਮ ਲੋੜ੍ਹ ਹੈ। ਸਿਰਫ ਹੰਭਲਾ ਮਾਰਨ ਦੀ ਰੂਰਤ ਹੈ। ਅੰਤ ਵਿਚ ਸਫਲ਼ਤਾ, ਸਾਡੇ ਪੈਰ ਜ਼ਰੂਰ ਚੁੰਮੇਗੀ।

# ਐਵਾਨ-ਏ-ਗ਼ਜ਼ਲ: ਗੁਰਦੇਵ ਸਿੰਘ ਪੰਦੋਹਲ ਨੂੰ ਯਾਦ ਕਰਦਿਆਂ

ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



ਸੂਕਦਾ ਦਰਿਆ, ਦੋਸਤੀ ਦੇ ਤਰਾਜ਼ੂ 'ਚ ਪੂਰਾ ਉਤਰਨ ਵਾਲਾ, ਲਮ-ਸੁਲੰਮਾ ਕੱਦ, ਰੰਗ ਸਾਫ ਤੇ ਆਕਰਸ਼ਿਤ ਨਕਸ਼ੋ-ਨਿਹਾਰ। ਕੁੱਲ ਮਿਲਾ ਕੇ ਗ਼ਜ਼ਲ ਵਰਗਾ ਮੁਹਾਂਦਰਾ ਸੀ ਡਾ. ਗੁਰਦੇਵ ਸਿੰਘ ਪੰਦੋਹਲ ਦਾ। ਜੂਨ 2009 'ਚ ਉਹ ਪੰਜਾਬੀ ਭਵਨ ਲੁਧਿਆਣਾ ਵਿਖੇ ਕਵੀ ਦਰਬਾਰ 'ਚ ਸ਼ਮੂਲੀਅਤ ਕਰਨ ਜਾਂਦਿਆਂ ਫਿਰੋਜ਼ਪੁਰ ਰੋਡ ਚੁੰਗੀ ਨਜ਼ਦੀਕ, ਸੜਕ ਹਾਦਸੇ 'ਚ ਸਦਾ ਲਈ ਖ਼ਾਮੋਸ਼ ਹੋ ਗਏ। ਆਪਣੀ ਮੌਤ ਸਮੇਂ ਉਹ ਕੋਈ 75 ਕੁ ਸਾਲ ਦੇ ਸਨ। ਉਸ ਤੋਂ ਪਹਿਲੇ ਸਕੂਲ ਸਿੱਖਿਆ ਵਿਭਾਗ 'ਚ ਡਿਪਟੀ ਡਾਇਰੈਕਟਰ ਦੇ ਅਹੁਦੇ ਤੋਂ ਰਿਟਾਇਰ ਹੋਣ ਤੋਂ ਆਖਰੀ ਸਮੇਂ ਤੱਕ ਵੀ ਉਹ ਹਮੇਸ਼ਾਂ ਹੀ ਬਣ-ਠਣ ਕੇ ਇੰਝ ਰਹੇ ਕਿ ਆਪਣੀ ਅਸਲ ਉਮਰ ਤੋਂ 10-15 ਸਾਲ ਘੱਟ ਦਿੱਸਣਾ। ਕੰਮਾ-ਕਾਰਾਂ 'ਚ ਵੀ ਇਵੇਂ ਮੁਕਾਬਲਤਨ ਚੁਸਤ-ਦਰੁੱਸਤ ਰਹੇ। ਤੇ ਜਵਾਨੀ ਵੇਲੇ ਦੀ ਨਕਲੋ-ਹਰਕਤ ਦਾ ਤਾਂ ਕਯਾ ਕਹਿਣੈ।

ਉਦੇ ਪਰਿਵਾਰ ਬਾਰੇ ਗੱਲ ਕਰੀਏ, ਤਾਂ ਪੰਦੋਹਲ ਸਾਬ ਦਾ ਬੇਟਾ ਬੰਦਿਆਂ ਦਾ ਡਾਕਟਰ ਤੇ ਸਭੇ ਬੇਟੀਆਂ ਸਾਇੰਸ ਤੇ ਸਾਹਿਤ ਦੀਆਂ। ਇਕ ਬੇਟੀ ਸ. ਲਖਮੀਰ ਸਿੰਘ ਰੰਧਾਵਾ ਸਾਬਕਾ ਵਿੱਦਿਆ ਮੰਤਰੀ ਪੰਜਾਬ, ਪਰਿਵਾਰ ਦੇ ਡਾਕਟਰ ਗੁਰਦੇਵ ਸਿੰਘ ਨੂੰ ਵਿਆਹੀ ਵਰੀ। ਪੰਦੋਹਲ ਸਾਬ ਦਾ ਜਨਮ ਸਮਰਾਲਾ ਤਹਿਸੀਲ ਦੇ ਪਿੰਡ ਬਰਵਾਲੀ ਪੁਲ 'ਚ ਕਿਸਾਨ ਪਰਿਵਾਰ ਦੇ ਸ. ਪੂਰਨ ਸਿੰਘ ਦੇ ਘਰ 1932 ਨੂੰ ਹੋਇਐ। ਉਹ ਬਾਲੜੀ ਉਮਰੇ ਹੀ ਸਨ, ਜਦ ਮਾਤਾ ਜੀ ਸਵਰਗ ਸਿਧਾਰ ਗਏ। ਅੰਜ਼ਾਮ ਇਹ ਕਿ ਪਿਤਾ ਜੀ ਨੇ ਦੂਜੀ ਸ਼ਾਦੀ ਰਚਾ ਲਈ। ਦਾਦਾ ਜੀ ਜਿੰਨਾ ਸਮਾਂ ਜਿਊਂਦੇ ਰਹੇ, ਓਨਾ ਸਮਾਂ ਮਾਂ ਦਾ ਪਿਆਰ ਬਰਾਬਰ ਰਿਹਾ ਪਰ ਦਾਦਾ ਦੇ ਅੱਖਾਂ ਮੀਟ ਜਾਣ ਉਪਰੰਤ ਤਮਾਮ ਉਮਰ ਮਾਤਾ ਵਲੋਂ ਮਤਰੇਈ ਮਾਂ ਵਾਲਾ ਸਲੂਕ ਹੀ ਹੁੰਦਾ ਰਿਹੈ। ਸਿਤਮ ਜ਼ਰੀਫ਼ੀ ਇਹ ਹੋਈ ਕਿ ਆਰੀਆ ਕਾਲਜ ਖੰਨਾ ਵਿਖੇ 13ਵੀਂ 'ਚ ਪੜ੍ਹਦੇ ਸਨ ਕਿ ਘਰਦਿਆਂ ਵਲੋਂ ਜੇਬ ਖਰਚ ਤੱਕ ਵੀ ਬੰਦ ਕਰਤਾ। ਉਸ ਵਕਤ ਸ਼ਾਦੀ ਵੀ ਉਨ੍ਹਾਂ ਦੀ ਹੋ ਚੁੱਕੀ ਸੀ। ਮਜਬੂਰਨ ਫਿਰ ਆਸ-ਪਾਸ ਪ੍ਰਾਈਵੇਟ ਸਕੂਲਾਂ 'ਚ ਮਾਸਟਰ ਰਹੇ। ਉਪਰੰਤ ਸਾਰੀ ਪੜ੍ਹਾਈ ਪ੍ਰਾਈਵੇਟ ਹੀ ਕੀਤੀ। ਪੰਦੋਹਲ ਦੀ ਸ਼ਖ਼ਸੀਅਤ ਤੇ ਉਨ੍ਹਾ ਦੇ ਬਾਬਾ ਸ. ਗੰਗਾ ਸਿੰਘ ਜੋ ਤਦੋਂ ਸਰਕਾਰੀ ਸਕੂਲ ਮਾਸਟਰ ਸਨ, ਹੋਰਾਂ ਦਾ ਪ੍ਰਭਾਵ ਸੀ। ਪੜ੍ਹਾਈ ਵਿਚ ਵੀ ਚੁਸਤ-ਦਰੁੱਸਤ ਹੋਣ ਕਾਰਨ ਉਨ੍ਹਾਂ ਨੂੰ ਖੇਤੀਬਾੜੀ ਦੀ ਪੰਜਾਲੀ ਨਾ ਚੁੱਕਣੀ ਪਈ। ਬੀ.ਏ., ਬੀ.ਟੀ. ਕਰਕੇ ਉਹ ਸਰਕਾਰੀ ਮਾਸਟਰ ਹੋਏ। ਨੌਕਰੀ ਦੌਰਾਨ ਹੀ ਐੱਮ.ਏ. (ਪੰਜਾਬੀ, ਉਰਦੂ, ਅੰਗਰੇਜ਼ੀ) MEd ਤੇ 'ਪੰਜਾਬੀ ਲੋਕ ਗੀਤ ਅਤੇ ਸਾਹਿਤ' ਵਿਸ਼ੇ 'ਤੇ ਡਾ. ਤਰਲੋਕ ਸਿੰਘ ਕੰਵਰ ਦੀ ਅਗਵਾਈ ਹੇਠ Ph.D ਕੀਤੀ। ਸਰਕਾਰੀ ਮਾਸਟਰ ਉਹ ਬਹੁਤਾ ਸਮਾਂ ਗੁਰਾਇਆਂ, ਫਿਲੌਰ ਤੇ ਨੂਰਮਹਿਲ ਰਹੇ। ਉਪਰੰਤ ਸਮਰਾਲਾ ਦੇ ਸਕੂਲ ਤੋਂ ਪੰਜਾਬੀ ਲੈਕਚਰਾਰ ਤੇ ਫਿਰ ਡਿਪਟੀ ਡਾਇਰੈਕਟਰ ਰਿਟਾਇਰ ਹੋਏ।

ਸਾਹਿਤ ਵੱਲ ਉਨ੍ਹਾਂ ਦਾ ਮੋੜਾ ਇਸ ਤਰ੍ਹਾਂ ਪਿਆ ਕਿ ਸਭ ਤੋਂ ਪਹਿਲੇ ਉਨ੍ਹਾਂ ਧਾਰਮਿਕ ਕਵਿਤਾ ਖੰਨੇ ਆਰੀਆ ਸਕੂਲ 'ਚ ਪੜ੍ਹਦਿਆਂ ਗੁਰੂ ਨਾਨਕ ਗੁਰਪੁਰਬ ਸਮੇਂ ਲਿਖੀ:-

"ਸੋਚ ਸਮਝ ਕੇ ਆਈਂ ਬਾਬਾ ਜੇ ਮੁੜ ਆਉਣਾ ਚਾਵੇਂ

ਪਹਿਲਾਂ ਤੋਂ ਵੱਧ ਵਿਗੜ ਗਈ ਦੁਨੀਆਂ ਮਤੇ ਭੁਲੇਖਾ ਖਾਵੇਂ"

ਤੇ ਦੂਜੀ ਇਸ਼ਕ ਮਿਜਾਜ਼ੀ ਵਾਲੀ ਜਦ ਅੱਧ ਵਿਚਕਾਰ ਕਾਲਜ ਦੀ ਪੜ੍ਹਾਈ ਛੱਡ ਦੋਰਾਹਾ 'ਚ ਪ੍ਰਾਈਵੇਟ ਮਾਸਟਰ ਆਣ ਲੱਗੇ। ਖੰਨਾ-ਦੋਰਾਹਾ ਰੇਲ ਸਫਰ ਦੌਰਾਨ ਸਾਹਮਣੀ ਸੀਟ 'ਤੇ ਬੈਠੀ ਆਕਰਸ਼ਿਤ ਹਮ ਉਮਰ ਲੜਕੀ 'ਤੇ ਫ਼ਿਦਾ ਹੋ ਕੇ:-

"ਹੈ ਸੀ ਚੁੱਪ 'ਚ ਉਸ ਦਾ ਵਾਸਾ, ਉਪਰ ਮੋਨ ਤੇ ਅੰਦਰ ਹਾਸਾ

ਸੋਹਣਾ ਦਰਸ਼ ਦਿਖਾਈ ਜਾਂਦਾ, ਸੁੱਤੇ ਭਾਗ ਦਿਖਾਈ ਜਾਂਦਾ"

ਪੰਦੋਹਲ ਸਾਬ ਨੇ ਡਾ. ਸਾਧੂ ਸਿੰਘ ਹਮਦਰਦ, ਨੰਦ ਲਾਲ ਨੂਰਪੁਰੀ, ਬਾਵਾ ਬਲਵੰਤ ਅਤੇ ਸ਼ਿਵ ਕੁਮਾਰ ਬਟਾਲਵੀ ਦੀ ਮਹਿਫ਼ਲ ਵਿਚ ਵਿਚਰਦਿਆਂ ਆਪਣੀ ਲਿਖਣ ਕਲਾ 'ਚ ਕਾਫੀ ਨਿਖਾਰ ਲਿਆਂਦਾ। ਉਨ੍ਹਾਂ ਗ਼ਜ਼ਲ ਦਾ ਵਿਧਾ ਗਿਆਨ ਉਰਦੂ ਦੇ ਉੱਚ ਕੋਟੀ ਉਸਤਾਦ ਸ਼ਾਇਰ ਜਨਾਬ ਜੋਸ਼ ਮਲਸਿਆਨੀ ਸਾਬ ਤੋਂ ਗ੍ਰਹਿਣ ਕੀਤਾ। ਉਹ ਦਰਜਣ ਦੇ ਕਰੀਬ ਰਸਾਲਿਆਂ/ਅਖਬਾਰਾਂ ਅਤੇ ਅਦਬੀ ਸਭਾਵਾਂ ਦੇ ਮੈਂਬਰ ਜਾਂ ਸਰਪ੍ਰਸਤ ਰਹੇ। ਉਪਰੰਤ ਉਨ੍ਹਾਂ ਕੋਈ ਢਾਈ ਦਰਜਣ ਕਿਤਾਬਾਂ ਦੀ ਰਚਨਾ ਕੀਤੀ, ਜਿਨਾਂ 'ਚ ਪ੍ਰਮੁੱਖ ਗ਼ਜ਼ਲ ਕਿਤਾਬਾਂ ਖਾਮੋਸ਼ੀ, ਮਧਹੋਸ਼ੀ, ਸਰਗੋਸ਼ੀ, ਗੁਲਬਰਗ, ਰੰਗ-ਬਰੰਗੀਆਂ ਵਗੈਰਾ। ਕਹਾਣੀ ਨਾਮਾ 'ਚ 'ਰੂਹਾਂ ਸਿਸਕਦੀਆਂ ਰਹਿ ਗਈਆਂ'। ਨਾਵਲ ਨਾਮਾ 'ਚ 'ਪੱਲੇ ਦੀ ਹਵਾ'। ਸਫ਼ਰਨਾਮਾ 'ਗੋਰੀ ਧਰਤੀ ਕਾਲੇ ਲੋਕ', 'ਮੈਂ ਅਸਟ੍ਰੇਲੀਆ ਵੇਖਿਆ'। ਉਰਦੂ ਫਾਰਸੀ ਤੋਂ ਲਿਪੀਆਂਤਰ: ਗੰਜ਼ਿ ਸ਼ਹੀਦਾਂ, ਅਮਰਨਾਮਾ, ਦੀਵਾਨ-ਏ-ਗੋਯਾ, ਗੁਲਿਸਤਾਨ, ਬੋਸਤਾਨ, ਰੁਬਾਇਆਤ ਉਮਰ ਖ਼ਯਾਮ ਅਤੇ ਇਨ੍ਹਾਂ ਸਭਨਾਂ ਦਾ ਸਿਖਰ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫ਼ਰਨਾਮਾ ਉਸੀ ਬਹਿਰ 'ਚ ਬਾ-ਕਮਾਲ ਅਨੁਵਾਦਿਤ ਹੈ। ਹਿੱਸਾ ਨਜ਼ਮ ਦੀ ਵੰਨਗੀ ਦੇਖੋ, ਜਿਸ 'ਚ ਲਿਖੀਆਂ ਗ਼ਜ਼ਲ ਕਿਤਾਬਾਂ ਦਾ ਜ਼ਿਕਰ ਹੈ:-

'ਮਧਹੋਸ਼ੀ' ਵਿਚ ਧਾਰ 'ਖ਼ਾਮੋਸ਼ੀ', ਮੈਂ ਭਰੀਆਂ ਤਰੁਸ਼ੀਆਂ ਤੰਗੀਆਂ।

'ਸਰਗੋਸ਼ੀ' ਸੰਗ 'ਗੁਲਬਰਗ' ਖਿੜਾਕੇ, ਮੈਂ ਦਾਤਾਂ ਰੱਬ ਤੋਂ ਮੰਗੀਆਂ।

'ਪੱਲੇ ਦੀ ਹਵਾ' ਚੱਲ ਘੜੀਆਂ, ਐਸੀਆਂ ਖੱਟੀਆਂ ਮਿਠੀਆਂ

ਲਹਿਰ ਬਹਿਰ ਵਿਚ ਆ ਕੇ ਫਿਰ, ਦਿਖਾਈਆਂ 'ਰੰਗ ਬਿਰੰਗੀਆਂ'।

ਭਾਈ ਨੰਦ ਲਾਲ ਦਾ ਦੀਵਾਨ-ਏ-ਗੋਯਾ ਦਾ ਇਕ ਉਮਦਾ ਸ਼ੇਅਰ ਦੇਖੋ, ਜੋ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ 'ਤੇ ਫਿਦਾ ਹੋ ਕੇ ਲਿਖਿਆ, ਮੂਲ:-

"ਐ ਜ਼ਿ ਦਸਤ ਖੰਜ਼ਰਿ ਮਿਯਗਾਨਿ ਊ
ਮੇ ਸ਼ਵਟ ਖਾਮੋਸ਼ 'ਗੋਯਾ' ਅਲ ਗਿਆਸ"

ਉਲਥਾ:-

ਉਸਦੀਆਂ ਪਲਕਾਂ ਦੇ ਖੰਜ਼ਰ ਜਦ ਏਦਾਂ ਜ਼ਖ਼ਮੀ ਕੀਤਾ
ਕਿੱਦਾਂ ਬੈਠਾ ਰਹਿੰਦਾ 'ਗੋਯਾ' ਚੁੱਪ ਸੰਭਾਲੀ ਤੋਬਾ।


ਪੰਦੋਹਲ ਸਾਬ ਉਸ ਸਖਸ਼ੀਅਤ ਦਾ ਨਾਮ ਸੀ, ਜਿਨ੍ਹਾਂ ਆਪਣਾ ਨੁਕਸਾਨ ਕਰਵਾ ਕੇ ਵੀ ਦੂਜਿਆਂ ਦਾ ਭਲਾ ਕੀਤਾ। ਉਨ੍ਹਾਂ ਸੇਵਾਮੁਕਤੀ ਤੋਂ ਬਾਅਦ 79, ਜੀਵਨ ਪ੍ਰੀਤ ਕਲੋਨੀ ਫਿਰੋਜ਼ਪੁਰ ਰੋਡ ਲੁਧਿਆਣਾ, ਚੁੰਗੀ ਨਜ਼ਦੀਕ ਰਿਹਾਇਸ਼ ਰੱਖੀ। ਜਿੰਨਾ ਸਮਾਂ ਵੀ ਉਥੇ ਰਹੇ, ਆਪਣੀ ਮੁਹੱਲਾ ਅਤੇ ਗੁਰਦੁਆਰਾ ਸਾਹਿਬ ਕਮੇਟੀ ਦੇ ਪ੍ਰਧਾਨ ਰਹੇ। ਸਿਖਾਂਦਰੂ ਨਵੇਂ ਖਾਸ ਕਰ ਪ੍ਰਵਾਸੀ ਭਾਰਤੀ ਲਿਖਾਰੀਆਂ ਦੀਆਂ ਲਿਖਤਾਂ ਦੀ ਇਸਲਾਹ ਅਤੇ ਅਗਵਾਈ ਕਰਕੇ ਦਰਜਣ ਦੇ ਕਰੀਬ ਕਿਤਾਬਾਂ ਛਪਵਾਈਆਂ। ਇੰਨੇ ਕੁ ਹੀ ਮੁਲਕਾਂ 'ਚ ਭਰੰਮਣ ਅਤੇ ਉਨ੍ਹਾਂ ਦੀਆਂ ਵਰਸਿਟੀਆਂ 'ਚ 24 ਖੋਜ ਪੱਤਰ ਵੀ ਲਿਖੇ/ਪੜ੍ਹੇ। ਲਗਾਤਾਰ ਅਖਬਾਰਾਂ 'ਚ ਛਪਣ ਦੇ ਨਾਲ-ਨਾਲ ਕਵੀ ਦਰਬਾਰਾਂ ਦਾ ਸ਼ਿੰਗਾਰ ਵੀ ਬਣਦੇ ਰਹੇ। ਦਰਜਣ ਦੇ ਕਰੀਬ Ph.D ਲਈ ਵਿਦਿ: ਦੀ ਅਗਵਾਈ ਕੀਤੀ। ਪੰਦੋਹਲ ਸਾਬ ਦੀਆਂ ਸੱਭੇ ਕਿਰਤਾਂ ਪੜ੍ਹਨ ਅਤੇ ਸਾਂਭਣਯੋਗ ਹਨ। ਪਰ ਜ਼ਫ਼ਰਨਾਮਾ ਦਾ ਉਸੀ ਬਹਿਰ 'ਚ ਉਲਥਾ ਬਾ-ਕਮਾਲ ਹੈ। ਮੈਂ ਉਨ੍ਹਾਂ ਦੀ ਕਲਮ ਨੂੰ ਨਮਸਕਾਰ ਆਖਦਾ ਹਾਂ। ਜ਼ਫ਼ਰਨਾਮਾ ਦੀ ਇਕ ਚਰਚਿਤ ਮੂਲ ਵੰਨਗੀ ਅਤੇ ਉਲਥਾ ਦੇਖੋ :-

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ"

**ਉਲਥਾ:-**

ਜਦੋਂ ਧਿਰ ਉਪਾਵਾਂ ਦੀ ਹੈ ਹਾਰਦੀ,
ਉਦੋਂ ਜਾਇਜ਼ ਵਰਤੋਂ ਹੈ ਤਲਵਾਰ ਦੀ।

ਹਥਲੀ ਲਿਖਤ ਅਧੂਰੀ ਰਹੇਗੀ, ਜੇ ਉਨ੍ਹਾਂ ਦੀ ਪਤਨੀ ਸਹਿਬਾ ਦਾ ਜ਼ਿਕਰ ਨਾ ਕਰਾਂ। ਜਿੱਥੇ ਉਨ੍ਹਾ ਦਾ ਬੇਟਾ ਨਿਊਜ਼ੀਲੈਂਡ 'ਚ ਸੈਟ ਐ, ਉਥੇ ਬੇਟੀਆਂ ਸਿਡਨੀ ਅਤੇ ਗਲਾਸਗੋ 'ਵਰਸਿਟੀਆਂ 'ਚ ਪ੍ਰੋਫੈਸਰ ਨੇ। ਤੇ ਮਾਤਾ ਨਸੀਬ ਕੌਰ ਜੀ ਜਿਨ੍ਹਾਂ ਪੰਦੋਹਲ ਸਾਬ ਨੂੰ ਪਰਿਵਾਰਕ ਦੇ ਨਾਲ-ਨਾਲ ਸਮਾਜਿਕ, ਆਰਥਿਕ ਅਤੇ ਸਾਹਿਤਕ ਹਲਕਿਆਂ ਵਿਚ ਵੀ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤੈ, ਅੱਜਕੱਲ੍ਹ ਬਟਾਲਾ ਵਿਖੇ ਆਪਣੀ ਛੋਟੀ ਬੇਟੀ ਪਾਸ ਜ਼ਿੰਦਗੀ ਦਾ ਪਿਛਲਾ ਪਹਿਰ ਹੰਢਾਅ ਰਹੇ ਨੇ, ਜਿਨ੍ਹਾਂ ਪਾਸ ਪੰਦੋਹਲ ਸਾਬ ਨੂੰ ਚਾਹੁਣ ਵਾਲੇ ਅੱਜ ਵੀ ਜਾਕੇ, ਉਨ੍ਹਾਂ ਨੂੰ ਯਾਦ ਕਰਦਿਆਂ ਕਸੀਦੇ/ਮਰਸੀਏ ਪੜ੍ਹਦੇ ਨੇ।




ਪੰਦੋਹਲ ਸਾਬ ਆਪਣੀ ਪਤਨੀ ਸਰਦਾਰਨੀ ਨਸੀਬ ਕੌਰ ਨਾਲ ਸਾਹਿਤ ਸਿਰਜਣ ਸਮੇਂ ਦੀ ਇਕ ਪੁਰਾਣੀ ਯਾਦ। (ਸੱਜੇ) ਪੰਦੋਹਲ ਸਾਬ ਗਲਾਸਗੋ 'ਵਰਸਿਟੀ 'ਚ ਖੋਜ ਪੱਤਰ ਪੜ੍ਹਦਿਆਂ ਦੀ ਇਕ ਪੁਰਾਣੀ ਫੋਟੋ।

---

# ਪੀੜ੍ਹਾਂ ਦੇ ਅਹਿਸਾਸ

ਗੁਰਜੀਤ ਕੌਰ
"ਮੋਗਾ"
Gurjeetkaurwriter@gmail.com
(Punjab Mail USA)



ਹਰਮੇਲ ਸਿੰਘ ਦੇ ਘਰ ਪੋਤੇ ਨੇ ਜਨਮ ਲਿਆ। ਉਸ ਦੀ ਛੋਟੀ ਨੂੰਹ ਕੋਲ ਪਹਿਲਾਂ ਕੁੜੀ ਸੀ ਤੇ ਹੁਣ ਪੁੱਤਰ ਹੋਇਆ।

ਘਰ ਵਿਚ ਵਧਾਈਆਂ ਦਾ ਤਾਂਤਾ ਲੱਗ ਗਿਆ। ਪੂਰਾ ਪਰਿਵਾਰ ਬਾਗੋ-ਬਾਗ ਸੀ ਕਿਉਂਕਿ ਹਰਮੇਲ ਸਿੰਘ ਦੀ ਵੱਡੀ ਨੂੰਹ ਕੋਲ ਵੀ ਦੋ ਕੁੜੀਆਂ ਸਨ।

ਇੰਜ ਲੱਗਦਾ ਸੀ ਕਿ ਬੱਸ ਰੱਬ ਨੇ ਨੇੜੇ ਹੋ ਕੇ ਸੁਣ ਲਈ ਹੋਵੇ। ਸਾਰਾ ਵਿਹੜਾ ਖੁਸ਼ੀ ਨਾਲ ਭਰਿਆ ਪਿਆ ਸੀ। ਵਧਾਈਆਂ ਦੇ ਫੋਨ ਖੜਕ ਰਹੇ ਸਨ। ਹਰਮੇਲ ਸਿੰਘ ਦੀ ਪਤਨੀ ਕਾਫੀ ਬੀਮਾਰ ਹੋ ਗਈ ਸੀ ਪਰ ਪੋਤੇ ਦੀ ਖ਼ਬਰ ਸੁਣ ਕੇ ਉਸ ਦੀ ਆਵਾਜ਼ ਵੀ ਦਮਦਾਰ ਹੋ ਗਈ।

ਬਿਮਾਰੀ ਤਾਂ ਜਿਵੇਂ ਖੰਭ ਲਾ ਕੇ ਉੱਡ ਗਈ ਹੋਵੇ। ਵੱਡੀ ਨੂੰਹ ਵੀ ਚਾਈਂ-ਚਾਈਂ ਘਰ ਦਾ ਸਾਰਾ ਕੰਮ ਕਰਦੀ ਫਿਰਦੀ ਤੇ ਨਾਲੇ ਦਰਾਣੀ ਤੇ ਉਹਦੇ ਮੁੰਡੇ ਦੀ ਦੇਖਭਾਲ ਵੀ ਕਰਦੀ।

ਸਾਰੇ ਜੀਆਂ ਦੇ ਚਿਹਰਿਆਂ 'ਤੇ ਰੌਣਕਾਂ ਝਲਕ ਰਹੀਆਂ ਸਨ। ਭਤੀਜੇ ਦੀ ਖ਼ਬਰ ਸੁਣ ਕੇ ਹਰਮੇਲ ਦੀ ਕੁੜੀ 'ਅਮਰੋ' ਵੀ ਸਹੁਰਿਆਂ ਤੋਂ ਖੁਸ਼ੀ ਸਾਂਝੀ ਕਰਨ ਲਈ ਪੇਕੇ ਘਰ ਆ ਗਈ।

'ਅਮਰੋ' ਦਾ ਧਰਤੀ 'ਤੇ ਪੱਬ ਨਹੀਂ ਸੀ ਲੱਗ ਰਿਹਾ।

ਵੀਰ ਘਰ ਜੰਮੇ ਮੁੰਡੇ ਦਾ ਚਾਅ ਅਮਰੋ ਕੋਲੋ ਸਾਂਭਿਆ ਨਹੀਂ ਸੀ ਜਾ ਰਿਹਾ। ਉਹ ਕਦੇ ਭਤੀਜਾ ਚੁੱਕ ਕੇ ਹਿੱਕ ਨਾਲ ਲਾਉਂਦੀ ਤੇ ਕਦੇ ਮਾਂ ਦੇ ਗੋਡੇ ਲਾਗੇ ਬੈਠ ਜਾਂਦੀ।

ਘਰ 'ਚ ਕੰਮ ਕਰਨ ਵਾਲੀ ਸੀਬੋ ਨੂੰ ਵੀ ਘਰ ਸ਼ਰੀਂਹ ਬੰਨਣ ਲਈ ਕਿਹਾ ਗਿਆ।

ਦਿਨ ਵਿਚਾਰ ਕੇ ਸੀਬੋ ਸ਼ਰੀਂਹ ਤਿਆਰ ਕਰ ਲਿਆਈ। ਸਾਰਾ ਗਲੀ-ਗੁਆਂਢ, ਸ਼ਰੀਕਾ ਤੇ ਭਾਈਚਾਰੇ ਦੀਆਂ ਔਰਤਾਂ ਨੂੰ ਘਰ ਬੁਲਾਇਆ ਗਿਆ। ਸਾਰਿਆਂ ਨੂੰ ਚਾਹ ਪਾਣੀ ਪਿਆਇਆ ਗਿਆ।

ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ। ਸੀਬੋ ਨੇ ਵੀ ਘਰਦਿਆਂ ਤੋਂ ਇਜਾਜ਼ਤ ਲੈ ਕੇ ਕਮਰਿਆਂ ਦੇ ਅੱਗੇ ਗੁਬਾਰਿਆਂ ਵਾਲੇ ਸ਼ਰੀਂਹ ਬੰਨ੍ਹ ਦਿੱਤੇ।

ਹੱਥ ਜੋੜ ਕੇ ਸੀਬੋ ਸਾਰਿਆਂ ਨੂੰ ਵਧਾਈਆਂ ਦੇ ਰਹੀ ਸੀ। ਉਸ ਨੂੰ ਵੀ ਵਧਾਈਆਂ ਦਾ ਕੁਝ ਲਾਗ ਇਕੱਠਾ ਹੋ ਗਿਆ।

"ਸੀਬੋ! ਆਂਟੀ ਤੂੰ ਇਹੀ ਦੁਆਵਾਂ ਕਰ ਕਿ ਅਗਲੇ ਸਾਲ ਫਿਰ ਸਾਡੇ ਸਰੀਂਹ ਬੰਨ੍ਹ ਕੇ ਜਾਵੀਂ। ਇੱਕ ਨਹੀਂ, ਦੋ ਮੁੰਡਿਆਂ ਦੇ। ਮੇਰੀ ਭਾਬੀ ਦੇ ਤੇ ਤਾਈ ਦੇ ਘਰ ਵੀ ਪੋਤਾ ਹੋ ਜੇ।"

ਮੁੰਡੇ ਦੀ ਭੂਆ ਅਮਰੋ ਬੋਲੀ

"ਮੈਂ ਤਾਂ ਕਹਿ ਤਾਂ ਦੋਨਾਂ ਭਾਬੀਆਂ ਨੂੰ ਕਿ ਆਵਦਾ ਹੁਣੇ ਹੀ ਸੋਚ ਲਓ, ਅਗਲੇ ਸਾਲ ਸਾਨੂੰ ਦੋ ਮੁੰਡੇ ਚਾਹੀਦੇ ਨੇ।" ਅਮਰੋ ਨੇ ਗੱਲ ਅੱਗੇ ਤੋਰਦਿਆਂ ਕਿਹਾ।

ਅਮਰੋ ਦੀ ਜ਼ੁਬਾਨ ਬੇ-ਲਗਾਮ ਹੋਈ ਜਾ ਰਹੀ ਸੀ।

"ਮੁੰਡਾ ਤਾਂ ਮਾਲਕ ਨੇ ਦੇਣਾ। ਉਹਦੀ ਮਰਜ਼ੀ। ਆਪਾਂ ਤਾਂ ਇਹੀ ਕਹਿੰਦੇ ਆ ਕਿ ਪ੍ਰਮਾਤਮਾ ਸਾਰਿਆਂ ਨੂੰ ਇਹੀ ਦਾਤ ਬਖ਼ਸ਼ੇ।"

ਸੀਬੋ ਹੱਥ ਜੋੜਦੀ ਹੋਈ ਬੋਲੀ।

"ਚਲੋ ਭਾਈ ਹੁਣ ਤਾਂ ਰੱਬ ਵੱਡੀ ਬਹੂ ਦੀ ਵੀ ਸੁਣ ਲਏ, ਆਂ ਦੋਵੇਂ ਨਿਆਣੀਆਂ ਢਕੀਆਂ ਜਾਣਗੀਆਂ.." ਬੰਤੀ ਨੇ ਪਾਸਾ ਵੱਟਦਿਆਂ ਕਿਹਾ।

"ਰੱਬ ਦੇ ਘਰ ਦੇਰ ਹੈ, ਹਨੇਰ ਨਹੀਂ ਇਹਨੂੰ ਵੀ ਦਿਊਗਾ ਰੱਬ ਪੁੱਤ।" ਚਰਨੋਂ ਨੇ ਕਿਹਾ।

ਹਰਮੇਲ ਸਿੰਘ ਦੀ ਵੱਡੀ ਨੂੰਹ ਸੁਖਜੀਤ ਚੁੱਪਚਾਪ ਸਾਰਾ ਕੁਝ ਸੁਣਦੀ ਰਹੀ। ਤਰ੍ਹਾਂ-ਤਰ੍ਹਾਂ ਦੇ ਬੋਲਾਂ ਨੇ ਉਸ ਦੇ ਚਿਹਰੇ ਦੀ ਰੌਣਕ ਨੂੰ ਗੁੰਮ ਕਰ ਦਿੱਤਾ।

ਅਣਕਹੇ ਲਫ਼ਜ਼ ਉਸ ਦੇ ਚਿਹਰੇ 'ਤੇ ਰੂਪਮਾਨ ਹੋ ਰਹੇ ਸੀ। ਉਹ ਸੋਚ ਰਹੀ ਸੀ ਉਹ ਇੱਕ ਮਾਂ ਹੈ ਪਰ ਸ਼ਾਇਦ ਸਾਡੇ ਸਮਾਜ ਲਈ ਇੱਕ ਅਧੂਰੀ ਮਾਂ.. ਉਸ ਦਾ ਚਿਹਰਾ ਰੋਣ ਹੱਕਾ ਹੋ ਗਿਆ ਪਰ ਉਹ ਇਸ ਖੁਸ਼ੀ ਦੇ ਚੜ੍ਹੇ ਚੰਨ ਨੂੰ ਹੰਝੂਆਂ ਦਾ ਗ੍ਰਹਿਣ ਨਹੀਂ ਸੀ ਲਾਉਣਾ ਚਾਹੁੰਦੀ।

ਕਮਰਿਆਂ ਅੱਗੇ ਬੰਨ੍ਹੇ ਹੋਏ ਗੁਬਾਰਿਆਂ ਨੂੰ ਵੇਖ-ਵੇਖ ਬੱਚੇ ਖੇਡ ਕੁੱਦ ਰਹੇ ਸਨ।

ਹਾਸਿਆਂ ਦੀ ਫੁਹਾਰ ਛੁੱਟ ਪਈ।

ਸੀਬੋ..ਆਪ ਮੁਹਾਰੇ ਬੋਲੀ, "ਵਧਾਈਆਂ ਜੀ ਵਧਾਈਆਂ ਸਾਰਿਆਂ ਨੂੰ। ਪ੍ਰਮਾਤਮਾ ਸਭ 'ਤੇ ਖੁਸ਼ੀ ਦਾ ਸਮਾਂ ਲਿਆਵੇ। ਅਸੀਂ ਵੀ ਵਧਾਈਆਂ ਲੈਂਦੇ ਰਹੀਏ।"

ਅਚਾਨਕ ਖੇਡਦਿਆਂ-ਖੇਡਦਿਆਂ ਸੁਖਜੀਤ ਦੀ ਸੱਤ-ਅੱਠ ਵਰ੍ਹਿਆਂ ਦੀ ਵੱਡੀ ਕੁੜੀ 'ਨੂਰ' ਦਾਦੀ ਕੋਲ ਆ ਕੇ ਬੋਲੀ "ਜਦੋਂ ਮੈਂ ਹੋਈ ਸੀ, ਉਦੋਂ ਤਾਂ ਤੁਸੀਂ ਆਹ ਬੰਨ੍ਹੇ ਨਹੀਂ ਸੀ।" ਸਰੀਂਹ ਵੱਲ ਇਸ਼ਾਰਾ ਕਰਦੀ ਹੋਈ ਬੋਲੀ।

"ਤੈਨੂੰ ਕੀ ਪਤਾ ਤੂੰ ਤਾਂ ਉਦੋਂ ਛੋਟੀ ਸੀ, ਲੈ ਬੰਨ੍ਹੇ ਕਿਉਂ ਨਹੀਂ।" ਨੂਰ ਦੀ ਦਾਦੀ ਬੋਲੀ।

"ਮੈਨੂੰ ਪਤਾ, ਨਹੀਂ ਬੰਨੇ" ਨੂਰ ਬੋਲਦੀ ਹੋਈ ਆਪਣੀ ਮਾਂ ਕੋਲ ਆਈ।

ਬੱਚੀ ਦੇ ਇਨ੍ਹਾਂ ਬੋਲਾਂ ਨਾਲ ਸਾਰਿਆਂ ਦੇ ਚਿਹਰਿਆਂ 'ਤੇ ਖਾਮੋਸ਼ੀ ਛਾ ਗਈ। ਸੱਤ-ਅੱਠ ਵਰ੍ਹਿਆਂ ਦੀ ਬੱਚੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਚੁੱਪ ਜਿਹੀ ਪਸਰ ਗਈ।

ਸੁਖਜੀਤ ਨੇ ਝੱਟ ਨੂਰ ਨੂੰ ਆਪਣੇ ਸੀਨੇ ਨਾਲ ਲਾਇਆ, ਜਿਵੇਂ ਉਸ ਨੇ ਜੰਮਣ ਪੀੜਾਂ ਦੇ ਦਰਦ ਨੂੰ ਦੁਬਾਰਾ ਮਹਿਸੂਸ ਕੀਤਾ ਹੋਵੇ।

"ਨਹੀਂ ਪੁੱਤ, ਮੇਰੀ ਨੂਰ ਕਿਹੜਾ ਮੁੰਡਿਆਂ ਤੋਂ ਘੱਟ ਹੈ।"

ਇਹ ਕਹਿ ਕੇ ਉਸਨੇ ਨੂਰ ਨੂੰ ਤਸੱਲੀ ਦਿੱਤੀ ਤੇ ਮੁੰਡੇ ਦੀ ਲਾਲਸਾ ਵਾਲੇ ਬੋਲਾਂ ਦਾ ਜਵਾਬ ਵੀ।

ਸਿਰ 'ਤੇ ਜੂੜਾ ਤੇ ਮੁੰਡਿਆਂ ਵਾਲੇ ਕੱਪੜੇ ਪਾਈ ਖੜ੍ਹੀ ਨੂਰ ਦੇ ਅੰਦਰਲੀ ਰੂਹ ਆਪਣੇ ਹਿੱਸੇ ਦੀ ਖੁਸ਼ੀ ਨੂੰ ਤਲਾਸ਼ ਰਹੀ ਸੀ। ਧੀ ਦੇ ਬੋਲਾਂ ਨੇ ਸੁਖਜੀਤ ਦਾ ਸੀਨਾ ਵਿੰਨ ਦਿੱਤਾ ਤੇ ਉਹ ਸੋਚ ਰਹੀ ਸੀ ਕਿ ਉਹ ਸਮਾਜ ਕੋਲੋਂ ਸੰਪੂਰਨ ਮਾਂ ਦਾ ਸਰਟੀਫਿਕੇਟ ਕਿਵੇਂ ਲਏ...?

# ਵਸਤੂਆਂ ਦੀ ਆਪਸੀ ਨਿਰਭਰਤਾ ਅਤੇ ਗੁਰਬਾਣੀ

ਡਾ. ਦੇਵਿੰਦਰ ਪਾਲ ਸਿੰਘ
ਓਨਟਾਰੀਓ, ਕੈਨੇਡਾ
drdpsn@hotmail.com
(Punjab Mail USA)





ਕੋਈ ਵੀ ਜ਼ਿੰਦਾ ਜਾਂ ਬੇਜਾਨ ਵਸਤੂ, ਜੇ ਕਿਸੇ ਹੋਰ ਵਸਤੂ ਨਾਲ ਆਪਸੀ ਸਾਂਝ ਰੱਖਦੀ ਹੈ, ਤਾਂ ਉਨ੍ਹਾਂ ਵਸਤੂਆਂ ਨੂੰ ਆਪਸੀ ਤੌਰ ਉੱਤੇ ਨਿਰਭਰ ਕਿਹਾ ਜਾਂਦਾ ਹੈ। ਸਮਾਜਿਕ, ਆਰਥਿਕ, ਵਾਤਾਵਰਣੀ ਅਤੇ ਰਾਜਨੀਤਿਕ ਤੌਰ ਉੱਤੇ ਇਕ ਦੂਸਰੇ ਨਾਲ ਸੰਬੰਧਤਾ ਰੱਖਣ ਵਾਲੇ ਦੇਸ਼ਾਂ ਨੂੰ ਵੀ ਆਪਸੀ ਤੌਰ ਉੱਤੇ ਨਿਰਭਰ ਹੀ ਮੰਨਿਆ ਜਾਂਦਾ ਹੈ। ਹਰ ਰੋਜ਼ ਦੇ ਕੰਮਾਂਕਾਰਾਂ ਵਿਚ, ਇਕ ਦੂਸਰੇ ਪ੍ਰਤਿ ਜ਼ਿੰਮੇਵਾਰੀ ਦਾ ਚਲਣ ਹੀ ਆਪਸੀ ਨਿਰਭਰਤਾ ਦਾ ਆਧਾਰ ਹੁੰਦਾ ਹੈ। ਕੁਝ ਲੋਕ ਬੇਮੁਥਾਜੀ ਨੂੰ ਉੱਤਮ ਮੰਨਦੇ ਹਨ ਤੇ ਕੁਝ ਹੋਰ ਲੋਕ ਪਰਿਵਾਰ, ਸਮਾਜ ਜਾਂ ਦੇਸ਼ ਪ੍ਰਤਿ ਲਗਨ ਨੂੰ ਉੱਤਮ ਮੰਨਦੇ ਹਨ। ਆਪਸੀ ਨਿਰਭਰਤਾ ਇਨ੍ਹਾਂ ਦੋਨੋਂ ਵਿਚਾਰਾਂ ਦੀ ਸੁਮੇਲਤਾ ਦੀ ਗੱਲ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ (ਸਗਗਸ) ਵਿਚ ਵੀ ਵਸਤੂਆਂ ਦੀ ਆਪਸੀ ਨਿਰਭਰਤਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ।

## ਕੁਦਰਤ ਵਿਚ ਆਪਸੀ ਨਿਰਭਰਤਾ

ਰੋਜ਼ਾਨਾ ਜੀਵਨ ਵਿਚ ਅਸੀਂ ਆਮ ਕਰਕੇ ਵਸਤੂਆਂ ਨੂੰ ਦੂਜੀਆਂ ਵਸਤੂਆਂ ਦੀ ਹੋਂਦ ਦੇ ਪ੍ਰਭਾਵ ਤੋਂ ਮੁਕਤ ਮੰਨਦੇ ਹਾਂ। ਜਿਵੇਂ ਕਿ ਰੁੱਖ ਦੀ ਟਹਿਣੀ ਨਾਲ ਜੁੜੇ ਪੱਤੇ ਦੀ ਹੀ ਗੱਲ ਕਰੀਏ, ਤਾਂ ਅਸੀਂ ਆਮ ਤੌਰ ਉੱਤੇ ਸੋਚਦੇ ਹਾਂ ਕਿ ਪੱਤੇ ਦੀ ਹੋਂਦ, ਦਰੱਖਤ ਦੇ ਹੋਰ ਪੱਤਿਆਂ ਦੀ ਹੋਂਦ ਨਾਲ ਕੋਈ ਸੰਬੰਧ ਨਹੀਂ ਰੱਖਦੀ। ਅਸੀਂ ਪੱਤੇ ਦੀ ਹੋਂਦ ਦਾ, ਰੁੱਖ ਦੀ ਟਹਿਣੀ, ਤਣੇ ਤੇ ਜੜ੍ਹ ਦੀ ਹੋਂਦ ਨਾਲ ਸੰਬੰਧ ਵੱਲ ਕਦੇ ਧਿਆਨ ਹੀ ਨਹੀਂ ਦਿੰਦੇ। ਹਵਾ ਵਿਚ ਉੱਡ ਰਹੇ ਬੱਦਲਾਂ, ਪਾਣੀ ਨਾਲ ਭਰੇ ਸਾਗਰਾਂ, ਧਰਤੀ ਅਤੇ ਅੰਬਰ ਨਾਲ ਭਲਾ ਇਸ ਦਾ ਕੀ ਸੰਬੰਧ ਹੋ ਸਕਦਾ ਹੈ? ਸ਼ਾਇਦ ਕੁਝ ਨਹੀਂ। ਇਹੋ ਵਿਚਾਰ ਸਾਡੇ ਮਨ ਉੱਤੇ ਭਾਰੂ ਹੁੰਦਾ ਹੈ। ਸੱਚ ਤਾਂ ਇਹ ਹੈ ਕਿ ਇਨ੍ਹਾਂ ਸਾਰੀਆਂ ਚੀਜਾਂ ਦੀ ਹੋਂਦ ਤੋਂ ਬਿਨ੍ਹਾਂ, ਇਸ ਪੱਤੇ ਦੀ ਹੋਂਦ ਹੋ ਹੀ ਨਹੀਂ ਸਕਦੀ। ਇਹ ਪੱਤਾ, ਰੁੱਖ ਦੇ ਹੋਰ ਪੱਤਿਆਂ, ਟਹਿਣੀ, ਤਣੇ ਤੇ ਜੜ੍ਹ, ਬੱਦਲਾਂ, ਸਾਗਰਾਂ, ਧਰਤੀ, ਅੰਬਰ ਤੇ ਸੂਰਜੀ ਰੌਸ਼ਨੀ ਨਾਲ ਆਪਸੀ ਤੌਰ ਉੱਤੇ ਨਿਰਭਰ ਹੈ। ਜੇ ਇਨ੍ਹਾਂ ਵਿਚੋਂ ਇਕ ਵੀ ਵਸਤੂ ਮੌਜੂਦ ਨਾ ਹੋਵੇ, ਤਾਂ ਪੱਤੇ ਦੀ ਹੋਂਦ ਹੀ ਨਹੀਂ ਹੋ ਸਕਦੀ।

ਪੱਤੇ ਨੂੰ ਗੰਭੀਰਤਾ ਨਾਲ ਜਾਂਚਣ ਨਾਲ ਅਸੀਂ ਇਸ ਵਿਚ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਹੋਂਦ ਦੇਖ ਸਕਦੇ ਹਾਂ। ਦਰਅਸਲ ਪੱਤਾ ਅਤੇ ਇਹ ਸਾਰੀਆਂ ਚੀਜ਼ਾਂ ਆਪਸ 'ਚ ਰਲ-ਗੱਡ ਹਨ। ਇਸੇ ਨੂੰ ਹੀ ਸਹਿਹੋਂਦ ਜਾਂ ਆਪਸੀ ਨਿਰਭਰਤਾ ਦਾ ਸਿਧਾਂਤ ਕਿਹਾ ਜਾਂਦਾ ਹੈ। ਇਹ ਸਿਧਾਂਤ ਸਾਨੂੰ ਦੱਸਦਾ ਹੈ ਕਿ ਵਸਤੂਆਂ ਇਕ ਦੂਸਰੇ ਦੀ ਹੋਂਦ ਤੋਂ ਸੁਤੰਤਰ ਨਹੀਂ ਹੁੰਦੀਆਂ। ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਵਿਚ ਆਪਸੀ ਨਿਰਭਰਤਾ ਦਾ ਸਿਧਾਂਤ ਇੰਝ ਬਿਆਨ ਕੀਤਾ ਹੈ;

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ (ਮਹਲਾ 1, ਸਗਗਸ, ਪੰਨਾ 8)

ਭਾਵ : ਹਵਾ ਪ੍ਰਾਣ-ਸ਼ਕਤੀ ਹੈ, ਪਾਣੀ ਪ੍ਰਜਨਕ ਹੈ, ਵਿਸ਼ਾਲ ਧਰਤੀ ਸਭ ਦੀ ਮਾਂ ਹੈ, ਦਿਨ ਤੇ ਰਾਤ ਖਿਡਾਵੇ ਹਨ, ਜਿਨ੍ਹਾਂ ਦੀ ਗੋਦ ਵਿਚ ਸਮੂਹ ਸ੍ਰਿਸ਼ਟੀ ਜੀਵਨ ਬਸਰ ਕਰ ਰਹੀ ਹੈ।

ਸਪੱਸ਼ਟ ਹੈ ਕਿ ਹਵਾ, ਪਾਣੀ, ਧਰਤੀ, ਦਿਨ (ਸੂਰਜੀ ਰੌਸ਼ਨੀ) ਤੇ ਰਾਤ (ਤਾਰਿਆਂ ਨਾਲ ਜੜ੍ਹਿਆ ਅੰਬਰ) ਦਾ ਸ੍ਰਿਸ਼ਟੀ ਅੰਦਰ ਜੀਵਨ ਹੋਂਦ ਨਾਲ ਗਹਿਰਾ ਸੰਬੰਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਭੌਤਿਕ ਜਗਤ ਦੇ ਰਵਾਇਤੀ ਤੱਤ (ਹਵਾ, ਪਾਣੀ, ਧਰਤੀ, ਅੱਗ ਤੇ ਅੰਬਰ) ਇਕ ਦੂਜੇ ਤੋਂ ਅਲੱਗ-ਥਲੱਗ ਨਹੀਂ ਹਨ। ਸਗੋਂ ਉਨ੍ਹਾਂ ਦਾ ਆਪਸ 'ਚ ਗਹਿਰਾ ਸੰਬੰਧ ਹੈ ਤੇ ਉਹ ਇਕ ਦੂਜੇ ਨੂੰ ਪ੍ਰਭਾਵਿਤ ਕਰਨ ਦੇ ਸਮਰਥ ਹਨ। ਗੁਰੂ ਨਾਨਕ ਜੀ ਅਜਿਹੇ ਵਰਤਾਰੇ ਦਾ ਵਰਨਣ ਇੰਝ ਕਰਦੇ ਹਨ;

ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਇ ਜੀਉ ॥ ਗੁਰਮੁਖਿ ਏਕ ਦ੍ਰਿਸਟਿ ਕਰ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥ (ਮਹਲਾ 1, ਸਗਗਸ, ਪੰਨਾ 599)

ਭਾਵ: ਜੋ ਕੁੱਝ ਸਾਡੇ ਅੰਦਰ ਮੌਜੂਦ ਹੈ, ਉਹੀ ਬਾਹਰ ਵੀ ਮੌਜੂਦ ਹੈ। ਉਸ ਤੋਂ ਬਿਨ੍ਹਾਂ ਹੋਰ ਕੁਝ ਵੀ ਨਹੀਂ ਹੈ। ਗੁਰਮਤਿ ਅਨੁਸਾਰ ਸਮੂਹ ਸ੍ਰਿਸ਼ਟੀ ਨੂੰ ਇਕ-ਰੂਪ ਹੀ ਸਮਝੋ ਕਿਉਂ ਕਿ ਸਭਨਾਂ ਵਿਚ ਇਕੋ ਹੀ ਸ਼ਕਤੀ ਸਮਾਈ ਹੋਈ ਹੈ।

## ਮਨੁੱਖੀ ਸਰੀਰ ਅਤੇ ਬ੍ਰਹਿਮੰਡ ਦੀ ਆਪਸੀ ਨਿਰਭਰਤਾ

ਬ੍ਰਹਿਮੰਡ ਦੇ ਸਾਰੇ ਵਰਤਾਰੇ ਹੀ ਆਪਸੀ ਨਿਰਭਰਤਾ ਰੱਖਦੇ ਹਨ। ਮਨੁੱਖੀ ਸਰੀਰ ਦੀ ਗੱਲ ਹੀ ਲੈ ਲਵੋ। ਅਸੀਂ ਆਪਣੇ ਸਰੀਰ ਵਿਚ ਹਵਾ, ਪਾਣੀ, ਅੱਗ, ਧਰਤੀ ਅਤੇ ਅੰਬਰ ਰੂਪੀ ਰਵਾਇਤੀ ਤੱਤਾਂ ਦੀ ਹੋਂਦ ਦੇਖ ਸਕਦੇ ਹਾਂ। ਇਨ੍ਹਾਂ ਤੱਤਾਂ ਨੂੰ ਕਲਾਸਿਕੀ ਜਾਂ ਮੂਲ ਤੱਤ ਵੀ ਕਿਹਾ ਜਾਂਦਾ ਹੈ। ਹਵਾ, ਹਰਕਤ ਦਾ ਪ੍ਰਗਟਾ ਹੈ। ਪਾਣੀ, ਦ੍ਰਵ ਤੇ ਪਸਾਰ ਸੁਭਾਅ ਦਾ ਪ੍ਰਗਟਾ ਹੈ। ਅੱਗ, ਗਰਮੀ ਦਾ ਪ੍ਰਗਟਾ ਹੈ। ਧਰਤੀ, ਪਦਾਰਥ ਦੇ ਸਖ਼ਤ ਤੇ ਠੋਸ ਸੁਭਾਅ ਨੂੰ ਪ੍ਰਗਟ ਕਰਦੀ ਹੈ। ਅੰਬਰ, ਵਿਸ਼ਾਲ ਪੁਲਾੜ ਜਾਂ ਖ਼ਾਲੀ ਥਾਂ ਨੂੰ ਪ੍ਰਦਰਸ਼ਿਤ ਕਰਦਾ ਹੈ, ਜਿਸ ਵਿਚ ਹਰ ਵਸਤੂ ਹੋਂਦ ਰੱਖਦੀ ਹੈ।

ਸਾਡੇ ਸਰੀਰ ਦਾ ਲਗਭਗ 75 ਪ੍ਰਤਿਸ਼ਤ ਹਿੱਸਾ ਪਾਣੀ ਹੀ ਹੈ। ਸਾਡੇ ਸਰੀਰ ਵਿਚ ਪਾਣੀ ਦੀ ਹੋਂਦ ਅਸੀਂ ਨਾ ਸਿਰਫ ਖ਼ੂਨ, ਥੁੱਕ, ਹੰਝੂ ਤੇ ਪੇਸ਼ਾਬ ਦੇ ਰੂਪ ਵਿਚ ਦੇਖ ਸਕਦੇ ਹਾਂ। ਸਗੋਂ ਸਾਡੇ ਸਰੀਰ ਦੇ ਹਰ ਸੈੱਲ ਵਿਚ ਹੀ ਪਾਣੀ ਦੀ ਹੋਂਦ ਹੈ। ਹਵਾ ਤੋਂ ਬਿਨ੍ਹਾਂ ਤਾਂ ਅਸੀਂ ਜ਼ਿੰਦਾ ਹੀ ਨਹੀਂ ਰਹਿ ਸਕਦੇ। ਉਹ ਤਾਕਤ ਜਿਸ ਦੀ ਵਰਤੋਂ ਨਾਲ ਅਸੀਂ ਰੋਜ਼ਾਨਾ ਕੰਮਕਾਰ ਕਰਦੇ ਹਾਂ, ਸਾਡੇ ਸਰੀਰ ਅੰਦਰ ਮੌਜੂਦ ਊਰਜਾ (ਅੱਗ) ਦਾ ਹੀ ਪ੍ਰਗਟਾ ਹੈ। ਧਰਤੀ ਮਾਂ ਦੁਆਰਾ ਪੈਦਾ ਕੀਤੇ ਖਾਧ ਪਦਾਰਥਾਂ ਦਾ ਸੇਵਨ ਸਾਨੂੰ ਜ਼ਿੰਦਾ ਰਹਿਣ ਵਿਚ ਸਹਾਈ ਹੁੰਦਾ ਹੈ। ਇੰਝ ਸਾਡੇ ਸਰੀਰ ਵਿਚ ਧਰਤੀ ਤੱਤ ਵੀ ਮੌਜੂਦ ਹੈ। ਸਾਡਾ ਸਰੀਰ ਅੰਬਰ (ਪੁਲਾੜ, ਖ਼ਾਲੀ ਥਾਂ) ਵਿਚ ਹੀ ਹੋਂਦ ਰੱਖਦਾ ਹੈ ਤੇ ਇਸ ਅੰਦਰ ਅੰਬਰ ਦੇ ਅੰਸ਼ ਵੀ ਮੌਜੂਦ ਹਨ। ਸਰੀਰ ਅੰਦਰ ਸਾਹ ਲਿਜਾਣ ਲਈ, ਖਾਧ ਪਦਾਰਥ ਸੇਵਨ ਕਰਨ ਲਈ, ਖ਼ੂਨ ਅਤੇ ਹੋਰ ਦ੍ਰਵਾਂ ਦੇ ਵਹਾਓ ਲਈ ਥਾਂ ਮੌਜੂਦ ਹੈ। ਸਾਡੇ ਸਰੀਰ ਦੇ ਸਾਰੇ ਸੈੱਲਾਂ ਵਿਚ ਵੀ ਕਾਫੀ ਖਾਲੀ ਥਾਂ ਮੌਜੂਦ ਹੈ। ਸਪੱਸ਼ਟ ਹੈ ਕਿ ਮਨੁੱਖੀ ਸਰੀਰ ਅਤੇ ਬ੍ਰਹਿਮੰਡ 'ਚ ਗੂੜ੍ਹੀ ਆਪਸੀ ਸੰਬੰਧਤਾ ਹੈ। ਭਗਤ ਪੀਪਾ ਜੀ, ਗੁਰਬਾਣੀ ਵਿਚ, ਇਸ ਵਰਤਾਰੇ ਬਾਰੇ ਇੰਝ ਵਰਨਣ ਕਰਦੇ ਹਨ;

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ (ਭਗਤ ਪੀਪਾ, ਸ.ਗ.ਗ.ਸ., ਪੰਨਾ : 695)

ਭਾਵ: ਜੋ ਕੁਝ ਬ੍ਰਹਿਮੰਡ ਵਿਚ ਮੌਜੂਦ ਹੈ, ਉਹੀ ਮਨੁੱਖੀ ਸਰੀਰ ਵਿਚ ਵੀ ਹੋਂਦਮਈ ਹੈ। ਜੋ ਕੋਈ ਵੀ ਇਸ ਤੱਥ ਨੂੰ ਜਾਨਣ ਲਈ ਖੋਜ ਕਰਦਾ ਹੈ, ਉਹ ਇਹ ਸੱਚਾਈ ਜਾਣ ਲੈਂਦਾ ਹੈ।

ਇਸੇ ਕਾਰਣ ਸਾਡਾ ਜੀਵਨ, ਬ੍ਰਹਿਮੰਡ ਵਿਚ ਮੌਜੂਦ ਹੋਰ ਵਸਤੂਆਂ ਦੀ ਹੋਂਦ ਨਾਲ ਵੀ ਸੰਬੰਧ ਰੱਖਦਾ ਹੈ। ਗੁਰੂ ਤੇਗ ਬਹਾਦਰ ਜੀ ਇਸ ਸੰਬੰਧਤਾ ਬਾਰੇ ਇੰਝ ਬਿਆਨ ਕਰਦੇ ਹਨ;

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥ (ਮਹਲਾ 9, ਸ.ਗ.ਗ.ਸ., ਪੰਨਾ : 1427)

ਭਾਵ: ਸੂਝਵਾਨ ਸੱਜਣੋ! ਇਹ ਗੱਲ ਚੰਗੀ ਤਰ੍ਹਾਂ ਜਾਣ ਲਵੋ ਕਿ ਮਨੁੱਖੀ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ। (ਬਾਬਾ) ਨਾਨਕ ਦਾ ਕਥਨ ਹੈ ਕਿ ਜਿਨ੍ਹਾਂ ਤੱਤਾਂ ਤੋਂ ਇਹ ਸਰੀਰ ਬਣਿਆ ਹੈ, ਇਕ ਦਿਨ ਇਹ ਉਨ੍ਹਾਂ ਤੱਤਾਂ ਵਿਚ ਹੀ ਸਮਾਂ ਜਾਵੇਗਾ।

ਜਦੋਂ ਅਸੀਂ, ਮਨੁੱਖੀ ਸਰੀਰ ਦੀ ਬ੍ਰਹਿਮੰਡ ਨਾਲ ਆਪਸੀ ਨਿਰਭਰਤਾ ਬਾਰੇ ਜਾਣ ਲੈਂਦੇ ਹਾਂ, ਤਾਂ ਅਸੀਂ ਆਪਣੇ ਅਤੇ ਬਿਗਾਨੇ ਵਿਚਕਾਰਲੀ ਵਿੱਥ ਪਾਰ ਕਰ ਲੈਂਦੇ ਹਾਂ। ਅਜਿਹੀ ਚੇਤੰਨਤਾ ਸਾਨੂੰ ਜਨਮ ਅਤੇ ਮੌਤ ਦੀਆਂ ਸੀਮਿਤ ਧਾਰਨਾਵਾਂ ਤੋਂ ਪਾਰ ਲੈ ਜਾਂਦੀ ਹੈ। ਮੋਹ-ਮਾਇਆ ਤੋਂ ਉਪਰਾਮਤਾ, ਅਜੂਨੀ ਤੇ ਅਮਰ ਸੁਭਾਅ ਦੀ ਪ੍ਰਾਪਤੀ ਦੇ ਢੰਗਾਂ ਵਿਚੋਂ ਇਹ ਇਕ ਅਹਿਮ ਢੰਗ ਹੈ। ਵਸਤੂਆਂ ਨੂੰ ਅਜਿਹੇ ਨਜ਼ਰੀਏ ਤੋਂ ਦੇਖਣਾ ਸਾਨੂੰ ਲਾਲਸਾਵਾਂ ਤੋਂ ਮੁਕਤ ਕਰਦਾ ਹੈ।

## ਵਿਸ਼ਵ-ਵਿਆਪਕ ਆਪਸੀ ਨਿਰਭਰਤਾ

ਬ੍ਰਹਿਮੰਡ ਦੀ ਹਰ ਵਸਤੂ, ਕਾਰਣ ਅਤੇ ਪ੍ਰਭਾਵ ਦੇ ਨਿਯਮ ਰਾਹੀਂ, ਇਕ ਦੂਸਰੇ ਨਾਲ ਜੁੜੀ ਹੋਈ ਹੈ। ਬ੍ਰਹਿਮੰਡ ਅਤੇ ਇਸ ਦੇ ਅੰਸ਼ ਆਪਸੀ ਤੌਰ 'ਤੇ ਨਿਰਭਰ ਹਨ, ਇਸੇ ਕਾਰਣ ਹਰ ਜੀਵ ਅਤੇ ਵਸਤੂ ਦਾ ਕਿਰਦਾਰ ਅਤੇ ਹਾਲਾਤ, ਕਿਸੇ ਸਮੇਂ ਵੀ, ਹੋਰ ਸਾਰੇ ਜੀਵਾਂ ਅਤੇ ਵਸਤੂਆਂ ਦੇ ਕਿਰਦਾਰਾਂ ਅਤੇ ਹਾਲਾਤਾਂ ਨਾਲ ਗਹਿਰਾ ਸੰਬੰਧ ਰੱਖਦੇ ਹਨ, ਭਾਵੇਂ ਇਹ ਸਾਰੇ ਜੀਵ ਅਤੇ ਵਸਤੂਆਂ ਉਪਰੀ ਨਜ਼ਰੇ ਦੇਖਣ 'ਚ ਕਿੰਨੇ ਵੀ ਭਿੰਨ ਲੱਗਦੇ ਹੋਣ। ਸਭ ਤੋਂ ਪਹਿਲਾਂ ਪੈਦਾ ਹੋਏ ਸੈੱਲ ਦੇ ਵੰਸ਼ਜ ਵਜੋਂ ਅਸੀਂ ਮਨੁੱਖੀ ਜੀਵ, ਸਮੂਹ ਜੀਵਨ ਹੋਂਦ ਨਾਲ ਜੁੜੇ ਹੋਏ ਹਾਂ। ਹੋਰ ਜੀਵਾਂ ਅਤੇ ਪੌਦਿਆਂ ਨਾਲ ਸਾਡਾ ਇਕ ਸਾਂਝਾ ਇਤਿਹਾਸ ਹੈ, ਜੋ ਸਾਡੇ ਜੀਨਜ਼ 'ਚ ਉੱਕਰਿਆ ਹੋਇਆ ਹੈ। ਧਰਤੀ 'ਤੇ ਹੋਂਦਮਈ ਤਿੰਨ ਕਰੋੜ ਜੀਵ ਵੰਨਗੀਆਂ 'ਚ ਮਨੁੱਖ ਇਕ ਜੀਵ ਹੀ ਹੈ। ਜਿੰਦਾ ਵਸਤੂਆਂ ਦੇ ਵਿਭਿੰਨ ਵਰਗਾਂ ਦੀ ਹੋਂਦ, ਜੈਵਿਕ ਵਿਭਿੰਨਤਾ 'ਤੇ ਨਿਰਭਰ ਕਰਦੀ ਹੈ। ਇਸੇ ਤਾਣੇ-ਬਾਣੇ ਰਾਹੀਂ ਆਪਸ 'ਚ ਜੁੜੇ ਹੋਏ ਅਸੀਂ ਸਾਰੇ ਆਪਸੀ ਤੌਰ 'ਤੇ ਨਿਰਭਰ ਹਾਂ।

### ਆਪਸੀ ਨਿਰਭਰਤਾ ਦਾ ਸਥਾਈਪਣ : ਸਮੇਂ ਦੀ ਅਹਿਮ ਲੋੜ

ਸਮੂਹ ਜੀਵ ਤੇ ਪੌਦੇ, ਸੂਰਜ ਤੋਂ ਪ੍ਰਾਪਤ ਊਰਜਾ ਅਤੇ ਧਰਤੀ ਦੇ ਕੁਦਰਤੀ ਸਰੋਤਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਕੁਦਰਤੀ ਸਰੋਤਾਂ ਦੀ ਮਿਕਦਾਰ ਸੀਮਿਤ ਹੈ। ਇਸ ਲਈ ਜੀਵਾਂ ਦੇ ਵਾਧੇ ਤੇ ਵਿਕਾਸ ਦੀ ਇਕ ਸੀਮਾ ਹੈ। ਅਜੋਕੇ ਸਮੇਂ ਦੌਰਾਨ ਮਨੁੱਖ ਨੇ ਇਸ ਸੀਮਾ ਨੂੰ ਛੂੰਹਣ ਦੀ ਨਾਦਾਨੀ ਕੀਤੀ ਹੈ। ਜਿਸ ਕਾਰਣ ਅਸੀਂ ਹਵਾ, ਪਾਣੀ ਤੇ ਜ਼ਮੀਨ ਵਿਖੇ ਪ੍ਰਦੂਸ਼ਣ ਪੈਦਾ ਕਰ ਕੇ ਜੀਵ ਵੰਨਗੀਆਂ ਦੇ ਵਿਨਾਸ਼ ਦਾ ਕਾਰਣ ਬਣ ਰਹੇ ਹਾਂ। ਮਨੁੱਖੀ ਆਬਾਦੀ 7.5 ਬਿਲੀਅਨ ਤੱਕ ਪਹੁੰਚ ਚੁੱਕੀ ਹੈ। ਜਿਸ ਦੀਆਂ ਲੋੜਾਂ ਦੀ ਪੂਰਤੀ ਲਈ ਅਸੀਂ ਕਈ ਜੀਵ ਵੰਨਗੀਆਂ ਦੇ ਵਿਨਾਸ਼ ਦਾ ਕਾਰਣ ਬਣ ਚੁੱਕੇ ਹਾਂ। ਕਈ ਵਿਸ਼ਾਲ ਦਰਿਆ ਸੁੱਕ ਚੁੱਕੇ ਹਨ, ਜੰਗਲਾਂ ਦਾ ਵਿਨਾਸ਼ ਚਰਮਸੀਮਾ ਉੱਤੇ ਹੈ। ਧਰਤੀ ਦੇ ਅਨੇਕ ਖੇਤਰਾਂ ਵਿਖੇ ਜ਼ਮੀਨ, ਹਵਾ ਅਤੇ ਬਾਰਸ਼ ਦੀ ਤਾਸੀਰ ਜ਼ਹਿਰੀਲੀ ਹੋ ਚੁੱਕੀ ਹੈ। ਧਰਤੀ ਦਾ ਸੁਰੱਖਿਆ ਕਵਚ – ਓਜ਼ੋਨ ਪਰਤ ਲੀਰੋ-ਲੀਰ ਹੋਈ ਪਈ ਹੈ। ਹੋਰ ਜੀਵਾਂ ਦੇ ਦੁੱਖ-ਦਰਦ ਦੀ ਪ੍ਰਵਾਹ ਕੀਤੇ ਬਿਨ੍ਹਾਂ ਅਸੀਂ ਆਪਣੇ ਸੁੱਖਾਂ ਦੀ ਪ੍ਰਾਪਤੀ 'ਚ ਜੁੱਟੇ ਹੋਏ ਹਾਂ। ਅਜਿਹੇ ਹਾਲਤਾਂ, ਧਰਤੀ ਵਿਖੇ ਮੌਜੂਦ ਜੀਵਨ ਹੋਂਦ ਗਹਿਰੇ ਸੰਕਟ 'ਚ ਫਸ ਚੁੱਕੀ ਹੈ। ਅਜਿਹੇ ਹਾਲਾਤਾਂ ਦੇ ਬੁਰੇ ਨਤੀਜਿਆਂ ਬਾਰੇ ਬਾਬਾ ਫਰੀਦ ਇੰਝ ਵਰਨਣ ਕਰਦੇ ਹਨ;

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥ ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥ (ਸ਼ੇਖ ਫਰੀਦ, ਸ.ਗ.ਗ.ਸ., ਪੰਨਾ : 1382)

ਭਾਵ: ਦਰਿਆ ਦੇ ਕੰਢੇ 'ਤੇ ਉੱਗਿਆ ਰੁੱਖ ਆਖਰ ਕਦ ਤੱਕ ਟਿੱਕਿਆ ਰਹਿ ਸਕਦਾ ਹੈ? ਫਰੀਦ! ਕੱਚੇ ਘੜੇ ਵਿਚ ਪਾਣੀ ਕਦ ਤੱਕ ਭਰਿਆ ਰਹਿ ਸਕਦਾ ਹੈ? ਇਥੇ ਬਾਬਾ ਫਰੀਦ ਜੀ ਸਵਾਲਾਂ ਦੇ ਪ੍ਰਤੀਕ ਰਾਹੀਂ ਸੁਝਾ ਰਹੇ ਹਨ ਕਿ ਹਾਲਾਤਾਂ ਦਾ ਅਸਾਵਾਂਪਣ ਕਦੇ ਵੀ ਸੁਖਦਾਈ ਨਹੀਂ ਹੋ ਸਕਦਾ।

ਸਾਨੂੰ ਆਪਣੀਆਂ ਗਲਤੀਆਂ ਤੋਂ ਸਿੱਖਣਾ ਜ਼ਰੂਰੀ ਹੈ। ਅਲੋਪ ਹੋ ਰਹੀਆਂ/ਗਈਆਂ ਜੀਵ ਵੰਨਗੀਆਂ ਦਾ ਦੁੱਖ ਮਹਿਸੂਸ ਕਰਦੇ ਹੋਏ ਸ਼ਾਂਤਮਈ ਸਹਿਹੋਂਦ ਵਾਲੇ ਯੁੱਗ ਦਾ ਨਿਰਮਾਣ ਕਰਨ ਦੀ ਲੋੜ ਹੈ। ਹਵਾ, ਪਾਣੀ ਤੇ ਜ਼ਮੀਨ ਦੀ ਸ਼ੁੱਧਤਾ ਦੇ ਮਹੱਤਵ ਨੂੰ ਸਮਝਦੇ ਹੋਏ ਅਤੇ ਇਸ ਦੇ ਸਰੰਖਿਅਣ ਨੂੰ ਜੀਵਨ ਚੱਲਣ ਦਾ ਹਿੱਸਾ ਬਣਾਉਣਾ ਅਤਿ ਜ਼ਰੂਰੀ ਹੈ। ਵਿਕਾਸ ਕਾਰਜਾਂ ਵਿਚ ਸਮੂਹ ਵਾਤਾਵਰਣੀ ਅਤੇ ਸਮਾਜਿਕ ਤੱਥਾਂ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੈ। ਸਾਡੇ ਵਿਵਹਾਰ ਵਿਚ, ਧਰਤੀ 'ਤੇ ਕਾਬਜ਼ ਹੋਣ ਦੀ ਭਾਵਨਾ ਨਾਲੋਂ ਸਾਂਝੀਵਾਲਤਾ, ਮਿਲਾਪ ਅਤੇ ਆਪਸੀ ਭਰਾਤਰੀਪਣ ਦੀ ਭਾਵਨਾ ਦੇ ਪ੍ਰਬਲ ਹੋਣ ਦੀ ਲੋੜ ਹੈ। ਬਾਬਾ ਫਰੀਦ ਜੀ ਦਾ ਕਥਨ ਹੈ ਕਿ ਜੇ ਕਿਸੇ ਸੰਕਟ ਦੇ ਕਾਰਣਾਂ ਅਤੇ ਪ੍ਰਭਾਵ ਬਾਰੇ ਅਸੀਂ ਜਾਣੂੰ ਹਾਂ, ਤਾਂ ਉਸ ਤੋਂ ਬਚਣ ਲਈ ਸਮੇਂ ਸਿਰ ਯੋਗ ਕਾਰਵਾਈ ਕਰਨ ਨਾਲ ਅਜਿਹੇ ਸੰਕਟ ਤੋਂ ਬਚਾ ਹੋ ਸਕਦਾ ਹੈ।

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥ ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥ (ਸ਼ੇਖ ਫਰੀਦ, ਸ.ਗ.ਗ.ਸ., ਪੰਨਾ : 1382)

ਭਾਵ: ਹੜ੍ਹ ਦੀ ਮਾਰ ਹੇਠ ਦਰਿਆ ਆਪਣੇ ਕਿਨਾਰਿਆਂ ਨੂੰ ਢਾਹ ਰਿਹਾ ਹੈ। ਅਜਿਹੇ ਹਾਲਤ ਵਿਚ ਦਰਿਆ ਵਿਚਲਾ ਭੰਵਰ, ਤਰ ਰਹੀ ਬੇੜੀ ਦਾ, ਕੁਝ ਵੀ ਨਹੀਂ ਵਿਗਾੜ ਸਕਦਾ, ਜੇ ਅਜਿਹੀ ਹਾਲਤ ਤੋਂ ਸੁਚੇਤ ਮਲਾਹ ਸਮੇਂ ਸਿਰ ਯੋਗ ਕਾਰਵਾਈ ਕਰ ਲੈਂਦਾ ਹੈ।

ਅੱਜ ਲੋੜ ਹੈ ਕਿ ਅਸੀਂ ਕੁਦਰਤ ਸੰਬੰਧੀ ਆਪਣੇ ਸਹੀ ਰੋਲ ਨੂੰ ਪਛਾਣੀਏ। ਮੌਜੂਦਾ ਵਾਤਾਵਰਣੀ ਸੰਕਟ ਵਿਚੋਂ ਨਿਕਲਣ ਲਈ ਸਮੇਂ ਸਿਰ ਲੋੜੀਂਦੇ ਕਾਰਜ ਕਰੀਏ। ਅਜਿਹਾ ਕਰਨ ਨਾਲ ਸਾਡੀ ਧਰਤੀ ਉੱਤੇ ਵਸਤੂਆਂ ਦੀ ਆਪਸੀ ਨਿਰਭਰਤਾ ਚਿਰਸਥਾਈ ਹੋ ਸਕੇਗੀ ਅਤੇ ਜੀਵਨ ਹੋਂਦ ਦੀ ਪ੍ਰਫੁੱਲਤਾ ਸਦੀਵੀਂ ਬਣ ਸਕੇਗੀ।

# ਕੀ ਅੱਜ ਦੀ ਔਰਤ ਸੁਰੱਖਿਅਤ ਹੈ?

ਪਰਮਜੀਤ ਕੌਰ ਸੋਢੀ
ਭਗਤਾ ਭਾਈ ਕਾ
94786-58384
(Punjab Mail USA)





ਔਰਤਾਂ ਦੀ ਸੁੱਰਖਿਆ ਲਾਜ਼ਮੀ ਹੋਵੇ। ਅੱਜ ਇੱਕ ਵਾਰ ਫਿਰ ਜਬਰ-ਜਨਾਹ ਦੀ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਜਿਹਾ ਆਖਿਰ ਕਦੋਂ ਤੱਕ ਔਰਤਾਂ ਨਾਲ ਵਾਪਰਦਾ ਰਹੇਗਾ। ਇਹ ਸਭ ਕੁਝ ਦੇਖ-ਸੁਣ ਕੇ ਮਨ ਨੂੰ ਬਹੁਤ ਜ਼ਿਆਦਾ ਠੇਸ ਪਹੁੰਚੀ ਕੀ ਇਨ੍ਹਾਂ ਸ਼ਰਾਰਤੀ ਅਨਸਰਾਂ ਦੀ ਸੋਚ ਬਸ ਇੱਥੋਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਹ ਸ਼ੈਤਾਨ ਇੰਨੇ ਕੁ ਬੇਡਰ ਹੋ ਗਏ ਹਨ ਕਿ ਕਿਸੇ ਵੀ ਸਜ਼ਾ ਤੋਂ ਨਹੀਂ ਡਰਦੇ। ਅੱਜ ਲੋੜ ਹੈ ਅਨੇਕਾਂ ਬਰਜੇਸ਼ ਠਾਕਰ ਵਰਗੇ ਲੋਕਾਂ ਦੇ ਮੂੰਹ ਤੋਂ ਮਖੌਟਾ ਉਤਾਰਨ ਦੀ, ਜੋ ਉਪਰੋਂ ਤਾਂ ਸਮਾਜ ਸੇਵੀ ਹੋਣ ਦੇ ਦਾਅਵੇ ਕਰਦੇ ਫਿਰਦੇ ਹਨ ਪਰ ਅਸਲੀਅਤ ਕੁਝ ਹੋਰ ਹੀ ਹੁੰਦੀ ਹੈ। ਇਨ੍ਹਾਂ ਕਰਕੇ ਤਾਂ ਸਮਾਜ ਦੀਆਂ ਔਰਤਾਂ ਅਸੁੱਰਖਿਤ ਹਨ।

ਕਿਉਂਕਿ ਐਸੇ ਘਟੀਆ ਸੋਚ ਵਾਲੇ ਸ਼ੈਤਾਨ ਹੀ ਲੋਕਾਂ ਨੂੰ ਡਰਾਉਂਦੇ, ਧਮਕਾਉਂਦੇ ਹੋਏ ਸ਼ਰਮ-ਹਯਾ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ ਹੈਵਾਨ ਬਣ ਧੀਆਂ, ਭੈਣਾਂ ਦੀ ਇੱਜ਼ਤ ਲੁੱਟ ਕੇ ਜਾਨੋਂ ਮਾਰਦੇ ਹਨ। ਜਿਸ ਕਰਕੇ ਲੜਕੀਆਂ ਦੇ ਮਾਪੇ ਵੀ ਡਰਦੇ ਹੋਏ ਆਪਣੀਆ ਬੱਚੀਆਂ ਨੂੰ ਘਰੋਂ ਬਾਹਰ ਭੇਜਣ ਤੋਂ ਗੁਰੇਜ਼ ਕਰਦੇ ਹਨ। ਐਸੇ ਲੋਕ ਲੜਕੀਆਂ ਦੀ ਤਰੱਕੀ ਵਿਚ ਰੋੜਾ ਬਣ ਦੇਸ਼ ਨੂੰ ਅੱਗੇ ਵੱਧਣ ਵਿਚ ਰੁਕਾਵਟ ਪੈਦਾ ਕਰਦੇ ਹਨ। ਮੈਂ ਸੋਚਦੀ ਹਾਂ, ਐਸੇ ਅਪਰਾਧੀਆਂ ਨੂੰ ਜਿਉਣ ਦਾ ਹੱਕ ਨਹੀਂ ਹੋਣਾ ਚਾਹੀਦਾ, ਤਾਂ ਕਿ ਦੇਸ਼, ਸਮਾਜ ਅਤੇ ਹਰ ਘਰ ਬਿਨਾਂ ਕਿਸੇ ਡਰ ਦੇ ਆਪਣੀਆਂ ਬੱਚੀਆਂ ਨੂੰ ਪੜ੍ਹਾ-ਲਿਖਾ ਕੇ ਪੈਰਾਂ 'ਤੇ ਖੜ੍ਹੇ ਕਰ ਸਕਣ। ਮਾਪੇ ਆਪਣੀਆ ਧੀਆਂ ਨੂੰ ਐਸੇ ਭ੍ਰਿਸ਼ਟ ਲੋਕਾਂ ਨਾਲ ਨਿਪਟਣ ਲਈ ਗੱਤਕਾ, ਜੂਡੋ, ਕਰਾਟੇ ਆਦਿ ਦੀ ਸਿਖਲਾਈ ਦਿਵਾਉਣ ਅਤੇ ਸਰਕਾਰ ਵੀ ਅਜਿਹੇ ਅਪਰਾਧੀਆਂ ਨੂੰ ਸਖਤ ਸਜ਼ਾ ਦੇਵੇ। ਕਦੇ ਵੀ ਜਬਰ-ਜਨਾਹ ਕਰਨ ਵਾਲੇ ਵਿਅਕਤੀ ਨਾਲ ਕੋਈ ਢਿੱਲ ਨਾ ਵਰਤੀ ਜਾਵੇ, ਭਾਵੇਂ ਉਹ ਕੋਈ ਕਿੱਡਾ ਵੱਡਾ ਸਿਆਸਤਦਾਨ, ਅਫਸਰ ਜਾਂ ਧਨਾਢ ਕਿਉਂ ਨਾ ਹੋਵੇ। ਇਸ ਨਾਲ ਵੀ ਔਰਤਾਂ ਵਧੇਰੇ ਸੁਰੱਖਿਅਤ ਹੋਣਗੀਆਂ। ਜਦੋਂ ਨਿੱਤ ਰੋਜ਼ ਅਖਬਾਰਾਂ ਵਿਚ ਦਿਲ-ਦਹਿਲਾ ਦੇਣ ਵਾਲੀਆਂ ਖਬਰਾਂ ਪੜ੍ਹਦੇ ਹਾਂ, ਤਾਂ ਇਹ ਸਭ ਖਬਰਾਂ ਚਿੰਤਾ ਦਾ ਵਿਸ਼ਾ ਬਣ ਜਾਂਦੀਆਂ ਹਨ। ਕਿਉਂਕਿ ਹਰ ਕੋਈ ਆਪਣੀ ਬੇਟੀ, ਭੈਣ, ਪਤਨੀ, ਮਾਂ ਨੂੰ ਸੁਰੱਖਿਅਤ ਰੱਖਣਾ ਚਾਹੁੰਦਾ ਹੈ। ਇਸ ਲਈ ਆਪਾਂ ਸਾਰਿਆਂ ਨੂੰ, ਸਰਕਾਰਾਂ ਨੂੰ, ਪੁਲਿਸ ਪ੍ਰਸ਼ਾਸਨ ਨੂੰ ਰਲ-ਮਿਲ ਕੇ ਠੋਸ ਉਪਰਾਲੇ ਕਰਨੇ ਚਾਹੀਦੇ ਹਨ, ਤਾਂ ਜੋ ਔਰਤਾਂ ਦੀ ਸੁਰੱਖਿਆ ਯਕੀਨੀ ਤੇ ਲਾਜ਼ਮੀ ਹੋ ਸਕੇ।

# ਦੇਸ਼ ਜਲ ਰਿਹਾ ਹੈ - ਨੀਰੋ ਬੰਸਰੀ ਬਜਾ ਰਿਹਾ ਹੈ !

## ਸੰਸਦ ਇਜਲਾਸ 'ਚ ਲੋਕ ਵਿਰੋਧੀ ਕਾਨੂੰਨਾਂ ਦਾ ਪਾਸ ਹੋਣਾ ਅਤਿਅੰਤ ਘਾਤਕ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(ਪੰਜਾਬੀ ਫ਼ੀਚਰ ਸਿੰਡੀਕੇਟ ਵਲੋਂ ਜਾਰੀ)
(Punjab Mail USA)





ਅੱਜ ਜਦੋਂ ਸੰਯੁਕਤ ਰਾਸ਼ਟਰ ਦੇ ਵਿਸ਼ਵ ਭੋਜਨ ਪ੍ਰੋਗਰਾਮ ਦੇ ਮੁਤਾਬਿਕ ਵਿਕਾਸਸ਼ੀਲ ਦੇਸ਼ਾਂ ਵਿਚ ਭੁੱਖ ਨਾਲ ਜੂਝਣ ਵਾਲਿਆਂ ਦੀ ਸੰਖਿਆ ਇਸ ਸਾਲ ਦੁੱਗਣੀ ਹੋ ਕੇ 26.5 ਕਰੋੜ ਹੋ ਜਾਣ ਦਾ ਖਦਸ਼ਾ ਹੈ, ਕਰੋਨਾ ਮਹਾਂਮਾਰੀ ਨੇ ਆਰਥਿਕ ਨਾ-ਬਰਾਬਰੀ ਹੋਰ ਵਧਾ ਦਿੱਤੀ ਹੈ, ਭੋਜਨ ਤੱਕ ਪਹੁੰਚ ਮੁਸ਼ਕਿਲ ਹੋ ਗਈ ਹੈ, ਆਮਦਨ ਘਟਣ ਨਾਲ ਕਰੋੜਾਂ ਲੋਕ ਚਿੰਤਾ ਵਿਚ ਹਨ ਕਿ ਉਹ ਆਪਣੀਆਂ ਭੋਜਨ ਲੋੜਾਂ ਪੂਰੀਆਂ ਕਿਵੇਂ ਕਰਨ, ਉਦੋਂ ਭਾਰਤੀ ਹਾਕਮ ਆਪਣੇ ਇਕੋ ਅਜੰਡੇ 'ਇਕ ਦੇਸ਼ ਅਤੇ ਹਰ ਚੀਜ਼ ਇਕੋ ਜਿਹੀ' ਨੂੰ ਲਾਗੂ ਕਰਨ ਲਈ ਕਰੋਨਾ ਆਫ਼ਤ ਦੀ ਆੜ 'ਚ ਤਰਲੋ ਮੱਛੀ ਹੋਏ ਪਏ ਹਨ। ਇਸ ਏਜੰਡੇ ਦੀ ਪੂਰਤੀ ਲਈ 14 ਸਤੰਬਰ ਤੋਂ ਸ਼ੁਰੂ ਪਾਰਲੀਮੈਂਟ ਦੇ ਇਜਲਾਸ 'ਚ ਸਰਕਾਰ ਵੱਲੋਂ ਯਤਨ ਹੋ ਰਿਹਾ ਹੈ ਕਿ ਸੰਘਵਾਦ ਨੂੰ ਮਜ਼ਬੂਤ ਕਰਕੇ ਸੂਬਿਆਂ ਦੀਆਂ ਤਾਕਤਾਂ ਹਥਿਆਈਆਂ ਜਾਣ ਅਤੇ ਦੇਸ਼ ਨੂੰ ਚਲਾਉਣ ਲਈ ਇਕੋ ਡਿਕਟੇਟਰਾਨਾ ਹੁਕਮ ਲਾਗੂ ਕੀਤੇ ਜਾਣ। ਭਾਰਤ ਸਰਕਾਰ ਦਾ ਯਤਨ ਉਨ੍ਹਾਂ ਸ਼ਾਂਤਾ ਕੁਮਾਰ ਕਮੇਟੀ ਦੀਆਂ ਵਿਵਾਦਪ੍ਰਸਤ ਸਿਫਾਰਸ਼ਾਂ ਨੂੰ ਅਮਲ ਵਿਚ ਲਿਆਉਣਾ ਹੈ, ਜਿਨ੍ਹਾਂ ਦਾ ਅਸਰ ਸਿੱਧੇ ਤੌਰ 'ਤੇ ਸਰਕਾਰੀ ਖਰੀਦ ਵਿਚ ਕਮੀ, ਸਾਰਵਜਨਿਕ ਵੰਡ ਪ੍ਰਣਾਲੀ, ਘੱਟੋ-ਘੱਟ ਲਾਗਤ ਮੁੱਲ ਅਤੇ ਭੋਜਨ ਸੁਰੱਖਿਆ ਉੱਤੇ ਪਵੇਗਾ। ਪਾਰਲੀਮੈਂਟ ਦੇ ਇਸ ਸੈਸ਼ਨ ਵਿਚ ਗਿਆਰਾਂ ਆਰਡੀਨੈਂਸਾਂ ਨੂੰ ਕਾਨੂੰਨ ਬਣਾਇਆ ਜਾਣਾ ਹੈ, ਜਿਸ ਵਿਚੋਂ ਪ੍ਰਮੁੱਖ ਕਿਸਾਨ ਆਰਡੀਨੈਂਸ ਹਨ, ਅਤੇ ਜਿਨ੍ਹਾਂ ਦਾ ਪੂਰੇ ਦੇਸ਼ ਭਰ 'ਚ ਭਰਪੂਰ ਵਿਰੋਧ ਹੋ ਰਿਹਾ ਹੈ। ਇਹ ਗੱਲ ਹਰ ਉਸ ਦੇਸ਼ ਪ੍ਰੇਮੀ ਤੇ ਦੇਸ਼ ਹਿਤੈਸ਼ੀ ਦੇ ਗਲੇ ਵਿਚੋਂ ਨਹੀਂ ਉਤਰ ਰਹੀ ਕਿ ਅੱਜ ਜਦੋਂ ਦੇਸ਼ ਆਰਥਿਕ ਤਬਾਹੀ, ਵਧਦੀ ਮਹਾਂਮਾਰੀ ਦਾ ਸਾਹਮਣਾ ਕਰ ਰਿਹਾ ਹੈ, ਤਾਂ ਦੇਸ਼ ਦੀ ਕੇਂਦਰੀ ਸਰਕਾਰ, ਸੂਬਿਆਂ ਦੇ ਸਬੰਧਾਂ ਨੂੰ ਬਦਲਣ ਲਈ ਘਾਤਕ ਕੋਸ਼ਿਸ਼ ਕਿਉਂ ਕਰ ਰਹੀ ਹੈ? ਭਾਰਤੀ ਸੰਵਿਧਾਨ ਵਿਚ ਕੇਂਦਰ ਸਰਕਾਰ ਅਤੇ ਸੂਬਿਆਂ ਦੀਆਂ ਸਰਕਾਰਾਂ ਵਿਚ ਸ਼ਕਤੀਆਂ ਦੀ ਵੰਡ ਕੀਤੀ ਹੋਈ ਹੈ। ਦੇਸ਼ ਵਿਚ ਸਮੇਂ-ਸਮੇਂ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਨੇ ਦੇਸ਼ ਵਿਚ ਰਾਜ ਕੀਤਾ ਹੈ ਅਤੇ ਦੇਸ਼ ਦੀ ਸੰਘੀ ਪ੍ਰਣਾਲੀ ਦਾ ਆਦਰ ਸਤਿਕਾਰ ਤਾਂ ਭਾਵੇਂ ਕੀਤਾ ਹੈ ਅਤੇ ਕੇਂਦਰ ਵੱਲੋਂ ਸੂਬਿਆਂ ਨੂੰ ਮਿਲੇ ਅਧਿਕਾਰਾਂ ਵਿਚ ਬੇਲੋੜੀ ਦਖਲਅੰਦਾਜ਼ੀ ਕੀਤੀ ਹੈ। ਇਸ ਵਿਚ ਕਾਂਗਰਸ ਵੀ ਉਤਨੀ ਹੀ ਦੋਸ਼ੀ ਹੈ, ਜਿੰਨੀ ਭਾਜਪਾ ਜਾਂ ਹੋਰ ਸਰਕਾਰਾਂ ਪਰ ਮੋਦੀ ਰਾਜ ਵੇਲੇ ਤਾਂ ਸੂਬਿਆਂ ਦੀਆਂ ਤਾਕਤਾਂ ਨੂੰ ਹੜੱਪਣਾ ਸਿਖਰਾਂ 'ਤੇ ਪੁੱਜਿਆ ਹੋਇਆ ਹੈ।

ਨਰੇਂਦਰ ਮੋਦੀ ਸਰਕਾਰ ਨੇ ਆਪਣੀਆਂ ਕਾਨੂੰਨ ਅਤੇ ਕਾਰਜਕਾਰੀ ਸ਼ਕਤੀਆਂ ਰਾਹੀਂ ਸੂਬਿਆਂ ਦੀਆਂ ਤਾਕਤਾਂ ਖੋਹਣ ਲਈ ਲਗਾਤਾਰ ਹਮਲੇ ਕੀਤੇ ਹੋਏ ਹਨ ਅਤੇ ਕੇਂਦਰ ਸਰਕਾਰ ਵਿਚ ਉਨ੍ਹਾਂ ਦੀਆਂ ਭਾਈਵਾਲ ਪਾਰਟੀਆਂ, ਜਿਹੜੀਆਂ ਕਦੇ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ ਲਈ ਸੰਘਰਸ਼ਸ਼ੀਲ ਰਹੀਆਂ ਹਨ, ਉਹ ਦੜ ਵੱਟ ਕੇ ਚੁੱਪਚਾਪ ਇਹ ਤਮਾਸ਼ਾ ਵੇਖ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ (ਬ) ਉਨ੍ਹਾਂ ਵਿਚੋਂ ਇੱਕ ਹੈ, ਜਿਹੜਾ ਕਦੇ ਭਾਰਤੀ ਸੰਵਿਧਾਨ ਦੀਆਂ ਕਾਪੀਆਂ ਸਾੜਦਾ ਰਿਹਾ, ਕਦੇ ਕੇਂਦਰ ਵਿਰੁੱਧ ਵੱਧ ਅਧਿਕਾਰਾਂ ਲਈ ਦੇਸ਼ 'ਚ ਉੱਚੀ ਆਵਾਜ਼ ਨਾਲ ਲੜਦਾ ਰਿਹਾ, ਅੱਜ ਬੇਬੱਸੀ ਦੀ ਹਾਲਤ ਵਿਚ ਚੁੱਪਚਾਪ 'ਸੂਬਿਆਂ ਦੇ ਅਧਿਕਾਰਾਂ' ਦੀ ਸੰਘੀ ਘੁੱਟੀ ਜਾਂਦੀ ਇਕ ਤਮਾਸ਼ਬੀਨ ਵਾਂਗਰ ਵੇਖ ਰਿਹਾ ਹੈ।

ਮੋਦੀ ਸਰਕਾਰ ਵੱਲੋਂ ਇਸ ਸੈਸ਼ਨ ਵਿਚ ਜਿਹੜੇ ਸਭ ਤੋਂ ਵੱਧ ਘਾਤਕ ਆਰਡੀਨੈਂਸਾਂ ਨੂੰ ਕਾਨੂੰਨੀ ਦਰਜਾ ਦਿੱਤਾ ਜਾ ਰਿਹਾ ਹੈ, ਉਨ੍ਹਾਂ ਵਿਚ ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਹਨ, ਜਿਨ੍ਹਾਂ ਤਹਿਤ ਕਿਸਾਨ ਨੂੰ ਫਸਲ ਖੁੱਲ੍ਹੀ ਮੰਡੀ 'ਚ ਵੇਚਣ ਸਬੰਧੀ, ਸਰਕਾਰੀ ਖਰੀਦ ਦੇ ਨਾਲ ਕਾਰਪੋਰੇਟ ਸੈਕਟਰ ਨੂੰ ਫਸਲਾਂ ਦੀ ਖਰੀਦ ਕਰਨ ਅਤੇ ਭੰਡਾਰਨ ਕਰਨ ਦੀ ਖੁੱਲ੍ਹ ਦਿੱਤਾ ਜਾਣਾ, ਆਦਿ ਸ਼ਾਮਲ ਹੈ। ਕਿਸਾਨਾਂ ਦੀ ਫਸਲ ਖਰੀਦਣ ਸਬੰਧੀ ਸੂਬਾ ਸਰਕਾਰਾਂ ਵੱਲੋਂ ਮੰਡੀਆਂ ਬਣਾਈਆਂ ਗਈਆਂ ਹਨ, ਸਰਕਾਰੀ ਖਰੀਦ ਲਈ ਝੋਨਾ, ਕਣਕ ਆਦਿ ਫਸਲਾਂ ਦੇ ਘੱਟੋ-ਘੱਟ ਮੁੱਲ ਨੀਅਤ ਹਨ। ਪਰ ਇਸ ਆਰਡੀਨੈਂਸ ਦੇ ਆਉਣ ਨਾਲ ਪੰਜਾਬ, ਹਰਿਆਣਾ, ਮੱਧ ਪ੍ਰਦੇਸ, ਛਤੀਸਗੜ੍ਹ ਵਰਗੇ ਸੂਬਿਆਂ ਦੇ ਕਿਸਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਸ਼ਾਂਤਾ ਕੁਮਾਰ ਕਮੇਟੀ ਸੰਭਵ ਤੌਰ 'ਤੇ ਇਕ ਦੋ ਸਾਲ ਤਾਂ ਮੰਡੀਆਂ ਦੀ ਥਾਂ ਉਨ੍ਹਾਂ ਦੇ ਘਰੋਂ ਕਣਕ, ਝੋਨਾ ਕਾਰਪੋਰੇਟ ਸੈਕਟਰ ਜਾਂ ਵੱਡੇ ਵਪਾਰੀ ਚੁੱਕ ਲੈਣਗੇ, ਭਾਅ ਵੀ ਵੱਧ ਦੇ ਦੇਣਗੇ, ਪਰ ਬਾਅਦ 'ਚ ਆਪਣੀ ਮਰਜ਼ੀ ਅਨੁਸਾਰ ਭਾਅ ਦੇਣਗੇ, ਜਿਸ ਬਾਰੇ ਪੰਜਾਬ ਦੀ ਕਾਂਗਰਸੀ ਸਰਕਾਰ, ਪੰਜਾਬ ਦੀਆਂ ਕੁਝ ਸਿਆਸੀ ਪਾਰਟੀਆਂ ਤੇ ਕਿਸਾਨ ਜਥੇਬੰਦੀਆਂ ਲਗਾਤਾਰ ਚਿੰਤਤ ਹਨ ਅਤੇ ਭਰਵਾਂ ਰੋਸ ਪ੍ਰਗਟ ਕਰ ਰਹੀਆਂ ਹਨ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ (ਬ) ਧਿਰ, ਜਿਹਦਾ ਆਧਾਰ ਹੀ ਕਿਸਾਨ ਹਨ, ਉਹ ਕਿਸਾਨ ਵਿਰੋਧੀ ਧਿਰ ਨਾਲ ਖੜ੍ਹ ਕੇ ਬਿਆਨਬਾਜ਼ੀ ਕਰ ਰਹੀ ਹੈ ਅਤੇ ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਇਹ ਆਰਡੀਨੈਂਸ ਕਿਸਾਨ ਵਿਰੋਧੀ ਆਰਡੀਨੈਂਸ ਹੋਣ ਦੇ ਬਾਵਜੂਦ ਹਰਿਆਣਾ ਤੇ ਮੱਧ ਪ੍ਰਦੇਸ਼ ਦੀਆਂ ਸੂਬਾ ਸਰਕਾਰ ਮੂੰਹ 'ਤੇ ਚੇਪੀ ਲਾ ਕੇ ਬੈਠੀਆਂ ਹਨ, ਭਾਵ ਕੁਝ ਬੋਲ ਨਹੀਂ ਰਹੀਆਂ। ਬਿਨਾਂ ਸ਼ੱਕ ਦੇਸ਼ ਭਰ 'ਚ ਇਨ੍ਹਾਂ ਤਿੰਨ ਆਰਡੀਨੈਂਸਾਂ ਦਾ ਵਿਰੋਧ ਕਿਸਾਨ ਕਰ ਰਹੇ ਹਨ, ਉਹ ਇਸ ਖਦਸ਼ੇ ਵਿਚ ਹਨ ਕਿ ਫਸਲਾਂ ਦੀ ਘੱਟੋ-ਘੱਟ ਕੀਮਤ ਆਉਣ ਵਾਲੇ ਸਮੇਂ 'ਚ ਖਤਮ ਕਰ ਦਿੱਤੀ ਜਾਏਗੀ ਪਰ ਮੋਦੀ ਸਰਕਾਰ ਕਿਸਾਨਾਂ ਤੇ ਸੂਬਾ ਸਰਕਾਰਾਂ ਵੱਲੋਂ ਵਿਰੋਧ ਕੀਤੇ ਜਾਣ 'ਤੇ ਵੀ ਇਸ ਆਰਡੀਨੈਂਸ ਨੂੰ 'ਏ.ਪੀ.ਐੱਮ.ਸੀ.' ਐਕਟ ਦਾ ਰੂਪ ਦੇ ਕੇ ਸੂਬਿਆਂ ਦੀਆਂ ਤਾਕਤਾਂ ਨੂੰ ਆਪਣੇ ਪਾਰਲੀਮੈਂਟ ਵਿਚਲੇ ਬਹੁਮਤ ਨਾਲ ਲੋਕ ਰਾਏ ਦੇ ਉਲਟ ਜਾ ਕੇ ਪਾਸ ਕਰ ਦੇਵੇਗੀ। ਜਾਪਦਾ ਹੈ ਡਾ: ਸਵਾਮੀਨਾਥਨ ਦੀ ਰਿਪੋਰਟ ਤੋਂ ਸਰਕਾਰ ਨੇ ਕਿਨਾਰਾ ਕਰ ਲਿਆ ਹੈ, ਜੋ ਕਿਸਾਨਾਂ ਨੂੰ ਫ਼ਸਲਾਂ ਉਤੇ ਲਾਗਤ ਤੋਂ ਉਪਰ 50 ਫ਼ੀਸਦੀ ਵੱਧ ਦੇਣ ਦੀ ਵਕਾਲਤ ਕਰਦਾ ਹੈ। ਦੂਜਾ ਮਹੱਤਵਪੂਰਨ ਮੁੱਦਾ "ਜ਼ਰੂਰੀ ਵਸਤਾਂ" ਆਰਡੀਨੈਂਸ ਸਬੰਧੀ ਹੈ। ਜ਼ਰੂਰੀ ਵਸਤਾਂ ਕਾਨੂੰਨ ਤਹਿਤ ਸੂਬਿਆਂ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਜਮਾਂਖੋਰੀ, ਕਾਲਾਬਜ਼ਾਰੀ ਰੋਕਣ ਲਈ ਜ਼ਰੂਰੀ ਕਦਮ ਚੁੱਕਦਿਆਂ ਅੰਨ ਦਾ ਵੱਡਾ ਸਟਾਕ ਕਰਨ ਤੋਂ ਕਿਸੇ ਵੀ ਵਪਾਰੀ ਨੂੰ ਰੋਕਣ ਅਤੇ ਉਨ੍ਹਾਂ ਦੀ ਸੀਮਾ ਤਹਿ ਕਰਨ। ਪਰ ਕੇਂਦਰ ਵੱਲੋਂ ਆਰਡੀਨੈਂਸ ਜਾਰੀ ਕਰਕੇ ਉਨ੍ਹਾਂ ਦੇ ਅਧਿਕਾਰਾਂ 'ਚ ਕਟੌਤੀ ਕਰ ਦਿੱਤੀ ਗਈ ਹੈ। ਜੇਕਰ ਇਹ ਆਰਡੀਨੈਂਸ ਕਾਨੂੰਨ ਬਣ ਜਾਂਦਾ ਹੈ, ਤਾਂ ਇਸ ਕਾਨੂੰਨ ਰਾਹੀਂ ਜਮਾਂਖੋਰ ਦੀਆਂ ਪੌਂ ਬਾਰਾਂ ਹੋ ਜਾਣਗੀਆਂ।

ਇਸੇ ਤਰ੍ਹਾਂ ਸੂਬਿਆਂ ਦੀਆਂ ਸਰਕਾਰਾਂ ਦੇ ਅਧਿਕਾਰਾਂ ਨੂੰ ਸੱਟ ਮਾਰਦਿਆਂ ਇਕ ਆਰਡੀਨੈਂਸ ਜਾਰੀ ਕੀਤਾ ਹੈ, ਜਿਸ ਅਨੁਸਾਰ ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਅਤੇ ਸ਼ਹਿਰੀ ਸਹਿਕਾਰੀ ਬੈਂਕਾਂ ਨੂੰ ਕੇਂਦਰ ਸਰਕਾਰ ਅਧੀਨ ਲੈ ਲਿਆ ਗਿਆ ਹੈ। ਅਤੇ ਕੇਂਦਰੀ ਰਿਜ਼ਰਵ ਬੈਂਕ ਨੂੰ ਇਸ ਦੀ ਦੇਖ-ਰੇਖ ਸੌਂਪੀ ਗਈ ਹੈ। ਇਸ ਆਰਡੀਨੈਂਸ ਦੀ ਭਾਵਨਾ ਇਹੋ ਹੈ ਕਿ ਸੂਬਾ ਸਰਕਾਰਾਂ ਕੋਲ ਜੋ ਸਹਿਕਾਰੀ ਬੈਂਕਾਂ ਦੀ ਮੈਂਬਰੀ, ਢਾਂਚੇ ਅਤੇ ਵਿੱਤੀ ਢਾਂਚੇ 'ਚ ਬਦਲਾਅ ਲਈ ਸ਼ਕਤੀਆਂ ਸਨ, ਉਹ ਵਾਪਸ ਲੈ ਲਈਆਂ ਹਨ ਤੇ ਉਨ੍ਹਾਂ ਉੱਤੇ ਕੇਂਦਰ ਦਾ ਗਲਬਾ ਵਧਾ ਦਿੱਤਾ ਹੈ। ਬੇਸ਼ੱਕ ਇਨ੍ਹਾਂ ਸਹਿਕਾਰੀ ਬੈਂਕਾਂ ਵਿਚ ਬਹੁਤਿਆਂ ਦਾ ਪ੍ਰਦਰਸ਼ਨ ਚੰਗਾ ਸੀ। ਕੁਝ ਇਕ ਖਰਾਬ ਪ੍ਰਦਰਸ਼ਨ ਵੀ ਕਰ ਰਹੀਆਂ ਸਨ। ਪਰ ਇਹ ਆਰਡੀਨੈਂਸ ਜੇਕਰ ਕਾਨੂੰਨ ਬਣਦਾ ਹੈ ਤਾਂ ਇਹ ਸੂਬਿਆਂ ਦੇ ਅਧਿਕਾਰਾਂ ਉੱਤੇ ਸਿੱਧਾ ਹਮਲਾ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸਾਰੇ ਬੈਂਕਾਂ, ਵਿੱਤੀ ਕੰਪਨੀਆਂ, ਜਿਹੜੀਆਂ ਰਿਜ਼ਰਵ ਬੈਂਕ ਅਧੀਨ ਕੰਮ ਕਰਦੀਆਂ ਹਨ ਅਤੇ ਉਥੇ ਸਰਕਾਰ ਦੀ ਦਖਲਅੰਦਾਜ਼ੀ ਵੀ ਕਾਫੀ ਹੈ। ਸਰਕਾਰ ਤੇ ਰਿਜ਼ਰਵ ਬੈਂਕ ਦੀ ਨੱਕ ਦੇ ਹੇਠ ਵੱਡੇ ਘੁਟਾਲੇ ਹੁੰਦੇ ਹਨ, ਤਾਂ ਕੀ ਇਹ ਤਰਕ ਠੀਕ ਹੈ ਕਿ ਬਹੁਤੇ ਰਾਜ ਜਿਥੇ ਜ਼ਿਲ੍ਹਾ ਸਹਿਕਾਰੀ ਬੈਂਕਾਂ ਅਤੇ ਸ਼ਹਿਰੀ ਸਹਿਕਾਰੀ ਬੈਂਕਾਂ ਹਨ, ਉਨ੍ਹਾਂ 'ਚ ਘੁਟਾਲਿਆਂ ਦੇ ਡਰੋਂ ਇਹ ਕਾਨੂੰਨ ਪਾਸ ਕੀਤਾ ਜਾ ਰਿਹਾ ਹੈ?

ਪਾਰਲੀਮੈਂਟ ਦੇ ਮਾਨਸੂਨ ਸੈਸ਼ਨ 2020 ਵਿਚ, 23 ਬਿੱਲ ਪਾਸ ਕੀਤੇ ਜਾਣੇ ਹਨ, ਜਿਨ੍ਹਾਂ ਵਿਚ ਗਿਆਰਾਂ ਉਨ੍ਹਾਂ ਆਰਡੀਨੈਂਸਾਂ ਨੂੰ ਕਾਨੂੰਨ ਦੀ ਸ਼ਕਲ ਦਿੱਤੀ ਜਾਏਗੀ, ਜਿਹੜੇ ਪਿਛਲੇ ਛੇ ਮਹੀਨਿਆਂ ਦੌਰਾਨ ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਗਏ ਹਨ, ਕਿਉਂਕਿ ਇਹ ਜ਼ਰੂਰੀ ਹੁੰਦਾ ਹੈ ਕਿ ਆਰਡੀਨੈਂਸ ਜਾਰੀ ਹੋਣ ਦੇ 6 ਮਹੀਨਿਆਂ ਦੇ ਅੰਦਰ-ਅੰਦਰ ਇਨ੍ਹਾਂ ਨੂੰ ਪਾਰਲੀਮੈਂਟ ਦੇ ਦੋਨਾਂ ਸਦਨਾਂ 'ਚ ਪਾਸ ਕਰਵਾਇਆ ਜਾਵੇ, ਨਹੀਂ ਤਾਂ ਇਹ ਖਤਮ ਗਿਣੇ ਜਾਂਦੇ ਹਨ। ਪਹਿਲਾਂ ਆਰਡੀਨੈਂਸ 9 ਅਪ੍ਰੈਲ ਨੂੰ ਜਾਰੀ ਹੋਇਆ, ਜਿਹੜਾ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਕੇਂਦਰੀ ਵਜ਼ਾਰਤ ਦੀ ਤਨਖਾਹ ਵਿਚ ਇਕ ਸਾਲ ਕਰੋਨਾ ਆਫ਼ਤ ਕਾਰਨ 30 ਫੀਸਦੀ ਕਟੌਤੀ ਕਰਨ ਸਬੰਧੀ ਹੈ। ਦੂਜਾ ਆਰਡੀਨੈਂਸ ਮੈਂਬਰ ਪਾਰਲੀਮੈਂਟਾਂ, ਪੈਨਸ਼ਨਰ ਐੱਮ.ਪੀਜ਼. ਦੀ ਤਨਖਾਹ ਵਿਚ 30 ਫੀਸਦੀ ਕਟੌਤੀ ਇਕ ਸਾਲ ਅਤੇ ਐੱਮ.ਪੀ. ਲੈਡ ਸਬੰਧੀ ਵਿਕਾਸ ਕਾਰਜਾਂ ਫੰਡਾਂ ਵਿਚ 30 ਫੀਸਦੀ ਕਟੌਤੀ ਕਰਨ ਸਬੰਧੀ ਹੈ। ਤੀਜਾ ਆਰਡੀਨੈਂਸ ਕਰੋਨਾ ਯੋਧਿਆਂ ਜਿਨ੍ਹਾਂ 'ਚ ਡਾਕਟਰ ਤੇ ਹੋਰ ਅਮਲਾ ਸ਼ਾਮਲ ਹੈ, ਉਸ ਉਤੇ ਹਮਲਾ ਕਰਨ ਵਾਲਿਆਂ ਨੂੰ ਸਤ ਸਾਲ ਸਜ਼ਾ ਦੇਣ ਦਾ ਪ੍ਰਾਵਾਧਾਨ ਹੈ। ਚੌਥਾ, ਪੰਜਵਾਂ ਅਤੇ ਛੇਵਾਂ ਆਰਡੀਨੈਂਸ ਜ਼ਰੂਰੀ ਵਸਤਾਂ, ਕਿਸਾਨਾਂ ਦੀ ਖੁੱਲ੍ਹੀ ਮੰਡੀ 'ਚ ਫਸਲ ਵੇਚਣ, ਘੱਟੋ-ਘੱਟ ਕੀਮਤ ਆਦਿ ਸਬੰਧੀ ਹੈ, ਜਦਕਿ ਛੇਵਾਂ, ਸਤਵਾਂ, ਅੱਠਵਾਂ ਆਰਡੀਨੈਂਸ ਹੋਮਿਉਪੈਥੀ ਸੈਂਟਰਲ ਕੌਂਸਲ (ਸੋਧ) ਇੰਡੀਅਨ ਮੈਡੀਕਲ ਸੈਂਟਰਲ ਕੌਂਸਲ (ਸੋਧ) ਟੈਕਸੇਸ਼ਨ ਅਤੇ ਹੋਰ ਕਾਨੂੰਨਾਂ 'ਚ ਸੋਧ ਸਬੰਧੀ ਹੈ, ਜਦਕਿ ਬਾਕੀ ਬਿੱਲ ਬੈਂਕਿੰਗ ਰੈਗੂਲੇਸ਼ਨ ਸਬੰਧੀ ਹਨ। ਦੇਸ਼ ਦੀ ਵਿਰੋਧੀ ਧਿਰ ਕਿਸਾਨ ਵਿਰੋਧੀ ਆਰਡੀਨੈਂਸਾਂ ਅਤੇ ਬੈਂਕਿੰਗ ਬਿੱਲਾਂ ਨੂੰ ਕਾਨੂੰਨ ਬਣਨ ਦਾ ਵਿਰੋਧ ਕਰੇਗੀ। ਪਰ ਇਨ੍ਹਾਂ ਆਰਡੀਨੈਂਸਾਂ, ਬਿੱਲਾਂ, ਕਾਨੂੰਨਾਂ ਵਿਚ ਕੇਂਦਰ ਸਰਕਾਰ ਵੱਲੋਂ ਵੱਧ ਅਧਿਕਾਰ ਪ੍ਰਾਪਤ ਕਰਨ ਤੋਂ ਬਿਨਾਂ ਦੇਸ਼ ਦੀ ਮੰਦੀ ਹਾਲਤ, ਭੁੱਖ ਨਾਲ ਨਿਪਟਣ, ਬੱਚਿਆਂ ਦੇ ਵੱਧ ਰਹੇ ਕੁਪੋਸ਼ਨ, ਬੇਰੁਜ਼ਗਾਰੀ ਸਬੰਧੀ ਕਿਧਰੇ ਵੀ ਨਾ ਕੋਈ ਬਿੱਲ ਹੈ, ਨਾ ਕੋਈ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਪ੍ਰਤੀ ਬਹਿਸ ਕਰਨ ਲਈ ਸਮਾਂ ਜਾਂ ਚਿੰਤਾ। ਦੇਸ਼ ਇਸ ਸਮੇਂ ਯੁੱਧ ਅਤੇ ਭੈੜੇ ਵਾਤਾਵਰਨ ਵਰਗੇ ਵੱਡੇ ਮਸਲੇ ਹਨ। ਕਰੋਨਾ ਸਮੇਂ ਜਿਹੜੇ ਲੋਕ ਆਫ਼ਤ ਮਾਰੇ ਸ਼ਹਿਰ ਛੱਡ ਗਏ, ਜਿਨ੍ਹਾਂ ਦੀਆਂ ਨੌਕਰੀਆਂ ਖੁਸ ਗਈਆਂ, ਛੋਟੇ ਕਾਰੋਬਾਰੀਆਂ ਦੇ ਰੁਜ਼ਗਾਰ ਜਾਂਦੇ ਰਹੇ, ਮਜ਼ਦੂਰ ਪਿੰਡਾਂ 'ਚ ਦੁਬਕ ਕੇ ਰਹਿ ਗਏ, ਉਨ੍ਹਾਂ ਬਾਰੇ ਸੈਸ਼ਨ 'ਚ ਵਿਚਾਰ-ਚਰਚਾ ਨਾ ਕਰਨਾ, ਪ੍ਰਸ਼ਨ-ਕਾਲ ਨਾ ਰੱਖਣਾ ਅਤੇ ਬਿਆਨਬਾਜ਼ੀ ਕਰਕੇ ਪ੍ਰਧਾਨ ਮੰਤਰੀ ਵੱਲੋਂ ਇਹ ਕਹਿ ਦੇਣਾ ਕਿ ਪਿਛਲੇ ਛੇ ਸਾਲਾਂ 'ਚ ਗਰੀਬਾਂ ਲਈ ਜਿਹੜੇ ਕੰਮ ਕੀਤੇ ਗਏ ਹਨ, ਉਤਨੇ ਪਹਿਲੇ ਸਾਲਾਂ ਵਿਚ ਕਦੇ ਨਹੀਂ ਹੋਏ, ਆਪਣੇ ਮੂੰਹ ਮੀਆਂ ਮਿੱਠੂ ਬਣਨਾ ਹੈ, ਜਦਕਿ ਅਸਲੀਅਤ ਕੁਝ ਹੋਰ ਹੈ, ਅੰਕੜੇ ਕੁਝ ਹੋਰ ਬੋਲਦੇ ਹਨ।


ਦੇਸ਼ ਦੇ ਮੰਦੜੇ ਹਾਲ ਕਿਸੇ ਤੋਂ ਲੁਕੇ ਛੁਪੇ ਨਹੀਂ ਹਨ। ਵਿਰੋਧੀਆਂ ਨੂੰ ਹਾਕਮ ਧਿਰ ਨੁਕਰੇ ਲਾ ਰਹੀ ਹੈ। ਸਾਜ਼ਿਸ਼ਾਨਾ ਵਿਰੋਧੀ ਧਿਰ ਦੇ ਆਗੂਆਂ ਉੱਤੇ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ, ਦਿੱਲੀ ਦੰਗਾ ਭੜਕਾਉਣ 'ਚ ਦੇਸ਼ ਦੇ ਵੱਡੇ ਨੇਤਾਵਾਂ ਸੀਤਾ ਰਾਮ ਯੇਚੁਰੀ, ਯੋਗੇਂਦਰ ਯਾਦਵ, ਜਯਤੀ ਘੋਸ਼, ਅਪੂਰਵਾਨੰਦ, ਰਾਹੁਲ ਰੋਏ ਦਾ ਨਾਮ ਸ਼ਾਮਲ ਕਰ ਦਿੱਤਾ ਗਿਆ। ਦੇਸ਼ ਦੇ ਚੋਣਵੇਂ ਬੁੱਧੀਜੀਵੀਆਂ ਉਤੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹੀਂ ਡੱਕਿਆ ਗਿਆ ਹੈ। ਮਨਮਰਜ਼ੀ ਦੇ ਆਰਡੀਨੈਂਸ, ਬਿੱਲ, ਕਾਨੂੰਨ ਜਿਨ੍ਹਾਂ 'ਚ ਨੋਟਬੰਦੀ, ਜੀ.ਐੱਸ.ਟੀ., ਬਹੁ-ਚਰਚਿਤ ਨਾਗਰਿਕਤਾ ਬਿੱਲ, ਜੰਮੂ-ਕਸ਼ਮੀਰ 'ਚੋਂ ਧਾਰਾ ਖਤਮ ਕਰਨਾ, ਜੰਮੂ-ਕਸ਼ਮੀਰ ਵਿਚੋਂ ਪੰਜਾਬੀ ਭਾਸ਼ਾ ਨੂੰ ਨਵੀਂ ਭਾਸ਼ਾ ਨੀਤੀ ਤਹਿਤ ਬਾਹਰ ਕੱਢ ਦੇਣਾ ਆਦਿ ਜਾਰੀ ਕਰਕੇ ਘੱਟ ਗਿਣਤੀਆਂ, ਕਿਸਾਨਾਂ, ਮਜ਼ਦੂਰਾਂ ਦੇ ਵਿਰੋਧੀ ਮੌਜੂਦਾ ਸਰਕਾਰ ਪੈਂਤੜਾ ਅਖਤਿਆਰ ਕਰੀ ਬੈਠੀ ਹੈ। ਸਰਕਾਰ ਨੂੰ ਤਾਂ ਇਸ ਗੱਲ ਦਾ ਵੀ ਫ਼ਿਕਰ ਨਹੀਂ ਕਿ ਡੀਜ਼ਲ ਪੈਟਰੋਲ ਨਿੱਤ ਮਹਿੰਗਾ ਹੋ ਰਿਹਾ ਹੈ।

ਰੁਪਏ ਦੀ ਕੀਮਤ, ਡਾਲਰ ਦੇ ਮੁਕਾਬਲੇ ਘੱਟ ਰਹੀ ਹੈ ਅਤੇ ਹੁਣ 73.53 ਰੁਪਏ ਇਕ ਡਾਲਰ ਤੱਕ ਪੁੱਜ ਗਈ ਹੈ। ਮੂਡੀਜ਼ ਇਨਵੈਸਟਰਜ਼ ਸਰਵਿਸ ਨੇ ਚਾਲੂ ਵਿੱਤੀ ਵਰ੍ਹੇ 'ਚ ਭਾਰਤ ਦੇ ਕੁੱਲ ਘਰੇਲੂ ਉਤਪਾਦ ਦਰ (ਜੀ.ਡੀ.ਪੀ.) 'ਚ 11.5 ਫੀਸਦੀ ਕਮੀ ਆਉਣ ਦਾ ਅਨੁਮਾਨ ਜ਼ਾਹਿਰ ਕੀਤਾ ਹੈ। ਇਸ ਏਜੰਸੀ ਅਨੁਸਾਰ ਹਾਲਾਂਕਿ 2021-22 'ਚ ਭਾਰਤੀ ਅਰਥਚਾਰਾ 10.6 ਫੀਸਦੀ ਦੀ ਵਿਕਾਸ ਦਰ ਹਾਸਲ ਕਰੇਗਾ। ਪਰ ਚਾਲੂ ਵਿੱਤੀ ਵਰ੍ਹੇ ਦੌਰਾਨ ਭਾਰਤ ਦਾ ਕਰਜ਼ਾ ਕੁੱਲ ਜੀ.ਡੀ.ਪੀ. ਦਾ 90 ਫੀਸਦੀ ਹੋ ਜਾਏਗਾ, ਜੋ ਪਿਛਲੇ ਸਾਲ 77 ਫੀਸਦੀ ਸੀ ਅਤੇ ਜੀ.ਡੀ.ਪੀ. ਦਾ ਕੁੱਲ ਘਾਟਾ 7.5 ਫੀਸਦੀ ਹੋ ਜਾਏਗਾ। ਜੋ ਕਿ ਪਿਛਲੇ ਸਾਲ 4.6 ਫੀਸਦੀ ਸੀ। ਇਥੇ ਇਹ ਦੱਸਣਾ ਬਣਦਾ ਹੈ ਕਿ ਅਪ੍ਰੈਲ-ਜੂਨ 2020 ਦੀ ਤਿਮਾਹੀ ਦੌਰਾਨ ਦੇਸ਼ ਦੀ ਜੀ.ਡੀ.ਪੀ. 'ਚ 23.9 ਫੀਸਦੀ ਦਾ ਘਾਟਾ ਦਰਜ ਕੀਤਾ ਗਿਆ।

ਜਦ ਦੇਸ਼ ਦੇ ਹਾਲਾਤ ਕੰਗਾਲੀ ਵੱਲ ਜਾ ਰਹੇ ਹੋਣ ਤੇ ਦੇਸ਼ ਦੇ ਹਾਕਮ 14 ਲੱਖ ਪਰਿਵਾਰਾਂ ਨੂੰ ਰੁਜ਼ਗਾਰ ਦੇਣ ਵਾਲੀ ਰੇਲਵੇ ਦਾ ਨਿੱਜੀਕਰਨ ਕਰਨ ਦੇ ਮਨਸੂਬੇ ਬਣਾ ਰਹੇ ਹੋਣ ਤੇ ਏਅਰ ਇੰਡੀਆ ਸਮੇਤ ਦੇਸ਼ ਦੀਆਂ ਹੋਰ ਦੋ ਦਰਜਨ ਸੰਸਥਾਵਾਂ ਨੂੰ ਪ੍ਰਾਈਵੇਟ ਹੱਥਾਂ 'ਚ ਸੌਂਪਣ ਦੀਆਂ ਤਿਆਰੀਆਂ ਕਰ ਰਹੇ ਹੋਣ, ਤਾਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦੇਸ਼ ਕਿੱਧਰ ਨੂੰ ਜਾ ਰਿਹਾ ਹੈ? ਇਹੋ ਜਿਹੇ ਹਾਲਾਤ ਦੇਸ਼ ਨੂੰ ਤਬਾਹ ਕਰਨ ਵੱਲ ਕੋਝੇ-ਵੱਡੇ ਕਦਮ ਹਨ। ਜੇਕਰ ਲੋਕ ਵਿਰੋਧੀ ਬਿੱਲ ਪਾਰਲੀਮੈਂਟ ਵਿਚ ਪਾਸ ਹੋ ਜਾਂਦੇ ਹਨ, ਤਾਂ ਇਹ ਸੂਬਿਆਂ ਦੇ ਅਧਿਕਾਰ ਖੋਹਣ ਵੱਲ ਵੱਡਾ ਭੈੜਾ ਕਦਮ ਤਾਂ ਹੋਣਗੇ ਹੀ ਪਰੰਤੂ ਲੋਕ ਵਿਰੋਧੀ ਅਤੇ ਰਾਸ਼ਟਰ ਨੂੰ ਤਬਾਹ ਕਰਨ ਦੇ ਬਰਾਬਰ ਹੋਣਗੇ।

# ਭਾਰਤ 'ਚ ਆਰਥਿਕ ਪਾੜਾ ਤੇ ਭਾਸ਼ਾਈ ਟਕਰਾਅ ਸੰਕਟ ਵਿਚ ਵਟ ਰਿਹਾ ਹੈ : ਡਾ. ਜੋਗਾ ਸਿੰਘ

- **ਪੰਜਾਬੀ ਨੂੰ ਪਰਿਵਾਰ, ਸਰਕਾਰ ਤੇ ਰੁਜ਼ਗਾਰ ਦੀ ਭਾਸ਼ਾ ਬਣਾਏ ਬਿਨਾਂ ਨਹੀਂ ਸਰਨਾ : ਕਾਲਮਨਵੀਸ ਮੰਚ**
- **"ਪੰਜਾਬੀ ਅੱਖੋਂ ਪਰੋਖੇ ਕਿਉਂ ?" ਵਿਸ਼ੇ ਉਤੇ ਵੈਬੀਨਾਰ 'ਚ ਪੰਜਾਬੀ ਨੂੰ ਅਦਾਲਤੀ ਭਾਸ਼ਾ ਬਣਾਉਣ ਦੀ ਉਠੀ ਮੰਗ**



ਵੈਬੀਨਾਰ ਵਿਚ ਸ਼ਾਮਲ ਡਾ. ਜੋਗਾ ਸਿੰਘ, ਮਿੱਤਰ ਸੈਨ ਮੀਤ, ਮੋਤਾ ਸਿੰਘ ਸਰਾਏ, ਰਣਜੀਤ ਧੀਰ, ਡਾ. ਦੀਪਤੀ, ਰਵਿੰਦਰ ਸਹਿਰਾਅ, ਡਾ. ਐੱਸ.ਪੀ. ਸਿੰਘ, ਵਰਿੰਦਰ ਸ਼ਰਮਾ ਯੂ.ਕੇ., ਗੁਰਚਰਨ ਨੂਰਪੁਰ, ਪਵਨ ਹਰਚੰਦ ਪੁਰੀ, ਡਾ. ਦੇਵਿੰਦਰ ਸੈਫ਼ੀ, ਗੁਰਮੀਤ ਸਿੰਘ ਪਲਾਹੀ।

**ਫਗਵਾੜਾ, (ਨਰਪਾਲ ਸਿੰਘ ਸ਼ੇਰਗਿੱਲ/ਪੰਜਾਬ ਮੇਲ):-** "ਭਾਸ਼ਾ ਸੱਤਾ 'ਚ ਰਹਿਣ ਤੇ ਸੱਤਾ 'ਚੋਂ ਬਾਹਰ ਰੱਖਣ ਦਾ ਹਥਿਆਰ ਹੈ ਤੇ ਪੰਜਾਬੀ ਭਾਸ਼ਾ ਦਾ ਦੁਖਾਂਤ ਹੈ ਕਿ ਇਹ ਸੱਤਾ ਦੀ ਭਾਸ਼ਾ ਨਹੀਂ ਬਣੀ, ਉਦੋਂ ਵੀ ਨਹੀਂ, ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਉਦੋਂ ਵੀ ਸੱਤਾ ਦੀ ਭਾਸ਼ਾ ਫਾਰਸੀ ਸੀ, "ਇਹ ਗੱਲ ਭਾਸ਼ਾ ਵਿਗਿਆਨੀ ਡਾ. ਜੋਗਾ ਸਿੰਘ ਨੇ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਵਲੋਂ ਪੰਜਾਬੀ ਭਾਸ਼ਾ ਅੱਖੋਂ ਪਰੋਖੇ ਕਿਉਂ? ਵਿਸ਼ੇ 'ਤੇ ਗੁਰਮੀਤ ਸਿੰਘ ਪਲਾਹੀ ਦੀ ਅਗਵਾਈ 'ਚ ਕਰਵਾਏ ਕੌਮਾਂਤਰੀ ਵੈੱਬੀਨਾਰ ਨੂੰ ਸੰਬੋਧਤ ਹੁੰਦਿਆਂ ਕਹੀ। ਉਨ੍ਹਾਂ ਇਤਿਹਾਸ ਦੇ ਵੇਰਵਿਆਂ ਦੇ ਹਵਾਲੇ ਨਾਲ ਪੰਜਾਬੀ ਭਾਸ਼ਾ ਦੀ ਦਸ਼ਾ ਅਤੇ ਦਿਸ਼ਾ ਬਾਰੇ ਗੰਭੀਰ ਟਿੱਪਣੀਆਂ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਅੰਗਰੇਜ਼ੀ ਭਾਸ਼ਾ ਦੀ ਮਾਰ ਪੈ ਰਹੀ ਹੈ। ਸਕੂਲੀ ਸਿੱਖਿਆ 'ਚ ਮਾਧਿਅਮ ਵਜੋਂ ਪੰਜਾਬੀ ਦੀ ਥਾਂ ਅੰਗਰੇਜ਼ੀ ਲੈ ਰਹੀ ਹੈ। ਉੱਚ ਵਰਗ ਮਗਰੋਂ ਮੱਧਵਰਗੀ ਘਰਾਂ 'ਚ ਵੀ ਹੁਣ ਆਮ ਬੋਲਚਾਲ 'ਚ ਪੰਜਾਬੀ ਦੀ ਥਾਂ ਅੰਗਰੇਜ਼ੀ ਦੇ ਮਗਰੋਂ ਹਿੰਦੀ ਲੈ ਰਹੀ। ਇਸ ਦਾ ਵੱਡਾ ਕਾਰਨ ਹੈ ਪੰਜਾਬੀ ਭਾਸ਼ਾ ਨੂੰ ਰੁਜ਼ਗਾਰਮਈ ਰੁਤਬਾ ਹਾਸਲ ਨਹੀ। ਉਨ੍ਹਾਂ ਆਪਣੇ ਇਸ ਕਥਨ ਦੀ ਪੁਸ਼ਟੀ ਵਜੋਂ ਕਿਹਾ ਕਿ ਬਿਜਲੀ ਬੋਰਡ 'ਚ ਕਲਰਕ ਲੱਗਣ ਲਈ ਵੀ ਟੈਸਟ ਪੰਜਾਬੀ 'ਚ ਨਹੀਂ, ਅੰਗਰੇਜ਼ੀ 'ਚ ਹੀ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਿਗਿਆਨ ਤੇ ਪ੍ਰੋਫੈਸ਼ਨਲ ਪੜ੍ਹਾਈ ਲਈ ਟੈਕਸਟ ਬੁੱਕ ਤੇ ਹੋਰ ਸਹਾਇਕ ਸਮੱਗਰੀ ਲੋੜ ਮੁਤਾਬਕ ਅਜੇ ਉਪਲੱਬਧ ਨਹੀਂ।

ਉਨ੍ਹਾਂ ਵਿਸ਼ਵ ਭਰ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਕਲਾਸਿਕ ਪੁਰਾਤਨ ਭਾਸ਼ਾਵਾਂ ਟੁੱਟ ਰਹੀਆਂ ਹਨ ਤੇ ਉਨ੍ਹਾਂ ਦੀ ਥਾਂ ਅੰਗਰੇਜ਼ੀ, ਜਰਮਨ ਤੇ ਫਰੈਂਚ ਸਮੇਤ ਆਧੁਨਿਕ ਭਾਸ਼ਾਵਾਂ ਲੈ ਰਹੀਆਂ ਹਨ। ਸੰਸਕ੍ਰਿਤ ਮੂਲ ਤੇ ਪੁਰਾਤਨ ਭਾਸ਼ਾ ਦੀ ਸਥਾਪਤ ਧਾਰਨਾ ਦਾ ਖੰਡਨ ਕਰਦਿਆਂ ਉਨ੍ਹਾਂ ਕਿਹਾ ਕਿ ਆਰੀਆ ਦੀ ਭਾਸ਼ਾ ਵੈਦਿਕ ਭਾਸ਼ਾ ਸੀ, ਜਿਹੜੀ ਭਾਰਤ ਦੇ ਭਾਸ਼ਾਵਾਂ ਦੇ ਮਿਸ਼ਰਣ ਨਾਲ ਸੰਸਕ੍ਰਿਤ ਬਣੀ। ਉਨ੍ਹਾਂ ਇਤਿਹਾਸਕ ਵੇਰਵੇ ਦਿੰਦਿਆਂ ਦੱਸਿਆ ਕਿ ਭਾਰਤ ਉਪ ਮਹਾਂਦੀਪ ਵਿਚ ਅੰਗਰੇਜ਼ਾਂ ਦੇ ਆਉਣ ਮਗਰੋਂ ਭਾਸ਼ਾਵਾਂ ਦਾ ਫਿਰਕੂਕਰਣ ਹੋਇਆ। ਪੰਜਾਬੀ ਕੌਮੀਅਤ ਦੀ ਭਾਸ਼ਾਈ ਪਛਾਣ 'ਤੇ ਧਾਰਮਿਕ ਰੰਗ ਚਾੜ੍ਹਿਆ ਜਾਣ ਲੱਗਿਆ। ਅੰਗਰੇਜ਼ਾਂ ਨੇ ਆਜ਼ਾਦੀ ਦੇ ਕੌਮੀ ਅੰਦੋਲਨ 'ਚ ਪਾੜ ਪਾਉਣ ਲਈ ਭਾਸ਼ਾ ਨੂੰ ਹਥਿਆਰ ਵਜੋਂ ਵਰਤਿਆ ਤੇ ਲੋਕਾਂ 'ਚ ਭਾਸ਼ਾਈ ਪਾੜਾ ਵਧਾਉਣ ਦੇ ਨਾਲ-ਨਾਲ ਉਨ੍ਹਾਂ 'ਚ ਭਾਸ਼ਾਈ ਤੇ ਸੱਭਿਆਚਾਰਕ ਹੀਣਤਾ ਪੈਦਾ ਕੀਤੀ ਤੇ ਅੰਗਰੇਜ਼ੀ ਦੀ ਗੁਲਾਮੀ ਸਥਾਪਤ ਕੀਤੀ। ਪੂਰੇ ਭਾਰਤ ਨੂੰ ਅੰਗਰੇਜ਼ੀ ਖਾ ਰਹੀ ਹੈ। ਅੰਗਰੇਜ਼ੀ ਦੀ ਸੱਤਾ ਤੇ ਕਾਨੂੰਨ ਦੀ ਧੌਂਸਗਿਰੀ ਵਧ ਰਹੀ ਹੈ।

ਡਾ. ਜੋਗਾ ਸਿੰਘ ਨੇ ਆਪਣੀ ਗੱਲ ਜਾਰੀ ਰੱਖਦਿਆਂ ਚਿੰਤਾ ਜ਼ਾਹਿਰ ਕੀਤੀ ਕਿ ਭਾਰਤ ਮੁੜ ਗੁਲਾਮੀ ਵੱਲ ਵਧ ਰਿਹਾ ਹੈ। ਆਰਥਿਕ ਪਾੜਾ ਤੇ ਭਾਸ਼ਾਈ ਟਕਰਾਅ ਸਮਾਜਿਕ ਸੰਕਟ 'ਚ ਵਟ ਰਿਹਾ ਹੈ। ਇਸ ਨੇ ਭਾਸ਼ਾਈ, ਸੱਭਿਆਚਾਰਕ, ਆਰਥਿਕ ਤੇ ਸਿਆਸੀ ਸਾਮਰਾਜੀ ਗਲਬਾ ਨੂੰ ਵਧਾਉਣਾ ਹੈ। ਅੱਜ ਭੂਗੋਲਿਕ ਹੱਦਾਂ ਦੀ ਥਾਂ ਆਰਥਿਕ ਹੱਦਬੰਦੀ ਲੈ ਰਹੀ ਹੈ। ਸਿੱਖਿਆ ਪਰਉਪਕਾਰ ਨਹੀਂ, ਕਾਰੋਬਾਰ ਬਣ ਗਿਆ ਹੈ ਖੇਤਰੀ ਭਾਸ਼ਾਵਾਂ 'ਤੇ ਅੰਗਰੇਜ਼ੀ ਠੋਸ ਕੇ ਅੰਗਰੇਜ਼ੀ ਦੀ ਸੱਤਾ ਪੱਕੀ ਕੀਤੀ ਜਾ ਰਹੀ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਨੂੰਨਨ ਤੌਰ ਉੱਤੇ ਅੰਗਰੇਜ਼ੀ ਦਾ ਸਾਮਰਾਜ ਤੇ ਇਸ ਦੇ ਥੰਮ੍ਹ ਢਾਹੇ ਬਿਨਾਂ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਨੂੰ ਉਨ੍ਹਾਂ ਦਾ ਬਣਦਾ ਹੱਕੀ ਮੁਕਾਮ ਨਹੀਂ ਮਿਲ ਸਕਦਾ। ਇਸ ਲਈ ਪੰਜਾਬੀ ਨੂੰ ਪਰਿਵਾਰ, ਸਰਕਾਰ ਤੇ ਰੁਜ਼ਗਾਰ ਦੀ ਭਾਸ਼ਾ ਬਣਾਉਣਾ ਜ਼ਰੂਰੀ ਹੈ।

ਕਾਨੂੰਨਦਾਨ ਤੇ ਪੰਜਾਬੀ ਭਾਈਚਾਰਾ ਪਸਾਰ ਮੰਚ ਦੇ ਮਿੱਤਰ ਸੈਨ ਮੀਤ ਨੇ ਕਾਨੂੰਨੀ ਪੱਖ ਤੋਂ ਪੰਜਾਬੀ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਪੰਜਾਬੀ ਨੂੰ ਜ਼ਿਲ੍ਹਾ ਅਦਾਲਤ ਦੀ ਭਾਸ਼ਾ ਬਣਾਉਣ ਦੇ ਕਾਨੂੰਨ ਹੋਣ ਦੇ ਬਾਵਜੂਦ ਦੇ ਲਾਗੂ ਨਾ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਤੇ ਕਿਹਾ ਕਿ ਇਸ ਦਾ ਵੱਡਾ ਕਾਰਨ ਇਸ ਲਈ ਕਾਨੂੰਨ ਟੈਕਸਟ ਤੇ ਹੋਰ ਸਮੱਗਰੀ ਦਾ ਨਾ ਹੋਣਾ ਹੈ।

ਡਾ. ਐੱਸ.ਪੀ. ਸਿੰਘ ਮੁਤਾਬਕ ਪੰਜਾਬੀ ਨੂੰ ਅੰਗਰੇਜ਼ੀ ਸਾਮਰਾਜ ਦੀ ਬਜਾਏ ਹਿੰਦੀ ਸਾਮਰਾਜ ਤੋਂ ਖ਼ਤਰਾ ਹੈ। ਸਿਲੇਬਸ ਵਿਚ ਔਖੇ ਸ਼ਬਦ ਪਾਏ ਜਾਂਦੇ ਹਨ। ਰਵਿੰਦਰ ਸਹਿਰਾਅ ਮੁਤਾਬਕ ਚੜ੍ਹਦੇ ਪੰਜਾਬ ਵਿਚ ਹਿੰਦੀ ਤੋਂ ਅਤੇ ਲਹਿੰਦੇ ਪੰਜਾਬ ਵਿਚ ਉਰਦੂ ਤੋਂ ਪੰਜਾਬੀ ਨੂੰ ਖ਼ਤਰਾ ਹੈ। ਰਣਜੀਤ ਧੀਰ ਮੁਤਾਬਕ ਪੰਜਾਬੀ ਭਾਸ਼ਾ ਨੇ ਅਕਸਰ ਹੀ ਸੰਤਾਪ ਹੰਢਾਇਆ ਹੈ। ਭਾਰਤ ਵਿਚ ਫਿਰਕਾਪ੍ਰਸਤੀ ਕੇਵਲ ਅੰਗਰੇਜ਼ਾਂ ਨੇ ਹੀ ਨਹੀਂ ਫੈਲਾਈ। ਇਹ ਇਸ ਸਮਾਜ ਵਿਚ ਪਹਿਲਾਂ ਵੀ ਮੌਜੂਦ ਸੀ। ਭਾਰਤ ਵਿਚ ਬੋਲੀਆਂ ਦਾ ਮਸਲਾ ਗ਼ੈਰ-ਤਾਰਕਿਕ ਬਣਦਾ ਜਾ ਰਿਹਾ ਹੈ। ਦਵਿੰਦਰ ਸੈਫ਼ੀ ਮੁਤਾਬਕ, ਅਸੀਂ ਪੰਜਾਬੀ ਦੀ ਸ਼ਕਤੀ ਨੂੰ ਪਛਾਣ ਨਹੀਂ ਸਕੇ। ਕੇ.ਐੱਸ. ਜਵੰਦਾ ਮੁਤਾਬਕ ਉਹੀ ਬੋਲੀ ਬਚ ਸਕੇਗੀ, ਜਿਸ ਨੂੰ ਬੋਲਣ ਵਾਲੇ ਲੋਕਾਂ ਦੀ ਆਰਥਿਕਤਾ ਚੰਗੀ ਹੋਏਗੀ ਅਤੇ ਜਿਹੜੇ ਨਵੇਂ ਜ਼ਮਾਨੇ ਦੇ ਹਾਣੀ ਬਣ ਸਕਣਗੇ। ਡਾ. ਆਸਾ ਸਿੰਘ ਘੁੰਮਣ ਮੁਤਾਬਕ ਅੰਗਰੇਜ਼ੀ ਮੀਡੀਅਮ ਠੀਕ ਨਹੀਂ ਹੈ ਪਰ ਅੰਗਰੇਜ਼ੀ ਨੂੰ ਬਿਲਕੁਲ ਵੀ ਨਕਾਰ ਦੇਣਾ ਲਾਹੇਵੰਦ ਨਹੀਂ ਹੋਏਗਾ। ਅੰਗਰੇਜ਼ੀ ਕਾਰਨ ਹੀ ਲੋਕਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ। ਪ੍ਰੋ. ਹਰਜਿੰਦਰ ਸਿੰਘ ਵਾਲੀਆ ਮੁਤਾਬਕ ਪੰਜਾਬੀ ਨੂੰ ਪਰਿਵਾਰ, ਸਰਕਾਰ ਤੇ ਰੁਜ਼ਗਾਰ ਦੀ ਭਾਸ਼ਾ ਬਣਾਏ ਬਿਨਾਂ ਨਹੀਂ ਸਰਨਾ। ਗੁਰਚਰਨ ਸਿੰਘ ਨੂਰਪੁਰ ਨੇ ਡਾ. ਹਰਜਿੰਦਰ ਵਾਲੀਆ ਦੇ ਕਥਨ ਦੀ ਪ੍ਰੋੜਤਾ ਕੀਤੀ। ਗੁਰਮੀਤ ਸਿੰਘ ਪਲਾਹੀ ਨੇ ਜੰਮੂ-ਕਸ਼ਮੀਰ ਵਿਚ ਲਾਗੂ ਕੀਤੀ ਜਾ ਰਹੀ ਨਵੀਂ ਭਾਸ਼ਾ ਨੀਤੀ ਵਿਚ ਪੰਜਾਬੀ ਨੂੰ ਅੱਖੋਂ ਪਰੋਖੇ ਕਰਨ ਦੀ ਨਿੰਦਾ ਕਰਦਿਆਂ ਇਸਨੂੰ ਘੱਟ ਗਿਣਤੀਆਂ ਉਤੇ ਵੱਡਾ ਹਮਲਾ ਕਰਾਰ ਦਿੱਤਾ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਧੰਨਵਾਦੀ ਸ਼ਬਦ ਕਹਿੰਦਿਆਂ, ਪੰਜਾਬੀ ਹਿਤੈਸ਼ੀ ਲੋਕਾਂ ਨੂੰ ਇੱਕ ਪਲੇਟਫਾਰਮ 'ਤੇ ਖੜ੍ਹੋ ਕੇ ਪੰਜਾਬੀ ਨੂੰ ਬਣਦਾ ਥਾਂ ਦੁਆਉਣ ਲਈ ਇੱਕਮੁੱਠ ਹੋਣ ਦੀ ਅਪੀਲ ਕੀਤੀ। ਇਸ ਵੈਬੀਨਾਰ ਵਿਚ ਹੋਰਨਾਂ ਤੋਂ ਬਿਨਾਂ ਡਾ. ਜੋਗਾ ਸਿੰਘ, ਮਿੱਤਰ ਸੈਨ ਮੀਤ, ਡਾ. ਐੱਸ.ਪੀ. ਸਿੰਘ, ਮੋਤਾ ਸਿੰਘ ਸਰਾਏ, ਪਵਨ ਹਰਚੰਦਪੁਰੀ, ਪ੍ਰੋ: ਰਣਜੀਤ ਧੀਰ, ਡਾ: ਦੇਵਿੰਦਰ ਸੈਫ਼ੀ, ਡਾ: ਹਰਜਿੰਦਰ ਵਾਲੀਆ, ਗੁਰਚਰਨ ਨੂਰਪੁਰ, ਵਰਿੰਦਰ ਸ਼ਰਮਾ, ਜੀ.ਐੱਸ. ਗੁਰਦਿੱਤ, ਰਵਿੰਦਰ ਸਹਿਰਾਅ, ਕੇ. ਜਵੰਦਾ, ਬਲਦੇਵ ਕੰਦੋਲਾ, ਡਾ. ਗਿਆਨ ਸਿੰਘ, ਡਾ. ਸ਼ਿਆਮ ਸੁੰਦਰ ਦੀਪਤੀ, ਨਜ਼ੀਰ ਜੋਈਆ, ਡਾ. ਗੁਰਵਿੰਦਰ ਅਮਨ, ਕੇਹਰ ਸ਼ਰੀਫ, ਡਾ. ਚਨਰਜੀਤ ਸਿੰਘ ਗੁੰਮਟਾਲਾ, ਡਾ. ਮੁਹੰਮਦ ਸ਼ਰੀਕ, ਸੁਰਿੰਦਰ ਮਚਾਕੀ, ਰਵਿੰਦਰ ਚੋਟ, ਐਡਵੋਕੇਟ ਐੱਸ.ਐੱਲ. ਵਿਰਦੀ, ਅਡਵੋਕੇਟ ਦਰਸ਼ਨ ਸਿੰਘ ਰਿਆੜ, ਜੀ.ਐੱਸ. ਗੁਰਦਿੱਤ, ਜਗਦੀਪ ਸਿੰਘ ਕਾਹਲੋਂ, ਬਿਕਰਮਜੀਤ ਸਿੰਘ, ਰਵਿੰਦਰ ਚੋਟ, ਬੰਸੋ ਦੇਵੀ, ਬਿਅੰਤ ਕੌਰ ਗਿੱਲ, ਮਨਦੀਪ ਸਿੰਘ, ਮਲਕੀਅਤ ਸਿੰਘ ਸ਼ਾਮਲ ਹੋਏ। ਪਰਵਿੰਦਰਜੀਤ ਸਿੰਘ ਵੈਬੀਨਾਰ ਦੇ ਹੋਸਟ ਸਨ।

# ਬਦਲ ਰਹੀ ਹੈ ਟੀ.ਵੀ. ਨਿਊਜ਼ ਦੀ ਦੁਨੀਆਂ

ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)





ਕੀ ਨਿਊਜ਼ ਚੈਨਲਾਂ ਦੀ ਦੁਨੀਆਂ ਬਦਲ ਰਹੀ ਹੈ ਜਾਂ ਟੀ.ਵੀ. ਨਿਊਜ਼ ਹੀ ਬਦਲ ਗਈ ਹੈ? ਜਾਂ ਕੀ ਭਾਰਤੀ ਚੈਨਲਾਂ ਅਸਲੀ ਨਿਊਜ਼ ਤੋਂ ਕੰਨੀਂ ਕਤਰਾਉਣ ਲੱਗੇ ਹਨ? ਜਾਂ ਨਿਊਜ਼ ਦੀ ਪਰਿਭਾਸ਼ਾ ਤਬਦੀਲ ਹੋ ਗਈ ਹੈ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਅੱਜ ਡਾਹਢੀ ਲੋੜ ਹੈ।

ਸੁਸ਼ਾਂਤ ਕੇਸ ਨੂੰ ਭਾਰਤੀ ਨਿਊਜ਼ ਚੈਨਲ ਜਿਵੇਂ ਪੇਸ਼ ਕਰ ਰਹੇ ਹਨ, ਉਸਤੋਂ ਇਕ ਗੱਲ ਬਿਲਕੁਲ ਸਪਸ਼ਟ ਹੋ ਗਈ ਹੈ ਕਿ ਆਨੇ ਬਹਾਨੇ ਇਹ ਮੁਲਕ ਦੇ, ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਟਾਲਾ ਵੱਟ ਰਹੇ ਹਨ। ਕੋਰੋਨਾ ਨੇ ਪੂਰੇ ਭਾਰਤ ਨੂੰ ਬੁਰੀ ਤਰ੍ਹਾਂ ਆਪਣੀ ਲਪੇਟ ਵਿਚ ਲੈ ਲਿਆ ਹੈ। ਦੁਨੀਆਂ ਵਿਚ ਸਭ ਤੋਂ ਵੱਧ ਨਵੇਂ ਕੇਸ ਭਾਰਤ ਵਿਚ ਆ ਰਹੇ ਹਨ। ਇਸਨੇ ਹਰੇਕ ਖੇਤਰ, ਹਰੇਕ ਵਿਅਕਤੀ ਨੂੰ ਭੈਭੀਤ ਤੇ ਪ੍ਰਭਾਵ ਕੀਤਾ ਹੈ। ਮੁਲਕ ਦੀ ਅਰਥ ਵਿਵਸਥਾ ਡਗਮਗਾ ਗਈ ਹੈ। ਰੁਜ਼ਗਾਰ ਦੇ ਮੌਕੇ ਲਗਾਤਾਰ ਰਹਿ ਗਏ ਹਨ। ਪਰੰਤੂ ਭਾਰਤੀ ਨਿਊਜ਼ ਚੈਨਲ ਸਾਰਾ ਦਿਨ ਰੀਆ ਦੀ ਕਹਾਣੀ ਲੈ ਕੇ ਬੈਠੇ ਰਹਿੰਦੇ ਹਨ।

ਕੀ ਖ਼ਬਰਾਂ ਵਿਖਾਉਣ ਦਾ ਤਰੀਕਾ ਬਦਲ ਗਿਆ ਹੈ ਜਾਂ ਖ਼ਬਰਾਂ ਨੇ ਮਨੋਰੰਜਨ ਦੀ ਜਗ੍ਹਾ ਲੈ ਲਈ ਹੈ? ਇਸ ਬਦਲਾਅ ਨਾਲ ਟੀ.ਵੀ. ਪੱਤਰਕਾਰੀ ਨੂੰ ਫਾਇਦਾ ਹੋਇਆ ਜਾਂ ਨੁਕਸਾਨ? ਅਤੇ ਇਸ ਬਦਲਾਅ ਲਈ ਜ਼ਿੰਮੇਵਾਰ ਕੌਣ ਹੈ? ਬਹਿਸ ਦੇ ਨਾਂ 'ਤੇ ਚੀਕਿਆ ਚਲਾਇਆ ਜਾ ਰਿਹਾ ਹੈ। ਕਿਧਰੇ ਰਿਪੋਰਟਰ ਕਾਰਾਂ ਪਿੱਛੇ ਦੌੜ ਰਹੇ ਹਨ ਅਤੇ ਕਿਧਰੇ ਰਿਪੋਰਟਰਾਂ ਨੂੰ ਕੁੱਟਿਆ ਜਾ ਰਿਹਾ ਹੈ। ਟੀ.ਆਰ.ਪੀ. ਅਤੇ ਵਾਇਰਲ ਹੋ ਜਾਣ ਦੀ ਚਾਹਤ ਸਾਨੂੰ ਕਿਸ ਹੱਦ ਤੱਕ ਗਿਰਾਏਗੀ? 'ਦਰਸ਼ਕ ਪਸੰਦ ਕਰ ਰਹੇ ਹਨ' ਦਾ ਤਰਕ ਦੇ ਕੇ ਹੋਰ ਕੀ-ਕੀ ਕੀਤਾ ਜਾਵੇਗਾ?

2010 ਤੋਂ ਪਹਿਲਾਂ ਕਰੀਬ ਇਕ ਦਹਾਕੇ ਤੱਕ ਨਿਊਜ਼ ਚੈਨਲਾਂ 'ਤੇ ਸੀ-ਫਾਰਮੂਲੇ (ਕ੍ਰਿਕਟ, ਕਰਾਈਮ, ਸੈਲੇਬ੍ਰਿਟੀ) ਦਾ ਜ਼ੋਰ ਰਿਹਾ। ਟੀ.ਆਰ.ਪੀ. ਵਧਾਉਣ ਲਈ ਇਸਦੀ ਖ਼ੂਬ ਵਰਤੋਂ ਕੀਤੀ ਗਈ। 2010 ਤੋਂ ਬਾਅਦ ਇਕ ਵੱਡਾ ਬਦਲਾਅ ਵੇਖਣ ਵਿਚ ਆਇਆ। ਧਾਰਮਿਕ ਮੁੱਦਿਆਂ ਨੂੰ ਜਾਣਬੁੱਝ ਕੇ ਉਛਾਲਿਆ ਜਾਣ ਲੱਗਾ। ਧਰਮ ਨਿਰਪੱਖਤਾ 'ਤੇ ਨਿਸ਼ਾਨਾ ਸਾਧਿਆ ਜਾਣ ਲੱਗਾ। ਫੌਜ ਦੀ ਤਾਕਤ ਦਾ ਮੁਜ਼ਾਹਰਾ ਕੀਤਾ ਜਾਣ ਲੱਗਾ। ਇਹ ਅੱਜ ਵੀ ਜਿਉਂ ਦਾ ਤਿਉਂ ਜਾਰੀ ਹੈ ਅਤੇ ਇਹ ਸੋਚੀ ਸਮਝੀ ਨੀਤੀ ਤਹਿਤ ਕੀਤਾ ਜਾ ਰਿਹਾ ਹੈ।

ਜੇ ਨਿਊਜ਼ ਚੈਨਲ ਮਨੋਰੰਜਨ ਚੈਨਲਾਂ ਨਾਲ ਮੁਕਾਬਲਾ ਕਰ ਰਹੇ ਹਨ, ਤਾਂ ਉਹ ਭੁਲੇਖੇ ਵਿਚ ਹਨ। ਉਹ ਉਨ੍ਹਾਂ ਨਾਲ ਮੁਕਾਬਲਾ ਨਹੀਂ ਕਰ ਸਕਦੇ। ਜੇ ਉਹ ਅਸਲ ਨਿਊਜ਼ ਨਹੀਂ ਦੇ ਰਹੇ ਤਾਂ ਨਿਊਜ਼ ਚੈਨਲ ਦਾ ਮਕਸਦ ਕੀ ਹੈ? ਮਨੋਰੰਜਨ ਲਈ ਜੇ ਦਰਸ਼ਕਾਂ ਨੂੰ ਸੰਗੀਤ ਚੈਨਲ ਮਿਲ ਰਹੇ ਹਨ, ਸੀਰੀਅਲ ਮਿਲ ਰਹੇ ਹਨ, ਵੱਡੇ ਕਾਮੇਡੀ ਸ਼ੋਅ, ਟੈਲੇਂਟ ਹੰਟ ਸ਼ੋਅ ਮਿਲ ਰਹੇ ਹਨ ਤਾਂ ਉਹ ਨਿਊਜ਼ ਚੈਨਲਾਂ 'ਤੇ ਕਿਉਂ ਜਾਣਗੇ? ਨੈਟਫਲਿਕਸ ਹੈ, ਯੂ ਟਿਊਬ ਹੈ, ਮਨੋਰੰਜਨ ਲਈ ਨਿਊਜ਼ ਚੈਨਲ ਕੌਣ ਵੇਖੇਗਾ? ਨਿਊਜ਼ ਚੈਨਲ ਤਾਂ ਨਿਊਜ਼ ਲਈ ਹੀ ਵੇਖੇ ਜਾਣਗੇ।

ਨਿਊਜ਼ ਇਕ ਪਬਲਿਕ ਸਰਵਿਸ ਹੈ। ਪਰੰਤੂ ਇਕ ਵਾਰ ਨਿਊਜ਼ ਚੈਨਲ ਦਾ ਇਕ ਐਂਕਰ ਕਹਿ ਰਿਹਾ ਸੀ, "ਮੇਰਾ ਮੁਕਾਬਲਾ ਕਿਸੇ ਹੋਰ ਨਿਊਜ਼ ਚੈਨਲ ਜਾਂ ਨਿਊਜ਼ ਚੈਨਲ ਦੇ ਐਂਕਰ ਨਾਲ ਨਹੀਂ ਹੈ। ਮੇਰਾ ਮੁਕਾਬਲਾ ਕਪਿਲ ਸ਼ਰਮਾ ਨਾਲ ਹੈ।" ਉਸਦੀ ਦੌੜ, ਉਸਦੀ ਸੋਚ, ਉਸਦੀ ਮਾਨਸਿਕਤਾ, ਉਸਦੀ ਸਮਝ, ਪੱਤਰਕਾਰੀ ਪ੍ਰਤੀ ਉਸਦੀ ਪਹੁੰਚ ਦਾ ਅਨੁਮਾਨ ਇਸ ਇਕ ਵਾਕ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਪੱਤਰਕਾਰੀ ਦਾ ਇਤਿਹਾਸ ਗਵਾਹ ਹੈ ਕਿ ਉਹੀ ਅਖ਼ਬਾਰ, ਉਹੀ ਨਿਊਜ਼ ਚੈਨਲ ਲੰਮੀ ਦੌੜ ਦੌੜਦੇ ਹਨ, ਜਿਨ੍ਹਾਂ ਦੀ ਵਿਸ਼ਾ-ਸਮੱਗਰੀ, ਜਿਨ੍ਹਾਂ ਦੀ ਗੁਣਵਤਾ ਬਹੁਤ ਹੀ ਉੱਤਮ ਹੋਵੇ। ਟੈਲੀਵਿਜ਼ਨ ਨਿਊਜ਼ ਆਮ ਆਦਮੀ ਨੂੰ ਬੇਹੱਦ ਪ੍ਰਭਾਵਤ ਕਰਦੀ ਹੈ। ਲੋਕ ਰਾਏ ਬਨਾਉਣ ਵਿਚ ਇਸਦੀ ਵੱਡੀ ਭੂਮਿਕਾ ਰਹਿੰਦੀ ਹੈ ਅਤੇ ਲੋਕਤੰਤਰ ਵਿਚ ਲੋਕ ਰਾਏ ਦਾ ਬਹੁਤ ਮਹੱਤਵ ਹੁੰਦਾ ਹੈ। ਇਸ ਲਈ ਨਿਊਜ਼ ਚੈਨਲਾਂ ਦੀ ਵਿਸ਼ਾ-ਸਮੱਗਰੀ ਗੰਭੀਰ ਵਿਚਾਰ-ਚਰਚਾ ਅਤੇ ਖੋਜ ਦਾ ਵਿਸ਼ਾ ਹੈ।

ਭਰੋਸੇਯੋਗਤਾ ਨਾਲੋਂ ਪ੍ਰਸਿੱਧੀ ਤੇ ਟੀ.ਆਰ.ਪੀ. ਨੂੰ ਤਰਜੀਹ ਦਿੱਤੀ ਜਾਣ ਲੱਗੀ ਹੈ। ਸਾਦਗੀ ਤੇ ਸਹਿਜਤਾ ਦਾ ਸਥਾਨ ਤੜਕ-ਭੜਕ ਨੇ ਲੈ ਲਿਆ ਹੈ। ਨਿਊਜ਼ ਚੈਨਲਾਂ ਨੂੰ ਬਾਜ਼ਾਰ ਚਲਾਉਣ ਲੱਗਾ ਹੈ। ਬਾਜ਼ਾਰ ਇਸ਼ਤਿਹਾਰਬਾਜ਼ੀ ਨਾਲ ਜੁੜਿਆ ਹੈ। ਇਸ਼ਤਿਹਾਰਬਾਜ਼ੀ ਟੀ.ਆਰ.ਪੀ. 'ਤੇ ਨਿਰਭਰ ਹੈ। ਇਕ ਸਰਵੇ 'ਚ 95 ਫ਼ੀਸਦੀ ਦਰਸ਼ਕਾਂ ਨੇ ਮੰਨਿਆ ਕਿ ਨਿਊਜ਼ ਚੈਨਲ ਖ਼ਬਰਾਂ ਨੂੰ ਸਨਸਨੀਖੇਜ਼ ਢੰਗ ਨਾਲ ਪੇਸ਼ ਕਰਦੇ ਹਨ। 85 ਫ਼ੀਸਦੀ ਨੇ ਕਿਹਾ ਕਿ ਹਿੰਦੀ ਚੈਨਲ ਤੱਥਾਂ ਨੂੰ ਤੋੜ-ਮਰੋੜ ਕੇ ਦੱਸਦੇ ਹਨ। ਅਸਲੀ ਖ਼ਬਰ ਕਿਧਰੇ ਨਹੀਂ ਲੱਭਦੀ। ਅਸਲੀ ਖ਼ਬਰ ਅਤੇ ਉਸਦੇ ਵਿਸਥਾਰ ਲਈ ਅਗਲੇ ਦਿਨ ਸਵੇਰ ਤੱਕ ਅਖ਼ਬਾਰਾਂ ਦੀ ਉਡੀਕ ਕਰਨੀ ਪੈਂਦੀ ਹੈ ਜਾਂ ਭਰੋਸੇਯੋਗ ਚੈਨਲਾਂ 'ਤੇ ਜਾਣਾ ਪੈਂਦਾ ਹੈ।

ਬਹੁਤੇ ਨਿਊਜ਼ ਚੈਨਲਾਂ ਦੀ ਭਰੋਸੇਯੋਗਤਾ ਸਿਫ਼ਰ ਹੋ ਗਈ ਹੈ। ਜੇ ਤੁਸੀਂ ਤਰ੍ਹਾਂ-ਤਰ੍ਹਾਂ ਦੇ ਡਰਾਮੇ ਵੇਖਣੇ ਚਾਹੁੰਦੇ ਹੋ, ਤਾਂ ਇਨ੍ਹਾਂ ਚੈਨਲਾਂ 'ਤੇ ਜਾ ਸਕਦੇ ਹੋ। ਉਹਦੇ ਲਈ 'ਬਿੱਗ ਬੌਸ' ਵੇਖਣ ਦੀ ਲੋੜ ਨਹੀਂ ਹੈ। ਭਾਰਤੀ ਨਿਊਜ਼ ਚੈਨਲਾਂ ਦੀ ਕਾਰਗੁਜ਼ਾਰੀ ਪਰਖਣ ਲਈ 'ਭਰੋਸੇਯੋਗਤਾ' ਬੜਾ ਛੋਟਾ ਸ਼ਬਦ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਨਿਘਾਰ ਦੀਆਂ ਸਾਰੀਆਂ ਨਿਵਾਣਾ ਪਾਰ ਕਰ ਗਏ ਹਨ। ਤੁਸੀਂ ਸੋਚ ਸਮਝ ਨਹੀਂ ਸਕਦੇ ਕਿ ਤੁਹਾਡੇ ਹੀ ਮੁਲਕ ਦੇ ਕਿਸੇ ਸ਼ਹਿਰ ਵਿਚ ਵਾਪਰੀ ਕਿਸੇ ਘਟਨਾ ਦੀ ਰਿਪੋਰਟਿੰਗ ਵਿਚ ਕਿੰਨੀ ਸ਼ੁੱਧਤਾ ਹੈ ਅਤੇ ਕਿੰਨੀ ਖੋਟ ਹੈ। ਭਾਰਤੀ ਨਿਊਜ਼ ਚੈਨਲ ਖ਼ਬਰਾਂ ਦੀ ਗੁਣਵਤਾ ਦੀ ਆਲੋਚਨਾ ਅਤੇ ਭਰੋਸੇਯੋਗਤਾ ਦੇ ਜਿਸ ਗੰਭੀਰ ਸੰਕਟ ਵਿਚੋਂ ਇਨ੍ਹੀਂ ਦਿਨੀਂ ਲੰਘ ਰਹੇ ਹਨ, ਅਜਿਹੀ ਨਾਜ਼ੁਕ ਸਥਿਤੀ ਪਹਿਲਾਂ ਘੱਟ ਹੀ ਬਣੀ ਹੈ। ਦਰਸ਼ਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਹਰ ਵੇਲੇ ਉਲਾਰ, ਪੱਖਪਾਤੀ, ਗੈਰ ਮਿਆਰੀ ਖ਼ਬਰਾਂ ਵੇਖਣ, ਸੁਣਨ ਨੂੰ ਮਿਲਦੀਆਂ ਹਨ। ਦੋ ਵਿਅਕਤੀਆਂ ਦੇ ਵਿਚਾਰ ਪੇਸ਼ ਕਰਕੇ ਕੋਈ ਰਾਏ ਉਭਾਰਨ ਦੀ ਬਜਾਏ ਹੁਣ ਸਿੱਧਾ ਹੀ ਲਿਖਿਆ ਜਾਣ ਲੱਗਾ ਹੈ 'ਸੁਸ਼ਾਂਤ ਦੇ ਪੱਖ ਵਿਚ', 'ਸੁਸ਼ਾਂਤ ਦੇ ਵਿਰੋਧ ਵਿਚ'। 'ਰੀਆ ਦੇ ਪੱਖ ਵਿਚ', 'ਰੀਆ ਦੇ ਵਿਰੋਧ ਵਿਚ'। 'ਕੰਗਣਾ ਦੇ ਪੱਖ ਵਿਚ', 'ਕੰਗਣਾ ਦੇ ਵਿਰੋਧ ਵਿਚ'। ਉਸ ਤੋਂ ਬਾਅਦ ਅਜਿਹਾ ਡਰਾਮਾ ਕਰਦੇ ਹਨ, ਚੀਕਦੇ ਚਿਲਾਉਂਦੇ ਹਨ ਕਿ ਅਸਲ ਖ਼ਬਰ ਕਿਧਰੇ ਗੁੰਮ ਗਵਾਚ ਜਾਂਦੀ ਹੈ। ਦਰਸ਼ਕ ਇਕ ਹੱਥ ਨਾਲ ਸਿਰ ਫੜ੍ਹ ਕੇ ਬਹਿ ਜਾਂਦਾ ਹੈ ਅਤੇ ਦੂਸਰੇ ਨਾਲ ਰਿਮੋਟ ਦਬਾ ਕੇ ਚੈਨਲ ਬਦਲ ਲੈਂਦਾ ਹੈ।

# ਮਰਹੂਮ ਲੋਕ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਜੀ ਦਾ ਪੋਤਰਾ...

## ਅਨੇਕਾਂ ਸੰਗੀਤਕ ਕਲਾਵਾਂ ਦਾ ਜਾਦੂਗਰ ਐ ਵਿਜੈ ਯਮਲਾ

ਗੁਰਬਾਜ ਗਿੱਲ
ਬਠਿੰਡਾ
98723-62507
(Punjab Mail USA)





ਪੰਜਾਬੀ ਸੰਗੀਤ ਨੂੰ ਵਿਸ਼ਵ ਪੱਧਰ ਤੇ ਪ੍ਰਸਿੱਧੀ ਦਿਵਾਉਣ ਵਾਲੇ ਮਰਹੂਮ ਲੋਕ ਗਾਇਕ ਜਨਾਬ ਉਸਤਾਦ ਲਾਲ ਚੰਦ ਯਮਲਾ ਜੱਟ ਜੀ ਦਾ ਪੋਤਰਾ ਵਿਜੈ ਯਮਲਾ ਆਪਣੇ ਦਾਦੇ ਦੇ ਨਾਮ ਨੂੰ ਚਾਰ ਚੰਨ ਲਾਉਂਦੇ ਹੋਏ ਸੰਗੀਤਕ ਖੇਤਰ ਵਿਚ ਬਹੁਤ ਤੇਜ਼ੀ ਨਾਲ ਅੱਗੇ ਵੱਧਦੇ ਹੋਏ ਅਨੇਕਾਂ ਸੰਗੀਤਕ ਕਲਾਵਾਂ ਦਾ ਜਾਦੂਗਰ ਹੈ, ਜਿਵੇਂ ਕਿ ਸਫਲ ਸੰਗੀਤਕਾਰ, ਸਾਜ਼ਿੰਦਾ ਅਤੇ ਗਾਇਕ ਹੈ। ਵਿਰਸੇ ਵਿਚ ਮਿਲੀ ਸੌਗਾਤ ਦੇ ਜ਼ਰੀਏ ਅੱਜ ਸੰਗੀਤ ਦੇ ਖੇਤਰ ਵਿਚ ਸਿਖਰਲੇ ਸਥਾਨ 'ਤੇ ਕਾਇਮ ਹੈ। ਜ਼ਿਕਰਯੋਗ ਹੈ ਕਿ ਕਾਲਜ ਦੀ ਪੜ੍ਹਾਈ ਦੌਰਾਨ ਵਿਜੈ ਯਮਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲੋਕ ਮੇਲੇ ਸੰਨ 2009 ਵਿਚ ਖਾਨਦਾਨੀ ਲੋਕ ਸਾਜ ਤੂੰਬੀ ਵਜਾ ਕੇ ਜਿੱਤ ਪ੍ਰਾਪਤ ਕੀਤੀ। ਪੜ੍ਹਾਈ ਦੌਰਾਨ ਵਿਜੈ ਯਮਲਾ ਨੈਸ਼ਨਲ ਪੱਧਰ 'ਤੇ ਕਈ ਵਾਰ ਜੇਤੂ ਰਿਹਾ ਹੈ। ਸਾਊਥ ਕੋਰੀਆ ਵਿਚ ਭਾਰਤ ਵੱਲੋਂ ਭੇਜੀ ਗਈ ਟੀਮ ਦਾ ਹਿੱਸਾ ਬਣਕੇ ਦੂਜਾ ਸਥਾਨ ਹਾਸਲ ਕੀਤਾ। ਲੋਕ ਗਾਇਕ ਵਿਜੈ ਯਮਲਾ ਵੱਲੋਂ ਤਿਆਰ ਕਰਵਾਈ ਲੋਕ ਸ਼ਾਜਾਂ ਦੀ ਟੀਮ ਨੇ ਅਨੇਕਾਂ ਵਾਰ ਨੈਸ਼ਨਲ ਯੂਥ ਫੈਸਟੀਵਲ ਮੁਕਾਬਲਿਆਂ ਵਿਚ ਜਿੱਤ ਪ੍ਰਾਪਤ ਕੀਤੀ। ਸੰਗੀਤ ਨੂੰ ਸਮਰਪਿਤ ਇਸ ਹੋਣਹਾਰ ਗਾਇਕ ਨੂੰ ਪੰਜਾਬ, ਹਿੰਦੁਸਤਾਨ ਅਤੇ ਬੌਲੀਵੁੱਡ ਹੀ ਨਹੀਂ, ਬਲਕਿ ਵਿਦੇਸ਼ਾਂ ਦੇ ਲੋਕ ਵੀ ਬਹੁਤ ਪਿਆਰ ਸਤਿਕਾਰ ਕਰਦੇ ਹਨ। ਲੋਕ ਸੰਗੀਤ ਨੂੰ ਪਿਆਰ ਕਰਨ ਵਾਲਾ ਵਿਜੈ ਯਮਲਾ ਹੁਣ ਤੱਕ ਅਨੇਕਾਂ ਵਾਰ ਵਿਦੇਸ਼ੀ ਧਰਤੀ 'ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਆਪਣੇ ਯਮਲਾ ਜੱਟ ਪਰਿਵਾਰ ਦਾ ਨਾਂ ਰੌਸ਼ਨ ਕਰਦਾ ਆ ਰਿਹਾ ਹੈ। ਲੋਕ ਸੰਗੀਤ ਦੀ ਬਦੌਲਤ ਅਮਰੀਕਾ, ਕੈਨੇਡਾ, ਇੰਗਲੈਂਡ, ਮਸਕਟ, ਉਮਾਨ, ਕੋਰੀਆ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਵਿਚ ਜਾ ਕੇ ਆਪਣੀ ਕਲਾ ਪੇਸ਼ ਕਰ ਚੁੱਕਾ ਹੈ। ਪੰਜਾਬ ਦੇ ਕਈ ਕਾਲਜ, ਯੂਨੀਵਰਸਿਟੀ ਅਤੇ ਦੇਸ਼ ਵਿਦੇਸ਼ ਵਿਚ ਅਨੇਕਾਂ ਅਕੈਡਮੀਆਂ ਦੇ ਵਿਦਿਆਰਥੀਆਂ ਨੂੰ ਲੋਕ ਸੰਗੀਤ ਅਤੇ ਸਾਜਾਂ ਦੀ ਸਿਖਲਾਈ ਦੇ ਚੁੱਕੇ ਵਿਜੈ ਯਮਲਾ ਤੋਂ ਅਨੇਕਾਂ ਕਲਾਕਾਰਾਂ ਨੇ ਸੰਗੀਤ ਦੀ ਤਾਲੀਮ ਵੀ ਹਾਸਿਲ ਕੀਤੀ ਅਤੇ ਅੱਗੇ ਵੀ ਕਰ ਰਹੇ ਹਨ। ਵਿਜੈ ਯਮਲਾ ਦੀ ਇਹ ਬਹੁਤ ਵੱਡੀ ਪ੍ਰਾਪਤੀ ਹੈ ਕਿ ਉਸ ਦੇ ਲੋਕ ਸਾਜ ਰਵਾਇਤੀ ਸੰਗੀਤ ਨੂੰ ਅਨੇਕਾਂ ਮਹਾਨ ਸੰਗੀਤਕਾਰਾਂ ਨੇ ਵੱਡੇ ਪੈਮਾਨੇ 'ਤੇ ਰਿਕਾਰਡ ਕੀਤਾ ਅਤੇ ਉਨ੍ਹਾਂ ਦੀਆਂ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਇਹ ਸੰਗੀਤ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰ ਰਿਹਾ ਹੈ। ਵਿਜੈ ਯਮਲਾ ਦੇ ਸੰਗੀਤਕ ਹੁਨਰ ਦਾ ਬੋਲਬਾਲਾ ਹਰ ਪਾਸੇ ਸੁਣਨ ਵਿਚ ਆਉਂਦਾ ਹੈ। ਆਪਣੀ ਕਾਬਲੀਅਤ ਦੇ ਸਹਾਰੇ ਵਿਜੈ ਯਮਲਾ ਦੇਸ਼-ਵਿਦੇਸ਼ ਦੇ ਮਸ਼ਹੂਰ ਸੰਗੀਤਕਾਰਾਂ ਨਾਲ ਪੰਜਾਬ, ਬੌਲੀਵੁੱਡ ਅਤੇ ਵਿਦੇਸ਼ਾਂ ਦੇ ਕਈ ਸੰਗੀਤਕਾਰਾਂ ਨਾਲ ਵਿਜੈ ਯਮਲਾ ਲੋਕ ਸਾਜ਼ਾਂ ਦਾ ਕੰਮ ਕਰਦਾ ਹੈ। ਹੁਣ ਤੱਕ ਅਨੇਕਾਂ ਸੁਪਰਹਿੱਟ ਗੀਤਾਂ ਵਿਚ ਵਿਜੈ ਯਮਲਾ ਤੂੰਬੀ ਵਜਾ ਚੁੱਕਾ ਹੈ, ਜੋ ਕਿ ਬੇਹੱਦ ਮਕਬੂਲ ਹੋਏ।

ਪੰਜਾਬੀ ਗੀਤਾਂ ਦੇ ਨਾਲ-ਨਾਲ ਕਈ ਗੀਤ ਬੌਲੀਵੁੱਡ ਲਈ ਵੀ ਗਾ ਚੁੱਕਾ ਹੈ, ਜੋ ਕਿ ਯੂ-ਟਿਊਬ 'ਤੇ ਦੇਖੇ ਜਾ ਸਕਦੇ ਹਨ। ਸੰਗੀਤਕਾਰ ਅਮਿਤ ਤ੍ਰਿਵੇਦੀ, ਗਾਇਕ ਜੈਜ਼ਿਮ ਸ਼ਰਮਾ, ਗਾਇਕਾ ਕਨਿਕਾ ਕਪੂਰ ਵਰਗੇ ਬੌਲੀਵੁੱਡ ਦੀਆਂ ਮਹਾਨ ਹਸਤੀਆਂ ਨਾਲ ਵਿਜੈ ਯਮਲਾ ਨੇ ਬਹੁਤ ਕੰਮ ਕੀਤਾ। ਇਨ੍ਹਾਂ ਤੋਂ ਇਲਾਵਾ ਪੰਜਾਬ ਦੀ ਸ਼ਾਨ ਗੁਰਦਾਸ ਮਾਨ ਅਤੇ ਦਿਲਜੀਤ ਦੋਸਾਂਝ ਦੇ ਕੋਕ ਸਟੂਡੀਓ ਵਾਲੇ ਗੀਤ 'ਕੀ ਬਣੂ ਦੁਨੀਆ ਦਾ' ਵਿਚ ਵਿਜੈ ਯਮਲਾ ਉਨ੍ਹਾਂ ਦੇ ਨਾਲ ਖੜ੍ਹਾ ਲੋਕ ਸਾਜ਼ ਤੂੰਬਾ, ਅਲਗੋਜ਼ੇ ਤੇ ਬੁੱਗਦੂ ਵਜਾ ਰਿਹਾ ਹੈ। ਕਰਤਾਰਪੁਰ ਮਿਊਜ਼ੀਅਮ ਵਿਚ ਬਣੀ ਫਿਲਮ 'ਜੰਗ ਏ ਆਜ਼ਾਦੀ' ਵਿਚ ਵੀ ਵਿਜੈ ਯਮਲਾ ਨੇ ਕਲਾਕਾਰ ਵਜੋਂ ਵਧੀਆ ਭੂਮਿਕਾ ਨਿਭਾਈ ਹੈ। ਇਸ ਕੰਮ ਲਈ ਵਿਜੈ ਯਮਲਾ ਨੂੰ ਮਹਾਨ ਡਾਇਰੈਕਟਰ ਸ਼ਾਮ ਬੈਨੇਗਲ ਜੀ ਨੇ ਚੁਣਿਆ ਸੀ। ਵਿਜੈ ਯਮਲਾ ਕਈ ਹੋਰ ਪੰਜਾਬੀ ਫਿਲਮਾਂ ਵਿਚ ਵੀ ਕੰਮ ਕਰ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਵਿਚ ਬਤੌਰ ਪ੍ਰੋਗਰਾਮ ਸਹਾਇਕ ਸੇਵਾ ਨਿਭਾ ਰਹੇ ਵਿਜੈ ਯਮਲਾ ਤੋਂ ਅਨੇਕਾਂ ਵਿਦਿਆਰਥੀ ਲੋਕ ਸੰਗੀਤ ਅਤੇ ਲੋਕ ਸਾਜ਼ਾਂ ਦੀਆਂ ਬਰੀਕੀਆਂ ਨੂੰ ਸਿੱਖਿਆ ਅਤੇ ਰਾਸ਼ਟਰੀ ਪੱਧਰ 'ਤੇ ਜੇਤੂ ਰਹੇ। ਆਉਣ ਵਾਲੇ ਸਮੇਂ ਵਿਚ ਵਿਜੈ ਯਮਲਾ ਆਪਣੇ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ ਸੰਗੀਤ ਦੇ ਖੇਤਰ ਵਿਚ ਬਹੁਤ ਵੱਡੇ ਪੱਧਰ 'ਤੇ ਗੀਤ ਰਿਕਾਰਡ ਕਰਵਾ ਰਿਹਾ ਹੈ। ਵਿਜੈ ਯਮਲਾ ਨੇ ਆਖਿਆ ਕਿ 'ਯਮਲਾ ਜੱਟ ਪਰਿਵਾਰ ਸੰਗੀਤ ਖੇਤਰ ਨੂੰ ਵਪਾਰ ਸਮਝ ਕੇ ਨਹੀਂ ਚੱਲਦਾ, ਸਾਡੇ ਯਮਲਾ ਜੱਟ ਪਰਿਵਾਰ ਦੀ ਇੱਕੋ-ਇੱਕ ਸੋਚ ਹੈ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨਾ ਅਤੇ ਇਹ ਸੇਵਾ ਦਾ ਸਿਲਸਿਲਾ ਮਰਦੇ ਦਮ ਤੱਕ ਜਾਰੀ ਰਹੇਗਾ'।

# ਪੰਜਾਬ ਅੰਦਰ ਦਿਨੋਂ-ਦਿਨ ਵਧਦਾ ਜਾ ਰਿਹੈ ਮੈਡੀਕਲ ਨਸ਼ਿਆਂ ਦਾ ਕਾਰੋਬਾਰ

-ਬ੍ਰਿਸ਼ ਭਾਨ ਬੁਜਰਕ
ਕੋਹਨਗੜ੍ਹ ਰੋਡ, ਪਾਤੜਾਂ
ਪਟਿਆਲਾ
ਫੋਨ ਨੰਬਰ : 98761-01698
(Punjab Mail USA





5 ਸਤੰਬਰ 2020 ਨੂੰ ਬਰਨਾਲਾ ਪੁਲਿਸ ਵੱਲੋਂ ਨਸ਼ੀਲੀਆਂ ਦਵਾਈਆਂ ਦਾ ਕਾਰੋਬਾਰ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ 2 ਕਰੋੜ 88 ਲੱਖ ਵੱਖ-ਵੱਖ ਤਰ੍ਹਾਂ ਦੀਆਂ ਨਸ਼ੀਲੀਆਂ ਦਵਾਈਆਂ ਬਰਾਮਦ ਕੀਤੀਆਂ ਹਨ। ਜਿਨ੍ਹਾਂ ਦੀ ਕੀਮਤ ਤਕਰੀਬਨ 15 ਕਰੋੜ ਰੁਪਏ ਦੱਸੀ ਗਈ ਹੈ। ਇਸ ਤੋਂ ਪਹਿਲਾਂ ਵੀ ਬਰਨਾਲਾ ਵਿਖੇ ਵੱਡੀ ਮਾਤਰਾ 'ਚ ਮੈਡੀਕਲ ਨਸ਼ਾ ਬਰਾਮਦ ਕੀਤਾ ਗਿਆ ਸੀ। ਇਸ ਸੱਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮੈਡੀਕਲ ਨਸ਼ਾ ਪੰਜਾਬ ਦੇ ਕੁਝ ਡਰੱਗ ਇੰਸਪੈਕਟਰਾਂ ਅਤੇ ਉੱਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਚੱਲਦਾ ਹੈ। ਅਜਿਹੀਆਂ ਦਵਾਈਆਂ ਦਾ ਕਹਿਰ ਨੌਜਵਾਨ ਪੀੜ੍ਹੀ ਅਤੇ ਆਮ ਲੋਕਾਂ 'ਤੇ ਵਰਸਦਾ ਹੈ। ਨਸ਼ੀਲੀਆਂ ਦਵਾਈਆਂ ਦਾ ਵਪਾਰ ਕਰਨ ਵਾਲੇ ਇਨ੍ਹਾਂ ਵਪਾਰੀਆਂ ਨੇ ਨਸ਼ੀਲੇ ਪਦਾਰਥਾਂ ਨੂੰ ਕਰਿਆਨੇ ਅਤੇ ਮਨਿਆਰੀ ਦੀਆਂ ਦੁਕਾਨਾਂ ਤੱਕ ਪੁੱਜਦਿਆਂ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ ਸੀ। ਪਰ ਹੁਣ ਪੰਜਾਬ ਸਰਕਾਰ ਵੱਲੋਂ ਨਸ਼ੀਲੇ ਮੈਡੀਕਲ ਪਦਾਰਥਾਂ ਨੂੰ ਫੜਨ ਲਈ ਪੁਲਿਸ ਦੇ ਉੱਚ ਅਫਸਰਾਂ ਨੂੰ ਦਿੱਤੀ ਗਈ ਖੁੱਲ੍ਹ ਤੋਂ ਬਾਅਦ ਮੈਡੀਕਲ ਨਸ਼ੇ ਦੀ ਵਰਤੋਂ ਅਤੇ ਵਿਕਰੀ ਵਿਚ ਕੁੱਝ ਫਰਕ ਪਿਆ ਹੈ। ਇਸ ਸਖਤਾਈ ਕਾਰਨ ਐੱਨ.ਆਰ.ਐਕਸ. ਕਿਸਮ ਦੀਆਂ ਦਵਾਈਆਂ 'ਤੇ ਵੀ ਮਾੜਾ ਪ੍ਰਭਾਵ ਪਿਆ ਹੈ। ਜਿਹੜੀਆਂ ਦੌਰੇ/ਦੰਦਲਾਂ/ਗਰਭ/ਅਟੈਕ ਆਦਿ ਵਰਗੀਆਂ ਮੁਸੀਬਤਾਂ ਸਮੇਂ ਵਰਤੋਂ 'ਚ ਆਉਂਦੀਆਂ ਸਨ। ਅਜਿਹੀ ਕਿਸਮ ਦੀਆਂ ਦਵਾਈਆਂ ਅਤੇ ਟੀਕੇ ਪੰਜਾਬ ਦੇ ਵੱਡੇ ਵਪਾਰੀਆਂ ਨੇ ਖਰੀਦ ਕਰਨੇ ਬੰਦ ਕਰ ਦਿੱਤੇ ਹਨ, ਜਿਸ ਨਾਲ ਸਾਰਾ ਹੀ ਮੈਡੀਕਲ ਢਾਂਚਾ ਵਿਗੜ ਗਿਆ ਹੈ। ਅਸਲ ਵਿਚ ਤਾਂ ਮਨੁੱਖ ਨੂੰ ਮੈਡੀਕਲ ਦਵਾਈਆਂ ਦੀ ਜ਼ਰੂਰਤ ਹੀ ਨਹੀਂ ਹੈ ਕਿਉਂਕਿ ਕਰੋਨਾ ਕਰਕੇ ਲੱਗੇ ਲੌਕਡਾਊਨ ਕਾਰਨ ਸਮੁੱਚੇ ਦੇਸ਼ ਅੰਦਰ ਦਵਾਈਆਂ ਦੀ ਵਿਕਰੀ 15/20 ਫੀਸਦੀ ਘੱਟ ਗਈ ਸੀ। ਪੰਜਾਬ ਦੇ ਡਰੱਗ ਇੰਸਪੈਕਟਰਾਂ ਵੱਲੋਂ ਦਫਤਰਾਂ ਵਿਚ ਹੀ ਬੈਠੇ ਰਹਿਣ ਕਰਕੇ, ਦਵਾਈਆਂ ਫੜਨ ਦੀ ਕਾਰਵਾਈ ਪੁਲਿਸ ਵੱਲੋਂ ਕੀਤੀ ਜਾਂਦੀ ਹੈ। ਪਰ ਪੁਲਿਸ ਵਿਭਾਗ ਨੂੰ ਮੈਡੀਕਲ ਦੀਆਂ ਦਵਾਈਆਂ ਬਾਰੇ ਜ਼ਿਆਦਾ ਜਾਣਕਾਰੀ ਨਾ ਹੋਣ ਕਰਕੇ ਐੱਨ.ਆਰ.ਐਕਸ. ਦਵਾਈਆਂ ਨੂੰ ਵੀ ਨਸ਼ੀਲੀਆਂ ਦੱਸ ਕੇ ਵਪਾਰੀ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ, ਜਿਸ ਕਰਕੇ ਅਜਿਹੀ ਮੁਸੀਬਤ ਪੈਦਾ ਹੋ ਰਹੀ ਹੈ। ਸੂਚਨਾ ਅਧਿਕਾਰ ਐਕਟ 'ਚ ਖੁਲਾਸਾ ਹੋਇਆ ਹੈ ਕਿ ਪੰਜਾਬ ਅੰਦਰ 213 ਫੈਕਟਰੀਆਂ/ਉਦਯੋਗ ਮੈਡੀਕਲ ਦਵਾਈਆਂ ਬਣਾਉਣ ਦਾ ਕੰਮ ਕਰ ਰਹੀਆਂ ਹਨ ਅਤੇ ਮੈਡੀਕਲ ਸਟੋਰਾਂ ਦੀ ਗਿਣਤੀ 33875 ਤੋਂ ਜ਼ਿਆਦਾ ਦੱਸੀ ਜਾਂਦੀ ਹੈ। ਜਿਨ੍ਹਾਂ ਵਿਚੋਂ 18546 ਪਰਚੂਨ ਦੇ ਸਟੋਰ ਅਤੇ 15329 ਹੋਲਸੇਲ ਵਿਚ ਦਵਾਈਆਂ ਵੇਚ ਰਹੇ ਹਨ ਅਤੇ ਹਰ ਸਾਲ ਵਿਭਾਗ ਕੋਲ ਇੱਕ ਹਜ਼ਾਰ ਤੋਂ ਵੀ ਵੱਧ ਨਵੇਂ ਮੈਡੀਕਲ ਲਾਈਸੈਂਸ ਲੈਣ ਲਈ ਅਰਜੀਆਂ ਆ ਰਹੀਆਂ ਸਨ। ਰਾਜ ਵਿਚ ਚੱਲ ਰਹੇ ਕੁੱਲ ਮੈਡੀਕਲ ਸਟੋਰਾਂ ਵਿਚੋਂ 28738 ਕੋਲ ਲਾਈਸੈਂਸ ਸਨ। ਜਿਨ੍ਹਾਂ ਵਿਚੋਂ 25 ਹਜ਼ਾਰ ਮੈਡੀਕਲ ਸਟੋਰ ਹੀ ਕੰਮ ਕਰ ਰਹੇ ਸਨ। 3738 ਲਾਈਸੈਂਸ ਬੰਦ ਪਏ ਸਨ। 6 ਹਜ਼ਾਰ ਮੈਡੀਕਲ ਸਟੋਰ ਥੋਕ ਦੇ ਵਪਾਰੀਆਂ ਨੇ ਖੋਲ੍ਹੇ ਹੋਏ ਸਨ। ਸ਼ਹਿਰਾਂ ਅਤੇ ਪਿੰਡਾਂ ਵਿਚ ਬਿਨ੍ਹਾਂ ਡਿਗਰੀ ਅਤੇ ਲਾਈਸੈਂਸ ਤੋਂ ਸੈਂਕੜੇ ਮੈਡੀਕਲ ਸਟੋਰ ਕੰਮ ਕਰ ਰਹੇ ਹਨ, ਜਿਨ੍ਹਾਂ ਦਾ ਸਿਹਤ ਵਿਭਾਗ ਕੋਲ ਕੋਈ ਰਿਕਾਰਡ ਨਹੀਂ ਹੈ। ਸ਼ਹਿਰਾਂ ਵਿਚ ਵੀ ਜ਼ਿਆਦਾਤਰ ਮੈਡੀਕਲ ਸਟੋਰਾਂ ਦੇ ਮਾਲਕਾਂ ਕੋਲ ਪਰਚੂਨ ਵਿਚ ਦਵਾਈਆਂ ਵੇਚਣ ਦੇ ਲਾਈਸੈਂਸ ਹੀ ਨਹੀਂ ਹਨ। ਸਗੋਂ ਹੋਲਸੇਲ ਦੇ ਲਾਈਸੈਂਸ ਲੈ ਕੇ ਪਰਚੂਨ ਵਿਚ ਨਸ਼ੀਲੀਆਂ ਅਤੇ ਹੋਰ ਮਾਰੂ ਪ੍ਰਭਾਵ ਵਾਲੀਆਂ ਦਵਾਈਆਂ ਵੇਚ ਰਹੇ ਹਨ। ਸਿਹਤ ਵਿਭਾਗ ਵੱਲੋਂ ਕੋਈ ਉਸਾਰੂ ਡਰੱਗ ਨੀਤੀ ਨਾ ਬਣਾਏ ਜਾਣ ਕਾਰਨ ਅਜਿਹੇ ਸਟੋਰ ਲੋਕ ਮਾਰੂ ਸਾਬਿਤ ਹੋ ਰਹੇ ਹਨ। ਕਿਉਂਕਿ ਵਿਭਾਗ ਵੱਲੋਂ ਦਸਵੀਂ ਪਾਸ ਵਿਅਕਤੀ ਨੂੰ ਹੋਲਸੇਲ ਵਿਚ ਦਵਾਈਆਂ ਵੇਚਣ ਦਾ ਲਾਈਸੈਂਸ ਜਾਰੀ ਕਰ ਦਿੱਤਾ ਜਾਂਦਾ ਸੀ। ਪਰ ਪਰਚੂਨ ਵਿਚ ਦਵਾਈਆਂ ਵੇਚਣ ਦਾ ਲਾਈਸੈਂਸ ਲੈਣ ਲਈ ਫਰਮਾਸਿਸਟ ਦੀ ਡਿਗਰੀ ਹੋਣੀ ਜ਼ਰੂਰੀ ਹੈ। ਜਿਸ ਕਰਕੇ ਹੋਲਸੇਲ ਵਿਚ ਦਵਾਈਆਂ ਵੇਚਣ ਦਾ ਲਾਈਸੈਂਸ ਲੈ ਕੇ ਬਹੁਤ ਗਿਣਤੀ ਮੈਡੀਕਲ ਸਟੋਰ ਫਰਮਾਸਿਸਟ ਦੀ ਡਿਗਰੀ ਵਾਲਾ ਕੰਮ ਕਰ ਰਹੇ ਹਨ। ਪਰ ਡਰੱਗ ਇੰਸਪੈਕਟਰਾਂ ਵੱਲੋਂ ਆਪਣੇ ਬੰਨ੍ਹੇ ਗਏ ਮਹੀਨਿਆਂ ਕਾਰਨ ਕੋਈ ਕਾਰਵਾਈ ਹੀ ਨਹੀਂ ਹੁੰਦੀ, ਜਿਸ ਕਰਕੇ ਪੰਜਾਬ ਵਿਚ ਹਰ ਰੋਜ਼ ਕਰੋੜਾਂ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਦਾ ਕਾਰੋਬਾਰ ਕੀਤਾ ਜਾ ਰਿਹਾ ਹੈ। ਇੱਕ ਮਸ਼ਹੂਰ ਕੰਪਨੀ ਦਾ ਇੱਕ ਕਰੋੜ ਰੁਪਏ ਤੋਂ ਵੱਧ ਦਾ ਕਫ ਸਿਰਪ ਬਿਨ੍ਹਾਂ ਬਿਲ ਤੋਂ ਹੀ ਵਿਕ ਚੁੱਕਿਆ ਸੀ। ਇਸ ਦਵਾਈ ਨੂੰ ਜ਼ਿਆਦਾਤਰ ਨੌਜਵਾਨ ਨਸ਼ੇ ਦੇ ਰੂਪ ਵਿਚ ਵਰਤ ਰਹੇ ਸਨ। ਇਸੇ ਤਰ੍ਹਾਂ ਹੀ ਮਾਨਸਿਕ ਸੰਤੁਲਨ ਬਣਾ ਕੇ ਰੱਖਣ ਵਾਲੀਆਂ ਗੋਲੀਆਂ ਦੀ ਵਿਕਰੀ ਦਸ ਕਰੋੜ ਰੁਪਏ ਤੋਂ ਜ਼ਿਆਦਾ ਬਿਨ੍ਹਾਂ ਬਿਲ ਤੋਂ ਵੇਚੀ ਗਈ। ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੇ 65 ਫੀਸਦੀ ਹੋਲਸੇਲਰਾਂ ਕੋਲ ਅਜਿਹੀਆਂ ਦਵਾਈਆਂ ਵੇਚਣ ਦਾ ਕੋਈ ਲਾਈਸੈਂਸ ਹੀ ਨਹੀਂ ਸੀ। ਫਿਰ ਵੀ ਹਰ ਸਾਲ ਅਰਬਾਂ ਰੁਪਏ ਦਾ ਮੈਡੀਕਲ ਨਸ਼ਾ ਵੇਚ ਕੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਦਿੱਲੀ, ਆਗਰਾ, ਲਖਨਊ ਵਰਗੇ ਸ਼ਹਿਰਾਂ ਵਿਚੋਂ ਹਰ ਰੋਜ਼ ਨਸ਼ੀਲੀਆਂ ਦਵਾਈਆਂ ਨਾਲ ਟਰੱਕਾਂ ਦੇ ਟਰੱਕ ਭਰ ਕੇ ਪੰਜਾਬ ਵਿਚ ਸੁੱਟੇ ਜਾ ਰਹੇ ਹਨ। ਪੰਜਾਬ ਵਿਚ ਮੈਡੀਕਲ ਸਟੋਰਾਂ ਨੂੰ ਚਲਾਉਣ ਅਤੇ ਚਲਾਉਣ ਵਾਲੇ ਲੋਕਾਂ ਦਾ ਕੋਈ ਵਧੀਆ ਢਾਂਚਾ ਨਾ ਹੋਣ ਕਰਕੇ ਨਸ਼ੀਲੀਆਂ ਦਵਾਈਆਂ ਦਾ ਕਾਰੋਬਾਰ ਅਰਬਾਂ-ਖਰਬਾਂ ਰੁਪਏ ਵਿਚ ਹੋ ਰਿਹਾ ਹੈ। ਬਹੁਤ ਘੱਟ ਮੈਡੀਕਲ ਸਟੋਰਾਂ ਦੇ ਮਾਲਕ ਦਵਾਈਆਂ ਵੇਚਣ ਦੀ ਯੋਗਤਾ ਰੱਖਦੇ ਹਨ। ਬਾਕੀ ਸਾਰੇ ਮੈਡੀਕਲ ਸਟੋਰ ਡਰੱਗ ਇੰਸਪੈਕਟਰਾਂ ਦੇ ਸਹਾਰੇ ਚੱਲਦੇ ਹਨ। ਅਜਿਹੇ ਮੈਡੀਕਲ ਸਟੋਰਾਂ ਦੇ ਮਾਲਕਾਂ ਵੱਲੋਂ ਗਾਹਕ ਨੂੰ ਕਦੇ ਵੀ ਕੈਸ਼ ਮੀਮੋ ਨਹੀਂ ਕੱਟ ਕੇ ਦਿੱਤਾ ਜਾਂਦਾ। ਜ਼ਿਆਦਾਤਰ ਮੈਡੀਕਲ ਸਟੋਰਾਂ ਵਾਲਿਆਂ ਨੂੰ ਕੈਸ਼ ਮੀਮੋ ਬਾਰੇ ਜਾਣਕਾਰੀ ਹੀ ਨਹੀਂ ਹੁੰਦੀ। ਪਰ ਡਰੱਗ ਨੀਤੀ ਨੂੰ ਪੂਰਾ ਕਰਨ ਲਈ ਡਰੱਗ ਇੰਸਪੈਕਟਰ ਮੈਡੀਕਲ ਸਟੋਰਾਂ ਕੋਲੋਂ ਖਾਨਾਪੂਰਤੀ ਕਰਵਾ ਲੈਂਦੇ ਹਨ। ਇਸ ਤਰ੍ਹਾਂ ਹੋਣ ਨਾਲ ਜਿੱਥੇ ਲੋਕਾਂ ਦੀ ਖੂਬ ਆਰਥਿਕ ਲੁੱਟ ਹੁੰਦੀ ਹੈ। ਉਥੇ ਹੀ ਘਟੀਆ ਕਿਸਮ ਦੀ ਦਵਾਈ ਮਿਲਣ ਕਰਕੇ ਸਮੇਂ ਤੋਂ ਪਹਿਲਾਂ ਹੀ ਲੋਕਾਂ ਨੂੰ ਰੰਗਲੀ ਦੁਨੀਆਂ ਛੱਡ ਕੇ ਤੁਰਨਾ ਪੈਂਦਾ ਹੈ। ਘਟੀਆ ਮਿਆਰ ਦੀਆਂ ਆ ਰਹੀਆਂ ਦਵਾਈਆਂ ਕਾਰਨ ਸਥਿਤੀ ਅਜਿਹੀ ਬਣੀ ਹੋਈ ਹੈ ਕਿ ਪੰਜ ਰੁਪਏ ਕੀਮਤ ਵਾਲੀ ਚੀਜ਼ ਦੇ ਪੰਜ ਸੌ ਰੁਪਏ ਵਸੂਲ ਕੀਤੇ ਜਾ ਰਹੇ ਹਨ। ਦੋ ਰੁਪਏ ਦੀ ਕੀਮਤ ਵਾਲਾ ਟੀਕਾ ਦੋ ਸੌ ਰੁਪਏ ਦਾ, ਇੱਕ ਰੁਪਏ ਵਾਲਾ ਗੋਲੀਆਂ ਦਾ ਪੱਤਾ ਤਿੰਨ ਸੌ ਰੁਪਏ ਦਾ ਮਤਲਬ ਕਿ ਇਲਾਜ ਕਰਨ ਦੇ ਨਾਮ 'ਤੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਮੈਡੀਕਲ ਸਟੋਰਾਂ ਵਿਚ ਵਿਕ ਰਿਹਾ ਨਸ਼ਾ ਅਤੇ ਮਨੁੱਖੀ ਇਲਾਜ ਵਾਲੀਆਂ ਦਵਾਈਆਂ ਲੋਕਾਂ ਲਈ ਜ਼ਹਿਰ ਦਾ ਕੰਮ ਕਰ ਰਹੀਆਂ ਹਨ। ਕਾਬੂ ਤੋਂ ਬਾਹਰ ਹੋਏ ਮੈਡੀਕਲ ਢਾਂਚੇ ਨੂੰ ਲੋਕਾਂ ਦੀ ਛਿੱਲ ਉਤਾਰਨ ਵਾਲਾ ਢਾਂਚਾ ਹੀ ਕਿਹਾ ਜਾ ਸਕਦਾ ਹੈ। ਕਿਸੇ ਮਨੁੱਖੀ ਇਲਾਜ ਦੀ ਵਰਤੋਂ ਵਿਚ ਆਉਣ ਵਾਲੀ ਦਵਾਈ ਦੀ ਕੀਮਤ 'ਤੇ ਕੋਈ ਕਾਬੂ ਨਹੀਂ ਹੈ। ਸਭ ਕੁਝ ਮਨਮਰਜ਼ੀ ਨਾਲ ਚੱਲ ਰਿਹਾ ਹੈ, ਜਿਸ ਕਰਕੇ ਪੰਜਾਬ ਦੇ ਲੋਕਾਂ ਦਾ ਦਰਦ ਸਮਝਣ ਵਾਲੇ ਕੁਝ ਵਿਅਕਤੀਆਂ ਨੇ ਕਈ ਸ਼ਹਿਰਾਂ ਅੰਦਰ ਮੋਦੀਖਾਨੇ ਖੋਲ੍ਹ ਕੇ ਸਸਤੀਆਂ ਦਵਾਈਆਂ ਦੇਣ ਦਾ ਉਪਰਾਲਾ ਵੀ ਕੀਤਾ ਹੈ। ਜੇਕਰ ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਕੀਤੇ ਗਏ ਦਾਅਵਿਆਂ ਵੱਲ ਨਜ਼ਰ ਮਾਰੀ ਜਾਵੇ, ਤਾਂ ਉਨ੍ਹਾਂ ਦੇ ਮੁਤਾਬਿਕ ਨਕਲੀ ਅਤੇ ਮਿਲਾਵਟੀ ਦਵਾਈਆਂ ਦਾ ਕਾਰੋਬਾਰ ਸਲਾਨਾ ਸੱਤ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਹੈ, ਜਿਸ ਦੀ ਮਾਰ ਹੇਠ ਦੇਸ਼ ਦੇ 9 ਰਾਜ ਹਨ। ਕੁੱਲ ਦਵਾਈਆਂ ਦੇ ਕਾਰੋਬਾਰ ਵਿਚੋਂ ਨਕਲੀ ਦਵਾਈਆਂ ਦਾ ਕਾਰੋਬਾਰ 35 ਫੀਸਦੀ ਤੋਂ ਜ਼ਿਆਦਾ ਹੈ। ਦੇਸ਼ ਅੰਦਰ ਦਵਾਈਆਂ ਦਾ 22 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਕਾਰੋਬਾਰ ਹੈ। ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਪੱਛਮੀ ਬੰਗਾਲ, ਮਹਾਂਰਾਸ਼ਟਰ ਆਦਿ ਨਸ਼ੀਲੇ ਮੈਡੀਕਲ ਨਸ਼ੇ ਦੀ ਮਾਰ ਹੇਠ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਦਵਾਈਆਂ ਦੀ ਜਾਂਚ ਕਰਨ ਲਈ ਸਿਰਫ਼ 37 ਪ੍ਰਯੋਗਸ਼ਾਲਾ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਬੰਦ ਹੀ ਪਈਆਂ ਹਨ। ਦੂਸਰੇ ਪਾਸੇ ਦੇਸ਼ ਅੰਦਰ ਚਾਲੀ ਹਜ਼ਾਰ ਦੇ ਲਗਭਗ ਅਜਿਹੀਆਂ ਦਵਾਈਆਂ ਵੇਚੀਆਂ ਜਾ ਰਹੀਆਂ ਹਨ, ਜਿਨ੍ਹਾਂ 'ਤੇ ਵਿਸ਼ਵ ਦੇ ਕਈ ਦੇਸ਼ ਪਾਬੰਦੀ ਲਾ ਚੁੱਕੇ ਹਨ। ਪੰਜਾਬ ਅੰਦਰ ਵੀ ਕੁਝ ਦਵਾਈਆਂ ਵੇਚਣ 'ਤੇ ਪਾਬੰਦੀ ਲਾਈ ਗਈ ਸੀ ਪਰ ਉਹ ਵੀ ਸ਼ਰੇਆਮ ਵਿਕ ਰਹੀਆਂ ਹਨ। ਅੰਤਰਰਾਸਟਰੀ ਅਤੇ ਰਾਸ਼ਟਰੀ ਪੱਧਰ 'ਤੇ ਨਸ਼ੀਲੀਆਂ ਦਵਾਈਆਂ ਵਿਰੁੱਧ ਚਲਾਈਆਂ ਜਾ ਰਹੀਆਂ ਮੁਹਿੰਮਾਂ ਅਤੇ ਚੁੱਕੇ ਜਾ ਰਹੇ ਸਖਤ ਕਦਮਾਂ ਦੇ ਬਾਵਜੂਦ ਵੀ ਨਸ਼ੀਲੀਆਂ ਦਵਾਈਆਂ ਦਾ ਕਾਰੋਬਾਰ ਰੁਕਣ ਦਾ ਨਾਮ ਨਹੀਂ ਲੈ ਰਿਹਾ। ਦੇਸ਼ ਭਰ ਵਿਚ 20 ਕਰੋੜ ਤੋਂ ਜ਼ਿਆਦਾ ਲੋਕ ਨਸ਼ੀਲੇ ਮੈਡੀਕਲ ਨਸ਼ੇ ਦੀ ਵਰਤੋਂ ਕਰ ਰਹੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਪੰਜ ਆਬ ਦੀ ਧਰਤੀ ਦੇ ਲੋਕ ਹਨ। ਰਾਜ ਅੰਦਰ ਇਸ ਵੇਲੇ 213 ਉਦਯੋਗ ਮੈਡੀਕਲ ਨਾਲ ਸਬੰਧ ਦਵਾਈਆਂ ਤਿਆਰ ਕਰ ਰਹੇ ਹਨ। ਜਿਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ 67 ਉਦਯੋਗ ਮੋਹਾਲੀ ਨਾਲ ਸਬੰਧਤ ਹਨ ਅਤੇ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ 'ਚ ਵੀ 40 ਉਦਯੋਗ ਮੈਡੀਕਲ ਨਾਲ ਸਬੰਧਤ ਦਵਾਈਆਂ ਬਣਾ ਰਹੇ ਹਨ। ਜ਼ਿਲ੍ਹਾ ਫਿਰੋਜ਼ਪੁਰ, ਮਾਨਸਾ, ਪਠਾਨਕੋਟ 'ਚ ਇੱਕ-ਇੱਕ ਉਦਯੋਗ ਚੱਲ ਰਿਹਾ ਹੈ। ਜਦੋਂਕਿ ਬਠਿੰਡੇ 'ਚ 9, ਬਰਨਾਲੇ 'ਚ 5, ਫਤਹਿਗੜ੍ਹ ਸਾਹਿਬ 3, ਮੁਕਤਸਰ ਸਾਹਿਬ 2, ਹੁਸ਼ਿਆਰਪੁਰ 8, ਜਲੰਧਰ 12, ਕਪੂਰਥਲਾ 3, ਲੁਧਿਆਣਾ 32, ਮੋਗਾ 2, ਨਵਾਂਸ਼ਹਿਰ 3, ਪਟਿਆਲਾ 15, ਸੰਗਰੂਰ 4, ਤਰਨਤਾਰਨ 3 ਮੈਡੀਕਲ ਦਵਾਈਆਂ ਬਣਾਉਣ ਦੇ ਉਦਯੋਗ ਚੱਲ ਰਹੇ ਹਨ। ਇਹ ਉਦਯੋਗ ਕਿਹੋ-ਜਿਹੀਆਂ ਮੈਡੀਕਲ ਦਵਾਈਆਂ ਬਣਾ ਰਹੇ ਹਨ। ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਭਾਰਤ ਮਹਾਨ ਅਤੇ ਖਾਸ ਕਰਕੇ ਪੰਜਾਬ ਅੰਦਰ ਜੇਕਰ ਡਰੱਗ ਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਦਿਆਂ ਵੱਖ-ਵੱਖ ਕੈਟਾਗਰੀਆਂ ਨਾਲ ਸਬੰਧਤ ਲੋਕਾਂ ਨੂੰ ਆਪਣੇ ਲਾਈਸੈਂਸਾਂ ਦੇ ਹਿਸਾਬ ਨਾਲ ਮੈਡੀਕਲ ਸਟੋਰ ਚਲਾਉਣ ਦੇ ਹੁਕਮ ਜਾਰੀ ਕੀਤੇ ਜਾਣ ਅਤੇ ਵੱਡੇ ਪੱਧਰ 'ਤੇ ਲੁਕਵੇਂ ਰੂਪ 'ਚ ਆ ਰਹੀਆਂ ਨਸ਼ੀਲੀਆਂ ਦਵਾਈਆਂ 'ਤੇ ਨਜ਼ਰ ਰੱਖੀ ਜਾਵੇ, ਤਾਂ ਪੰਜਾਬ 'ਚ ਵਧ ਰਹੇ ਮੈਡੀਕਲ ਨਸ਼ਿਆਂ ਦੇ ਕਾਰੋਬਾਰ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

# ਪੇਟ-ਦਰਦ ਤੋਂ ਪਰੇਸ਼ਾਨ ਕੀ ਕਰਨ

ਅਨਿਲ ਧੀਰ
ਕਾਲਮਨਿਸਟ, ਥੇਰਾਪਿਸਟ
anil.dheer@yahoo.com
(Punjab Mail USA)



ਦੁਨੀਆਂ ਭਰ 'ਚ ਬਦਲ ਰਹੇ ਲਾਈਫ-ਸਟਾਈਲ ਨੇ ਵਧਾ ਦਿੱਤੀ ਹੈ ਪੇਟ-ਦਰਦ ਦੀ ਸਮੱਸਿਆ। ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਤੇ ਸੀਨੀਅਰਜ਼ ਹਰ ਮੌਸਮ ਵਿਚ ਪੇਟ-ਦਰਦ ਦਾ ਸ਼ਿਕਾਰ ਹੋ ਰਹੇ ਹਨ। ਅਸਲ 'ਚ ਪੇਟ ਅੰਦਰ ਜ਼ਿਆਦਾ ਅੰਗ ਹੋਣ ਕਰਕੇ ਕੋਈ ਵੀ ਹਿੱਸਾ ਇਫੈਕਟ ਹੋ ਸਕਦਾ ਹੈ। ਪੇਟ ਦਰਦ ਕਿਸੇ ਵੀ ਸਮੇ ਘੱਟ ਜਾਂ ਵੱਧ ਸਮੇਂ ਲਈ ਰਹਿ ਸਕਦਾ ਹੈ।

ਇਕ ਸਟੱਡੀ ਮੁਤਾਬਿਕ ਤਕਰੀਬਨ ਇਕ ਤਿਹਾਈ ਰੋਗੀਆਂ ਵਿਚ ਪੇਟ ਦਰਦ ਦੀ ਸ਼ਿਕਾਇਤ ਦਾ ਮੂਲ ਕਾਰਨ ਖੂਨ ਤੇ ਪਿਸ਼ਾਬ ਦੇ ਕੁੱਝ ਟੈਸਟਾਂ ਦੁਆਰਾ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ। ਆਮ ਪੇਟ ਦਰਦ 7.2-18.7% ਗੈਸਰੋਐਂਟਰਾਈਟਸ, ਬਦਬੂਦਾਰ ਸਟੂਲ, ਕਬਜ਼ 2.6-13.2%, ਯੂਰੀਨ ਸਿਸਟਮ 5.3%, ਗੈਸਟਰਾਈਟਸ 5.2%, ਅਪੈਂਡਸਿਸ 1.9%, ਡਾਈਵਰਟੀਕੁਲਾਈਟਸ 3.0%, ਬਿਲੀਰੀ-ਪੈਨਕ੍ਰੇਟਿਕ 4.0%, ਅਤੇ ਨਿਓਪਲਾਸਟਿਕ 1.0% ਵਗੈਰਾ ਗੰਭੀਰ ਕਾਰਨ ਹੋ ਸਕਦੇ ਹਨ।

ਪੇਟ ਯਾਨਿ ਸਟੋਮੇਕ ਜੋ ਉੱਪਰਲੀਆਂ ਪੱਸਲੀਆਂ ਦੇ ਹੇਠਾਂ ਪੇਲਵਿਕ ਹੱਡੀ ਅਤੇ ਹਰ ਪਾਸਿਓਂ ਕੰਧ ਨਾਲ ਬਣਿਆ ਹੋਇਆ ਹੈ। ਹਾਲਾਂਕਿ ਪੇਟ ਵਿਚ ਦਰਦ ਪੇਟ ਦੀ ਕੰਧ ਦੇ ਟਿਸ਼ੂਆਂ ਤੋਂ ਪੈਦਾ ਹੋ ਸਕਦਾ ਹੈ, ਜੋ ਪੇਟ ਦੀਆਂ ਗੁਫਾਵਾਂ ਨੂੰ ਘੇਰਦੇ ਹਨ। ਦਰਦ ਦੀ ਹਾਲਤ ਵਿਚ ਪੇਟ ਦੇ ਅੰਦਰਲੇ ਅੰਗ-ਛੋਟੀ ਆਂਤੜੀ, ਕੋਲਨ, ਜਿਗਰ, ਥੈਲੀ ਅਤੇ ਪੈਨਕ੍ਰੀਆਸ ਸ਼ਾਮਲ ਹੁੰਦੇ ਹਨ। ਕਈ ਵਾਰ ਮਹਿਸੂਸ ਕੀਤਾ ਜਾ ਸਕਦਾ ਹੈ ਭਾਂਵੇ ਇਹ



ਅੰਗਾਂ ਤੋਂ ਪੈਦਾ ਹੁੰਦਾ ਹੈ, ਜੋ ਪੇਟ ਦੀਆਂ ਗੁਫਾਵਾਂ ਦੇ ਅੰਦਰ ਨਹੀਂ ਹੁੰਦੇ, ਉਦਾਹਰਣ ਵਜੋਂ ਹੇਠਲੇ ਫੇਫੜੇ, ਗੁਰਦੇ ਅਤੇ ਬੱਚੇਦਾਨੀ ਦੇ ਕਿਸਮ ਦੀ ਦਰਦ ਨੂੰ ਰੈਫਰਡ ਦਰਦ ਵੀ ਕਿਹਾ ਜਾਂਦਾ ਹੈ। ਇਹ ਦਰਦ ਪੇਟ ਦੇ ਅੰਦਰ ਤੇ ਬਾਹਰ ਮਹਿਸੂਸ ਕੀਤਾ ਜਾ ਸਕਦਾ ਹੈ।

ਪੇਟ ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਨ, ਅਤੇ ਘੱਟ ਜਾਂ ਤੇਜ਼ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜ਼ਿਆਦਾ ਸਮੇਂ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ ਅਤੇ ਗਰਭਵਤੀ ਔਰਤਾਂ ਜ਼ਿਆਦਾ ਪਰੇਸ਼ਾਨ ਹੋ ਜਾਂਦੇ ਹਨ। ਦਰਦ ਵੇਲੇ ਕੁੱਝ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਹੀ ਜਾਂਚ ਬਾਅਦ ਹੀ ਕਾਰਨ ਦਾ ਪਤਾ ਲੱਗਦਾ ਹੈ।

ਪੇਟ ਅੰਦਰ ਦਰਦ ਖਾਣਾ ਖਾਣ ਤੋਂ ਬਾਅਦ ਬਦਹਜ਼ਮੀ, ਪੇਚਿਸ, ਪੇਟ ਦੇ ਕੀੜੇ, ਪੱਥਰੀ ਦੀ ਸੋਜ਼ਿਸ਼, ਗਰਭ, ਗੈਸ, ਐਸੀਡਿਟੀ, ਅਲਸਰੇਟਿਵ ਕੋਲਾਈਟਸਪੇਟ ਦੀ ਮਾਸਪੇਸ਼ੀਆਂ ਦੀ ਸੱਟ, ਲੜਕੀਆਂ ਨੂੰ ਮਾਹਵਾਰੀ ਦੌਰਾਨ, ਇਨਫੈਕਸ਼ਨ, ਲੈਕਟੋਜ਼ ਦੀ ਅਸਹਿਣਸ਼ੀਲਤਾ, ਕਬਜ਼, ਬਾਸੀ ਭੋਜਨ ਤੇ ਲਗਾਤਾਰ ਜੰਕ ਫੂਡ ਅਤੇ ਨਸ਼ਿਆਂ ਦੀ ਵਰਤੋਂ ਗੰਭੀਰ ਪੇਟ ਦਰਦ ਦੀ ਸ਼ਿਕਾਇਤ ਪੈਦਾ ਕਰ ਦਿੰਦੇ ਹਨ।

### ਪੇਟ ਦਰਦ ਦੀ ਹਾਲਤ ਵਿਚ ਵਿਅਕਤੀ ਆਮ ਰੇਮੀਡੀਜ਼ ਵਰਤ ਸਕਦਾ ਹੈ:

» ਭੋਜਨ ਨੂੰ ਪਚਣ ਤੇ ਜਜ਼ਬ ਕਰਨ ਲਈ ਸਰੀਰ ਨੂੰ ਪਾਣੀ ਦੀ ਲੋੜ ਹੁੰਦੀ ਹੈ। ਔਰਤਾਂ ਨੂੰ ਦਿਨ ਵਿਚ 3 ਲੀਟਰ, ਆਦਮੀ ਨੂੰ 4 ਲੀਟਰ, ਅਤੇ ਛੋਟੇ ਬੱਚਿਆਂ ਨੂੰ 1-2 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਪੇਟ ਦੇ ਰੋਗਾਂ ਵਿਚ ਘੱਟ ਗਰਮ ਪਾਣੀ ਨਿੰਬੂ ਰਸ ਮਿਲਾ ਕੇ ਵੀ ਪੀ ਸਕਦੇ ਹੋ।

» ਪੇਟ ਦੇ ਰੋਗੀਆਂ ਨੂੰ ਦਿਨ ਦੇ ਸਮੇਂ ਘੱਟ ਸੌਣਾ ਚਾਹੀਦਾ ਹੈ। ਪੇਟ ਅੰਦਰ ਐਸਿਡ ਪਿੱਛੇ ਅਤੇ ਛਾਤੀ ਵੱਲ ਵਧਣ ਦੀ ਸੰਭਾਵਨਾ ਹੁੰਦੀ ਹੈ। ਅਗਰ ਲੇਟਣਾ ਪਵੇ, ਤਾਂ ਸਿਰ ਤੇ ਗਰਦਨ ਹੇਠਾਂ 30 ਡਿਗਰੀ 'ਤੇ ਪਿਲੋ ਇਸਤੇਮਾਲ ਕਰਨਾ ਚਾਹੀਦਾ ਹੈ।

» ਪੇਟ ਦਰਦ ਦੇ ਸ਼ਿਕਾਰ ਤਾਜ਼ੇ ਪੁਦੀਨਾ ਪੱਤਾ-12, ਛੋਟੀ ਇਲਾਚੀ-2, ਮੋਟੀ ਸੌਂਫ-1 ਚੁਟਕੀ, 1-ਕੱਪ ਪਾਣੀ ਵਿਚ ਉਬਾਲੋ, ਅੱਧਾ ਰਹਿ ਜਾਣ 'ਤੇ ਭੋਜਨ ਤੋਂ 15 ਮਿੰਟ ਪਹਿਲਾਂ ਸਵੇਰੇ-ਸ਼ਾਮ ਇਸਤੇਮਾਲ ਕਰਨ ਨਾਲ ਆਰਾਮ ਮਿਲਦਾ ਹੈ।

» ਪੁਦੀਨੇ ਵਿਚ ਮੌਜੂਦ ਰਸਾਇਣ ਆਂਤੜੀ ਅੰਦਰ ਮਾਸਪੇਸ਼ੀ ਸਪਾਜ਼ਮ ਘਟਾ ਕੇ ਬਦਹਜ਼ਮੀ, ਗੈਸ, ਉਲਟੀਆਂ, ਦਸਤ, ਘਬਰਾਹਟ ਦੀ ਹਾਲਤ ਵਿਚ ਰਾਹਤ ਦਿੰਦਾ ਹੈ। ਚਾਹ ਦੇ ਸ਼ੌਕੀਨ ਚਾਹ ਲਈ ਪੁਦੀਨੇ ਵਾਲੇ ਪਾਣੀ ਇਸਤੇਮਾਲ ਕਰ ਸਕਦੇ ਹਨ।

» ਗਰਮ ਪਾਣੀ ਵਾਲੀ ਰਬੜ ਦੀ ਬੋਤਲ ਜਾਂ ਹੀਟਿੰਗ ਪੈਡ ਟੈਨਸ ਮਾਸਪੇਸ਼ੀਆਂ ਨੂੰ ਲਚੀਲਾ ਕਰਦੇ ਹਨ। ਦਿਨ 'ਚ 2 ਵਾਰ ਬੈਗ ਜਾਂ ਹੀਟ ਪੈਡ ਨੂੰ ਪੇਟ 'ਤੇ ਉਦੋਂ ਤੱਕ ਰੱਖੋ, ਜਦ ਤੱਕ ਪਾਣੀ ਠੰਡਾ ਨਾ ਹੋ ਜਾਵੇ। ਕਦੇ-ਕਦੇ ਇਹ ਕ੍ਰਿਆ ਛੇਤੀ ਆਰਾਮ ਵੀ ਦੇ ਸਕਦੀ ਹੈ।

» ਪੇਟ ਦੀ ਸਮੱਸਿਆ ਵਿਚ ਤਾਜ਼ੇ ਅਦਰਕ ਦਾ ਰਸ ਅੱਧਾ ਚਮਚ, ਸ਼ਹਿਦ 1 ਚਮਚ, ਦਿਨ ਵਿਚ 2 ਵਾਰ ਲੈ ਕੇ ਗਰਮ ਪਾਣੀ ਜਾਂ ਚਾਹ ਪੀ ਕੇ ਆਰਾਮ ਮਹਿਸੂਸ ਕਰੋ। ਖਾਣੇ ਨਾਲ ਸਲਾਦ ਵਿਚ ਤਾਜ਼ਾ ਅਦਰਕ ਖਾਓ।

» ਪੇਟ ਦਰਦ ਤੇ ਦਸਤ ਦੀ ਹਾਲਤ ਵਿਚ ਆਪਣੀ ਖੁਰਾਕ ਵਿਚ ਬ੍ਰੈਡ-ਟੋਸਟ, ਦਹੀਂ, ਕੇਲਾ, ਚਾਵਲ, ਪਪੀਤਾ, ਨਮਕੀਨ ਨਿੰਬੂ ਪਾਣੀ ਅਤੇ ਜਿੰਜਰ ਵਾਲੇ ਪਾਣੀ ਨੂੰ ਸ਼ਾਮਿਲ ਕਰਨ ਨਾਲ ਆਰਾਮ ਮਿਲਦਾ ਹੈ।

» ਤੰਦਰੁਸਤੀ ਤੇ ਰੂਟੀਨ ਨੂੰ ਸੁਖਾਂਵਾ ਬਣਾਉਣ ਲਈ ਰਾਤ ਦੇ ਸਮੇਂ ਹਲਕਾ ਭੋਜਨ ਕਰੋ। ਮਸਾਲੇਦਾਰ ਚਟਪਟੇ ਜੰਕ ਫੂਡ ਲੈਣ ਦੀ ਆਦਤ ਛੱਡ ਦਿਓ।

» ਪੇਟ ਦੇ ਰੋਗੀ ਰੋਜ਼ਾਨਾ ਅੱਧਾ ਘੰਟਾ ਸੈਰ, ਕਸਰਤ ਕਰਨ ਨਾਲ ਆਰਾਮ ਮਹਿਸੂਸ ਕਰਨਗੇ। ਦੇਰ ਰਾਤ ਜਾਗਣਾ ਬੀਮਾਰੀ ਨੂੰ ਸੱਦਾ ਦੇਣ ਵਾਲੀ ਗੱਲ ਹੋ ਜਾਂਦੀ ਹੈ।

* ਜਿਆਦਾ ਸ਼ਰਾਬ, ਤੰਬਾਕੂਨੋਸ਼ੀ ਗਲੇ ਅਤੇ ਪੇਟ ਅੰਦਰ ਜਲਨ ਪੈਦਾ ਕਰਕੇ ਮੁਸ਼ਕਲਾਂ ਵਧਾ ਦਿੰਦੀ ਹੈ। ਜਿਗਰ ਅਤੇ ਪੇਟ ਦੇ ਅੰਦਰਲੀ ਪਰਤ ਨੂੰ ਡੈਮੇਜ ਕਰ ਸਕਦੀ ਹੈ। ਇਨ੍ਹਾਂ ਦੀ ਵਰਤੋਂ ਤੋਂ ਹਮੇਸ਼ਾ ਬਚੋ।

**ਨੋਟ :** ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਅੰਦਰ ਪੇਟ ਦਰਦ ਦੇ ਲੱਛਣ ਲੰਮੇ ਸਮੇਂ ਤੱਕ ਰਹਿਣ ਦੀ ਹਾਲਤ ਵਿਚ ਬਿਨਾਂ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਇਲਾਜ ਕਰਾਉਣਾ ਚਾਹੀਦਾ ਹੈ।

# ਰਾਸ਼ਟਰ ਦਾ ਨਿਰਮਾਤਾ ਅਧਿਆਪਕ




ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ
ਖ਼ਾਲਸਾ ਕਾਲਜ, ਪਟਿਆਲਾ
94176-26925
(Punjab Mail USA)




ਆਧੁਨਿਕ ਤਸਵੀਰ ਵਿਚ ਅਧਿਆਪਕ ਦਾ ਸਥਾਨ ਉਹ ਨਹੀਂ ਰਿਹਾ, ਜੋ ਕਿ ਪੁਰਾਤਨ ਸਮਿਆਂ ਵਿਚ ਗੁਰੂ ਜਾਂ ਅਧਿਆਪਕ ਦਾ ਹੁੰਦਾ ਸੀ। ਵਿਦਿਆਰਥੀ ਆਪਣੇ ਅਧਿਆਪਕ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਰਹਿੰਦਾ ਸੀ ਅਤੇ ਅਧਿਆਪਕ ਦਾ ਕਿਹਾ ਸਿਰ ਮੱਥੇ ਮੰਨਦਾ ਸੀ ਪਰ ਆਧੁਨਿਕ ਸਮੇਂ ਦੀ ਤਸਵੀਰ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਅਧਿਆਪਕ ਨੂੰ ਸਮਾਜ ਵਿਚ ਉਹ ਸਥਾਨ ਨਹੀਂ ਮਿਲ ਰਿਹਾ, ਜੋ ਉਸ ਨੂੰ ਮਿਲਣਾ ਚਾਹੀਦਾ ਹੈ। ਅਧਿਆਪਕ ਜਿੱਥੇ ਇੱਕ ਚੰਗੇ ਰਾਸ਼ਟਰ ਦਾ ਨਿਰਮਾਤਾ ਹੈ, ਉੱਥੇ ਹੀ ਸੱਭਿਆਚਾਰਕ ਰੀਤਾਂ, ਰਿਵਾਜ਼ਾਂ ਨੂੰ ਵੀ ਨਾਲ ਲੈ ਕੇ ਚੱਲਦਾ ਹੋਇਆ, ਆਪਣੇ ਇਤਿਹਾਸ ਦਾ ਵੀ ਸਭ ਤੋਂ ਵੱਡਾ ਗਵਾਹ ਹੁੰਦਾ ਹੈ। ਅੱਜ ਅਧਿਆਪਕ ਦਿਵਸ ਨਹੀਂ ਹੈ ਪਰ ਮੈਂ ਅਜਿਹੇ ਮਸਲੇ ਦੀ ਗੱਲ ਕਰਨਾ ਚਾਹੁੰਦਾ ਹਾਂ, ਜੋ ਕਿ ਇੱਕ ਸਮਾਜ ਲਈ ਚੁਣੌਤੀ ਬਣਿਆ ਹੋਇਆ ਹੈ। ਅਧਿਆਪਕ ਕਿਸੇ ਵੀ ਸਮਾਜ ਦੇ ਵਿਕਾਸ ਦੀ ਅਹਿਮ ਕੜੀ ਮੰਨਿਆ ਜਾਂਦਾ ਹੈ, ਜਿਸ ਸਮਾਜ ਵਿਚ ਬੱਚੇ ਸਿੱਖਿਅਤ ਹੋਣਗੇ, ਸੰਸਕਾਰੀ ਹੋਣਗੇ, ਉਹ ਸਮਾਜ ਨਿਰੰਤਰ ਵਿਕਾਸ ਕਰਦਾ ਹੋਇਆ ਆਪਣੇ ਟੀਚੇ ਵੱਲ ਵਧਦਾ ਰਹਿੰਦਾ ਹੈ। ਇਤਿਹਾਸ ਗਵਾਹ ਹੈ ਕਿ ਵਿਸ਼ਵ ਵਿਚ ਜਦੋਂ ਵੀ ਕਿਸੇ ਦੇਸ਼ ਨੇ ਤਰੱਕੀ ਕੀਤੀ ਹੈ, ਉਸ ਵਿਚ ਸਿੱਖਿਆ ਸਿਹਤ ਅਤੇ ਮੁੱਢਲੀਆਂ ਜ਼ਰੂਰਤਾਂ ਨੂੰ ਵਧੇਰੇ ਧਿਆਨ ਵਿਚ ਰੱਖਿਆ ਗਿਆ ਹੈ। ਮਸਲਾ ਆਧੁਨਿਕ ਸਥਿਤੀ ਦਾ ਹੈ ਕਿ ਅੱਜ ਵਿਸ਼ਵ ਜਿੱਥੇ ਇੱਕ ਗਲੋਬਲੀ ਪਿੰਡ ਬਣਦਾ ਜਾ ਰਿਹਾ ਹੈ ਕੀ ਅਜਿਹੇ ਦੌਰ ਵਿਚ ਅਧਿਆਪਕ ਆਪਣਾ ਸਤਿਕਾਰ ਆਪਣਾ ਸਵੈਮਾਨ ਜਾਂ ਆਪਣੀ ਭੂਮਿਕਾ ਬਚਾਉਣ ਵਿਚ ਸਫਲ ਹੋ ਰਿਹਾ ਹੈ? ਵਿਸ਼ਵ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਮਿਲਦੀਆਂ ਹਨ, ਜਿੱਥੇ ਅਧਿਆਪਕ ਨੂੰ ਸਭ ਤੋਂ ਵੱਧ ਸਤਿਕਾਰ ਇਸ ਕਰਕੇ ਦਿੱਤਾ ਜਾਂਦਾ ਹੈ, ਕਿਉਂਕਿ ਉਹ ਰਾਸ਼ਟਰ ਨਿਰਮਾਤਾ ਵਜੋਂ ਭੂਮਿਕਾ ਨਿਭਾਉਂਦਾ ਹੈ। ਵਿਸ਼ਵ ਦੇ ਸਮਰੱਥ ਦੇਸ਼ਾਂ ਵਿਚ ਮਨੁੱਖ ਦੀਆਂ ਬੁਨਿਆਦੀ ਸਹੂਲਤਾਂ, ਜਿਨ੍ਹਾਂ ਵਿਚ ਸਿੱਖਿਆ ਵੀ ਅਹਿਮ ਪੱਖ ਹੈ, 'ਤੇ ਵਧੇਰੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ ਪਰ ਜਦੋਂ ਅਸੀਂ ਆਪਣੇ ਦੇਸ਼ ਭਾਰਤ ਦੀ ਗੱਲ ਕਰਦੇ ਹਾਂ, ਤਾਂ ਮਸਲਾ ਬਹੁਤ ਪੇਚੀਦਾ ਹੋ ਜਾਂਦਾ ਹੈ। ਦੇਸ਼ ਵਿਚ ਇੱਕ ਪਾਸੇ ਤਰੱਕੀ ਹੋ ਰਹੀ ਹੈ। ਡਿਜੀਟਲ ਹੋਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਦੂਜੇ ਪਾਸੇ ਮਨੁੱਖੀ ਕਦਰਾਂ-ਕੀਮਤਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਸਾਡੇ ਸਿੱਖਿਆ ਤੰਤਰ ਵਿਚ ਨਿੱਜੀਕਰਨ ਹੋਣ ਨਾਲ ਲੋਕਾਂ ਦੀ ਮਾਨਸਿਕਤਾ ਬਦਲ ਰਹੀ ਹੈ। ਉਹ ਮਨੁੱਖੀ ਕਦਰਾਂ-ਕੀਮਤਾਂ ਨੂੰ ਅੱਖੋਂ ਪਰੋਖੇ ਕਰਦੇ ਹੋਏ ਸਿਰਫ ਨਿੱਜੀ ਹਿੱਤਾਂ ਬਾਰੇ ਸੋਚਣ ਲੱਗ ਪਏ ਹਨ ਅਤੇ ਫਾਇਦੇ ਲਈ ਹੀ ਕੰਮ ਕਰਦੇ ਨਜ਼ਰ ਆ ਰਹੇ ਹਨ ਪਰ ਇਸ ਦੇ ਉਲਟ ਸਿੱਖਿਆ ਅਤੇ ਸਿਹਤ ਉਹ ਖੇਤਰ ਹਨ, ਜਿਨ੍ਹਾਂ ਵਿਚ ਸਰਕਾਰ ਦੀ 100% ਹਿੱਸੇਦਾਰੀ ਹੋਣੀ ਚਾਹੀਦੀ ਹੈ, ਜਿਸ ਵਿਚ ਕਿਸੇ ਵੀ ਨਿੱਜੀ ਕੰਪਨੀ ਦਾ ਕੋਈ ਦਖਲ ਨਹੀਂ ਹੋਣਾ ਚਾਹੀਦਾ, ਤਾਂ ਜੋ ਲੋਕਾਂ ਨੂੰ ਇਹ ਯਕੀਨ ਹੋ ਸਕੇ ਕਿ ਦੇਸ਼ ਦੀਆਂ ਸਰਕਾਰਾਂ ਉਨ੍ਹਾਂ ਦੇ ਲਈ ਸਿੱਖਿਆ ਅਤੇ ਸਿਹਤ ਦਾ ਸੁਚੱਜਾ ਪ੍ਰਬੰਧ ਦੇਣ ਲਈ ਵਚਨਬੱਧ ਹਨ। ਇੱਕ ਪਾਸੇ ਵਿਸ਼ਵ ਦੇ ਉਹ ਵਿਕਸਿਤ ਦੇਸ਼ ਹਨ, ਜਿੱਥੇ ਸਭ ਤੋਂ ਵੱਧ ਸਤਿਕਾਰ ਅਧਿਆਪਕ ਨੂੰ ਦਿੱਤਾ ਜਾਂਦਾ ਹੈ, ਤਾਂ ਜੋ ਉਹ ਮਾਨਸਿਕ ਤੌਰ 'ਤੇ ਇਹ ਅਹਿਸਾਸ ਕਰੇ ਕੇ ਦੇਸ਼ ਦੇ ਵਿਚ ਉਸ ਦਾ ਬਹੁਤ ਵੱਡਾ ਯੋਗਦਾਨ ਹੈ ਪਰ ਇਸ ਦੇ ਉਲਟ ਸਾਡੇ ਦੇਸ਼ ਦੇ ਸਿੱਖਿਆ ਢਾਂਚੇ ਵਿਚ ਇਸ ਗੱਲ ਦੀ ਬਹੁਤ ਘਾਟ ਮਹਿਸੂਸ ਹੋ ਰਹੀ ਹੈ। ਸਾਡਾ ਦੇਸ਼ ਉਹ ਦੇਸ਼ ਹੈ, ਜਿਸ ਦਾ ਇਤਿਹਾਸ, ਇਸ ਗੱਲ ਦਾ ਗਵਾਹ ਹੈ ਕਿ ਵਿਸ਼ਵ ਵਿਚ ਜਦੋਂ ਵੀ ਸਿੱਖਿਆ ਜਾਂ ਅਧਿਆਪਕ ਦੀ ਗੱਲ ਚੱਲਦੀ ਸੀ, ਤਾਂ ਇੱਥੋਂ ਹੀ ਚੱਲਦੀ ਸੀ, ਸਾਡੇ ਦੇਸ਼ ਦੇ ਪੁਰਾਤਨ ਸਮੇਂ ਵਿਚ ਸਿੱਖਿਆ ਦਾ ਪ੍ਰਬੰਧ ਏਨਾ ਵਧੀਆ ਸੀ ਕਿ ਦੇਸ਼ਾਂ-ਵਿਦੇਸ਼ਾਂ ਵਿਚੋਂ ਲੋਕ ਇੱਥੇ ਸਿੱਖਿਆ ਗ੍ਰਹਿਣ ਕਰਨ ਆਉਂਦੇ ਸਨ। ਇਤਿਹਾਸ ਵਿਚ ਗੁਰੂ ਦਰੋਣ ਦਾ ਜ਼ਿਕਰ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਮਾਜ ਵਿਚ ਅਧਿਆਪਕ ਜਾਂ ਗੁਰੂ ਨੂੰ ਕਿੰਨਾ ਜ਼ਿਆਦਾ ਸਤਿਕਾਰ ਦਿੱਤਾ ਜਾਂਦਾ ਸੀ। ਆਧੁਨਿਕਤਾ ਦੀ ਇਹ ਤਸਵੀਰ ਹੋਰ ਵੀ ਭਿਅੰਕਰ ਨਜ਼ਰ ਆਉਣ ਵਾਲੀ ਹੈ ਕਿਉਂਕਿ ਦੇਸ਼ ਦੇ ਬਹੁਤੇ ਰਾਜਾਂ ਵਿਚ ਅਧਿਆਪਕਾਂ ਨੂੰ ਆਪਣੀ ਮੁੱਢਲੀ ਤਨਖਾਹ ਪ੍ਰਾਪਤ ਕਰਨ ਲਈ ਵੀ ਸੜਕਾਂ 'ਤੇ ਆਉਣਾ ਪੈ ਰਿਹਾ ਹੈ। ਇਸ ਸਬੰਧ ਵਿਚ ਜੇਕਰ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਪ੍ਰਾਇਮਰੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਤੱਕ ਹੋ ਰਹੇ ਨਿੱਜੀਕਰਨ ਨੇ ਸਰਕਾਰੀ ਤੰਤਰ ਨੂੰ ਇਨਾ ਗ਼ੈਰ ਜ਼ਿੰਮੇਵਾਰ ਬਣਾ ਦਿੱਤਾ ਹੈ ਕਿ ਹੁਣ ਕਿਸੇ ਵੀ ਸਰਕਾਰੀ ਨੁਮਾਇੰਦੇ ਨੂੰ ਇਹ ਫਰਕ ਨਹੀਂ ਕਿ ਜਿਹੜੀ ਸਿੱਖਿਆ ਬਿਲਕੁਲ ਮੁਫਤ ਦਿੱਤੀ ਜਾਣੀ ਚਾਹੀਦੀ ਸੀ, ਉਸ ਲਈ ਲੋਕਾਂ ਨੂੰ ਲੱਖਾਂ ਰੁਪਏ ਭਰਨੇ ਪੈ ਰਹੇ ਹਨ। ਸਮੇਂ ਦੀ ਜ਼ਰੂਰਤ ਸੀ ਕਿ ਸਰਕਾਰ ਦੇ ਪ੍ਰਬੰਧਾਂ ਵਿਚ ਨਿੱਜੀ ਖੇਤਰ ਦੀ ਪਹਿਲਕਦਮੀ ਵੀ ਕੀਤੀ ਜਾਵੇ, ਪੰਜਾਬ ਵਿਚ ਵੀ ਬਹੁਤ ਸਾਰੀਆਂ ਅਜਿਹੀਆਂ ਗ਼ੈਰ ਸਰਕਾਰੀ ਸੰਸਥਾਵਾਂ ਹਨ, ਜੋ ਕਿ ਵਿਦਿਆਰਥੀਆਂ ਦੇ ਭਲੇ ਹਿੱਤ ਸੰਸਥਾਵਾਂ ਚਲਾ ਰਹੀਆਂ ਹਨ, ਜਿਨ੍ਹਾਂ ਵਿਚ ਮੁੱਖ ਰੂਪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸੰਸਥਾਵਾਂ ਡੀ.ਏ.ਵੀ. ਅਤੇ ਐੱਸ.ਡੀ. ਕਾਲਜ ਹਨ। ਇਹ ਸੰਸਥਾਵਾਂ ਰਾਜ ਦੇ ਉਨ੍ਹਾਂ ਖੇਤਰਾਂ ਵਿਚ ਖੁੱਲ੍ਹੀਆਂ ਹਨ, ਜਿੱਥੇ ਸਰਕਾਰੀ ਸੰਸਥਾਵਾਂ ਦੀ ਘਾਟ ਹੈ, ਉੱਥੇ ਵਿਦਿਆਰਥੀਆਂ ਨੂੰ ਸਿੱਖਿਆਵਾਂ ਦੇ ਰਹੀਆਂ ਹਨ। ਇਨ੍ਹਾਂ ਦੇ ਯਤਨ ਦੀ ਸ਼ਲਾਘਾ ਕਰਨੀ ਵੀ ਬਣਦੀ ਹੈ। ਇਸ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਰਕਾਰ ਅਧਿਆਪਕਾਂ ਨੂੰ ਰੁਜ਼ਗਾਰ ਦੇਣ ਵਿਚ ਅਸਮਰੱਥ ਨਜ਼ਰ ਆ ਰਹੀ ਹੈ। ਅਧਿਆਪਕਾਂ ਨੂੰ ਆਪਣੀ ਰੋਟੀ-ਰੋਜ਼ੀ ਪੂਰੀ ਕਰਨ ਲਈ ਸੜਕਾਂ 'ਤੇ ਧਰਨੇ ਦੇਣੇ ਪੈ ਰਹੇ ਹਨ। ਇੱਕ ਪਾਸੇ ਮਹਿੰਗਾਈ ਦਰ ਵੱਧ ਰਹੀ ਹੈ ਅਤੇ ਤਨਖਾਹਾਂ ਵਿਚ ਹੋਏ ਵਾਧੇ ਨੂੰ ਰਾਜ ਸਰਕਾਰ ਲਾਗੂ ਨਹੀਂ ਕਰ ਰਹੀ ਹੈ ਸਿੱਖਿਆ ਦੇ ਖੇਤਰ ਵਿਚ ਵਧ ਰਹੇ ਨਿੱਜੀਕਰਨ ਨੇ ਅਧਿਆਪਕਾਂ ਨੂੰ ਇਸ ਗੱਲ ਲਈ ਮੁਥਾਜ ਕਰ ਦਿੱਤਾ ਹੈ ਕਿ ਉਹ ਘੱਟ ਤੋਂ ਘੱਟ ਤਨਖਾਹ 'ਤੇ ਕੰਮ ਕਰਨ ਲਈ ਮਜਬੂਰ ਹੋ ਰਹੇ ਹਨ ਅਤੇ ਨਿੱਜੀ ਵਿਦਿਅਕ ਸੰਸਥਾਵਾਂ ਦੇ ਇੱਕ ਅਜਿਹੇ ਜਗੀਰਦਾਰੀ ਪ੍ਰਬੰਧ ਦਾ ਸ਼ਿਕਾਰ ਹੋ ਰਹੇ ਹਨ, ਜਿਸ ਵਿਚ ਉਹ ਆਪਣੇ ਆਪ ਨਾਲ ਹੋ ਰਹੇ ਅਨਿਆਂ ਵਿਰੁੱਧ ਆਵਾਜ਼ ਵੀ ਬੁਲੰਦ ਨਹੀਂ ਕਰ ਸਕਦੇ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇਕਰ ਉਹ ਬੋਲਣਗੇ, ਤਾਂ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਵੇਗਾ। ਸੋਚਣ ਵਾਲੀ ਗੱਲ ਹੈ ਕਿ ਅਜਿਹੀ ਸਥਿਤੀ ਵਿਚ ਇੱਕ ਅਧਿਆਪਕ ਦਾ ਸਤਿਕਾਰ ਕਿਵੇਂ ਬਹਾਲ ਰਹੇਗਾ? ਜਿਹੜੇ ਅਧਿਆਪਕ ਮਾਨਸਿਕ ਤੌਰ 'ਤੇ ਆਪਣੇ ਆਪ ਅਤੇ ਆਪਣੇ ਪਰਿਵਾਰ ਨੂੰ ਨਹੀਂ ਚਲਾ ਪਾ ਰਹੇ, ਉਹ ਕਿਸ ਤਰ੍ਹਾਂ ਦੀ ਸਿੱਖਿਆ ਦੇ ਸਕਣਗੇ ਅਤੇ ਉਨ੍ਹਾਂ ਤੋਂ ਪੜ੍ਹੇ ਹੋਏ ਵਿਦਿਆਰਥੀ ਕਿਸ ਤਰ੍ਹਾਂ ਦੇ ਰਾਸ਼ਟਰ ਨੂੰ ਬਣਾਉਣ ਵਿਚ ਭੂਮਿਕਾ ਨਿਭਾਉਣਗੇ। ਇਸ ਸਾਰੇ ਕਾਰਨਾਂ ਪਿੱਛੇ ਇੱਕੋ ਹੀ ਕਾਰਨ ਹੈ ਕਿ ਅਧਿਆਪਕ ਨੂੰ ਸਮਾਜ ਵਿਚ ਬਣਦਾ ਸਤਿਕਾਰ ਨਹੀਂ ਮਿਲ ਰਿਹਾ ਹੈ, ਸੜਕਾਂ 'ਤੇ ਅਧਿਆਪਕਾਂ ਦੀ ਹੋ ਰਹੀ ਕੁੱਟਮਾਰ ਅਤੇ ਲਾਠੀਚਾਰਜ ਸਾਡੇ ਸਮਾਜ ਲਈ ਕਲੰਕ ਹੈ। ਵਿਦਿਆਰਥੀ ਜਦੋਂ ਸਮਾਜ ਵਿਚ ਅਜਿਹਾ ਕੁਝ ਦੇਖਦੇ ਹਨ, ਤਾਂ ਉਹ ਸੋਚਣ ਲਈ ਮਜਬੂਰ ਹੁੰਦੇ ਹਨ ਕਿ ਜੋ ਉਨ੍ਹਾਂ ਦੇ ਅਧਿਆਪਕਾਂ ਨਾਲ ਵਾਪਰ ਰਿਹਾ ਹੈ ਕਿ ਕੱਲ੍ਹ ਨੂੰ ਉਨ੍ਹਾਂ ਦੇ ਨਾਲ ਤਾਂ ਨਹੀਂ ਵਾਪਰੇਗਾ। ਇਹ ਬਹੁਤ ਗੰਭੀਰ ਅਤੇ ਅਹਿਮ ਮੁੱਦਾ ਹੈ, ਸਰਕਾਰ ਨੂੰ ਇਸ ਬਾਰੇ ਸੋਚਣ ਦੀ ਜ਼ਰੂਰਤ ਹੈ ਕਿਉਂਕਿ ਜੇਕਰ ਅਸੀਂ ਆਪਣਾ ਨੌਜਵਾਨ ਵਰਗ ਹੀ ਨਾ ਸਾਂਭ ਸਕੇ, ਤਾਂ ਦੇਸ਼ ਕਿਵੇਂ ਵਿਕਾਸ ਕਰੇਗਾ। ਪਿਛਲੇ ਕਈ ਸਾਲਾਂ ਤੋਂ ਸੂਬੇ ਅੰਦਰ ਸਰਕਾਰੀ ਹਸਪਤਾਲਾਂ ਤੇ ਸਰਕਾਰੀ ਵਿਦਿਅਕ ਸੰਸਥਾਵਾਂ ਦੀ ਜੋ ਹਾਲਤ ਹੈ, ਉਹ ਜੱਗ ਜ਼ਾਹਿਰ ਹੈ? ਲੰਮੇ ਸਮੇਂ ਤੋਂ ਸਰਕਾਰੀ ਕਾਲਜਾਂ ਵਿਚ ਭਰਤੀਆਂ ਬੰਦ ਹਨ? ਕਿਉਂਕਿ ਖ਼ਜ਼ਾਨਾ ਪੰਜਾਬ ਦਾ ਵੀ ਖਾਲੀ ਹੈ? ਮੁਲਾਜ਼ਮਾਂ ਨੂੰ ਦਿੱਤੇ ਜਾਣ ਵਾਲੇ ਭੱਤੇ ਜੋ ਕੇਂਦਰ ਸਰਕਾਰ ਵੱਲੋਂ ਤੈਅ ਕੀਤੇ ਗਏ ਹਨ? ਉਹ ਅਜੇ ਤੱਕ ਪੂਰੇ ਨਹੀਂ ਦਿੱਤੇ ਜਾ ਰਹੇ? ਪੇ ਕਮਿਸ਼ਨ ਜੋ ਕੇਂਦਰ ਸਰਕਾਰ ਵੱਲੋਂ ਲਾਗੂ ਹੋ ਚੁੱਕਾ ਹੈ, ਉਸ ਬਾਰੇ ਪੰਜਾਬ ਸਰਕਾਰ ਦਾ ਕੋਈ ਧਿਆਨ ਨਹੀਂ ਹੈ ਪਰ ਜਦੋਂ ਮਸਲਾ ਇਨ੍ਹਾਂ ਰਾਜਨੀਤਿਕ ਨੁਮਾਇੰਦਿਆਂ ਦਾ ਆਉਂਦਾ ਹੈ, ਤਾਂ ਇਨ੍ਹਾਂ ਦੀ ਤਨਖਾਹ ਅਤੇ ਭੱਤੇ ਪੂਰੇ ਅਪਡੇਟ ਹਨ? ਇੱਕ ਮੁਲਾਜ਼ਮ ਜੋ ਸਾਰੀ ਉਮਰ ਨੌਕਰੀ ਕਰਕੇ ਟੈਕਸ ਦਿੰਦਾ ਹੈ? ਰਿਟਾਇਰਮੈਂਟ ਤੋਂ ਬਾਅਦ ਪੈਨਸ਼ਨ ਦਾ ਹੱਕਦਾਰ ਨਹੀਂ ਅਤੇ ਇੱਕ ਰਾਜਨੀਤਿਕ ਨੁਮਾਇੰਦਾ ਜੋ ਸਿਰਫ਼ ਇੱਕ ਜਾਂ ਦੋ ਦਿਨ ਐੱਮ.ਐੱਲ.ਏ. ਜਾਂ ਐੱਮ.ਪੀ. ਬਣ ਕੇ ਹੀ ਪੈਨਸ਼ਨ ਦਾ ਹੱਕਦਾਰ ਬਣ ਜਾਂਦਾ ਹੈ, ਜਿਸ ਦੀ ਵਿੱਦਿਅਕ ਯੋਗਤਾ ਵੀ ਨਹੀਂ ਮਾਪੀ ਜਾਂਦੀ? ਬਹੁਤ ਸਾਰੀਆਂ ਉੱਚ ਵਿੱਦਿਆ ਦੀਆਂ ਸੰਸਥਾਵਾਂ ਨਿੱਜੀ ਖੇਤਰਾਂ ਦੇ ਅਧੀਨ ਹਨ, ਜਿਨ੍ਹਾਂ ਵਿਚ ਸੰਸਥਾ ਦੇ ਮੁਖੀ ਜਾਂ ਪ੍ਰਿੰਸੀਪਲ ਸੰਸਥਾ ਨੂੰ ਆਪਣੀ ਨਿੱਜੀ ਜਗੀਰ ਜਾਂ ਮਲਕੀਅਤ ਸਮਝਦੇ ਹੋਏ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਰਹੇ ਹਨ। ਅਜਿਹੀਆਂ ਸੰਸਥਾਵਾਂ ਉੱਪਰ ਵੀ ਸਰਕਾਰ ਦੇ ਨਾਲ-ਨਾਲ ਪ੍ਰਬੰਧਕ ਕਮੇਟੀਆਂ ਦਾ ਕੰਟਰੋਲ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੋ ਸਦੀਆਂ ਤੋਂ ਚੱਲਦਾ ਆ ਰਿਹਾ ਇਹ ਪ੍ਰਬੰਧ ਹਮੇਸ਼ਾਂ ਦੀ ਤਰ੍ਹਾਂ ਚੱਲਦਾ ਰਹੇ ਅਤੇ ਅਧਿਆਪਕ ਸਮਾਜ ਵਿਚ ਆਪਣੇ ਆਪ ਨੂੰ ਸਤਿਕਾਰਤ ਮਹਿਸੂਸ ਕਰਦਾ ਹੋਇਆ, ਰਾਸ਼ਟਰ ਨਿਰਮਾਣ ਵਿਚ ਵੱਧ-ਚੜ੍ਹ ਕੇ ਹਿੱਸਾ ਪਾਉਂਦਾ ਰਹੇ। ਸਰਕਾਰ ਨੂੰ ਜ਼ਰੂਰਤ ਹੈ ਕਿ ਉਹ ਸਿੱਖਿਆ ਦੇ ਖੇਤਰ ਵਿਚ ਨਿੱਜੀ ਹਿੱਸੇਦਾਰੀ ਨੂੰ ਘਟਾਵੇ ਅਤੇ ਪ੍ਰਬੰਧ ਉੱਪਰ ਨਜ਼ਰਸਾਨੀ ਕਰਕੇ ਸਰਕਾਰੀ ਅਤੇ ਗੈਰ ਸਰਕਾਰੀ ਸਿੱਖਿਆ ਖੇਤਰਾਂ ਲਈ ਨਿਯਮ ਸਥਾਪਤ ਕਰੇ, ਤਾਂ ਜੋ ਉਨ੍ਹਾਂ ਵਿਚ ਪੜ੍ਹਾ ਰਹੇ ਅਧਿਆਪਕਾਂ ਨੂੰ ਇਸ ਗੱਲ ਦਾ ਅਹਿਸਾਸ ਹੋਵੇ ਕਿ ਉਹ ਸੁਰੱਖਿਅਤ ਹਨ।

# "ਇਕ ਸਿਆਣਾ ਡਾਕਟਰ"


-ਵਿਜੈ ਗਰਗ
ਮਲੋਟ
(Punjab Mail USA)




ਇਕ ਔਰਤ ਇਕ ਦਿਨ ਡਾਕਟਰ ਕੋਲ ਗਈ ਤੇ ਬੋਲੀ, "ਡਾਕਟਰ ਸਾਹਿਬ ਮੈਂ ਇੱਕ ਗਭੀਰ ਸਮੱਸਿਆ ਵਿਚ ਹਾਂ, ਤੁਹਾਡੀ ਮਦਦ ਦੀ ਜ਼ਰੂਰਤ ਹੈ। ਮੈਂ ਗਰਭਵਤੀ ਹਾਂ, ਤੁਸੀਂ ਕਿਸੇ ਨੂੰ ਦੱਸਣਾ ਨਹੀਂ, ਮੈਂ ਇੱਕ ਜਾਣ-ਪਹਿਚਾਣ ਦੇ ਅਲਟਰਾ ਸਾਊਂਡ ਸਕੈਨ ਸੈਂਟਰ ਵਿਚੋਂ ਪਤਾ ਕਰ ਲਿਆ ਹੈ ਕਿ ਮੇਰੇ ਗਰਭ ਵਿਚ ਹੋਣ ਵਾਲਾ ਬੱਚਾ ਲੜਕੀ ਹੈ। ਮੈਂ ਪਹਿਲਾ ਤੋਂ ਹੀ ਇੱਕ ਬੱਚੀ ਦੀ ਮਾਂ ਹਾਂ ਅਤੇ ਮੈਂ ਕਿਸੇ ਵੀ ਹਾਲਤ ਵਿਚ ਇਹ ਬੱਚੀ ਦਾ ਜਨਮ ਨਹੀਂ ਚਾਹੁੰਦੀ।" ਡਾਕਟਰ ਨੇ ਕਿਹਾ, "ਠੀਕ ਹੈ, ਤਾਂ ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ..?"

ਤੇ ਉਹ ਲੜਕੀ ਬੋਲੀ, "ਮੈਂ ਚਾਹੁੰਦੀ ਹਾਂ ਕੀ ਇਸ ਗਰਭ ਵਿਚ ਪਲ ਰਹੀ ਬੱਚੀ ਨੰ ਖਤਮ ਕਰਨ ਲਈ ਮੇਰੀ ਮਦਦ ਕਰੋ।"



ਡਾਕਟਰ ਸਮਝਦਾਰ ਤੇ ਇਮਾਨਦਾਰ ਸੀ। ਥੋੜ੍ਹਾ ਸੋਚਣ ਤੋਂ ਬਾਅਦ ਫਿਰ ਉਹ ਬੋਲਿਆ, "ਮੈਨੂੰ ਲੱਗਦਾ ਹੈ ਕੀ ਮੇਰੇ ਕੋਲ ਇਕ ਹੋਰ ਸੌਖਾ ਰਸਤਾ ਹੈ, ਜੋ ਤੁਹਾਡੀ ਪ੍ਰੇਸ਼ਾਨੀ ਦਾ ਹੱਲ ਕੱਢ ਸਕਦਾ ਹੈ।"

ਔਰਤ ਬਹੁਤ ਖੁਸ਼ ਹੋਈ...। ਡਾਕਟਰ ਅੱਗੇ ਬੋਲਿਆ, 'ਆਪਾਂ ਇੱਕ ਕੰਮ ਕਰਦੇ ਹਾਂ, ਤੁਹਾਨੂੰ ਦੋ ਬੇਟੀਆਂ ਨਹੀਂ ਚਾਹੀਦੀਆਂ..? ਤਾਂ ਪਹਿਲੀ ਬੇਟੀ ਨੂੰ ਮਾਰ ਦਿੰਦੇ ਹਾਂ, ਜਿਸ ਲਈ ਤੂੰ ਨਵ ਜੰਮਣ ਵਾਲੀ ਲੜਕੀ ਨੂੰ ਜਨਮ ਦੇ ਸਕੇ ਤੇ ਤੇਰੀ ਸਮੱਸਿਆ ਦਾ ਵੀ ਹੱਲ ਹੋ ਜਾਵੇਗਾ, ਵੈਸੇ ਵੀ ਆਪਾਂ ਇਕ ਬੱਚੀ ਨੂੰ ਤਾਂ ਮਾਰਨਾ ਹੈ, ਤਾਂ ਪਹਿਲਾਂ ਵਾਲੀ ਨੂੰ ਹੀ ਮਾਰ ਦਿੰਦੇ ਹੈ ਨਾ...?' ਤਾਂ ਔਰਤ ਬੋਲੀ "ਨਹੀਂ ਜੀ ਨਹੀਂ। ਹੱਤਿਆ ਕਰਨਾ ਪਾਪ ਹੈ, ਜ਼ੁਲਮ ਹੈ ਤੇ ਮੈਂ ਆਪਣੀ ਬੇਟੀ ਨੂੰ ਜਾਨ ਤੋਂ ਵੀ ਵੱਧ ਪਿਆਰ ਕਰਦੀ ਹਾਂ, ਉਸ ਨੰ ਸੂਈ ਵੀ ਚੁੱਭ ਜੇ, ਇਹ ਮੈਂ ਸਹਿਣ ਨਹੀਂ ਕਰ ਸਕਦੀ, ਮੈਨੂੰ ਦਰਦ ਦਾ ਅਹਿਸਾਸ ਹੁੰਦਾ ਹੈ।"

ਡਾਕਟਰ ਬੋਲਿਆ, "ਤਾਂ ਫਿਰ ਜਿਸ ਬੇਟੀ ਦਾ ਤੂੰ ਗਰਭਪਾਤ ਕਰਵਾਉਣਾ ਚਾਹੁੰਦੀ ਏ, ਉਹ ਹੱਤਿਆ ਨਹੀਂ ਤਾਂ ਹੋਰ ਕੀ ਆ...?'

ਡਾਕਟਰ ਦੇ ਇਸ ਛੋਟੇ ਜੇ ਮੈਸੇਜ ਨੇ ਉਸ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਅੱਖਾਂ ਭਰਦੀ ਉਦਾਸ ਹੁੰਦੀ ਉਹ ਪਾਪੀ ਸੋਚ ਤੋਂ ਬਾਹਰ ਆ ਗਈ ਤੇ ਘਰ ਚਲੀ ਗਈ। ਦੋਸਤੋ, ਸਮਾਜ ਨੂੰ ਸੁਧਾਰਨ ਲਈ ਮਦਦ ਕਰੋ, ਹੋ ਸਕਦਾ ਤੁਹਾਡਾ ਇਕ ਸ਼ੇਅਰ ਕਿਸੇ ਦੀ ਸੋਚ ਬਦਲ ਦੇਵੇ ਅਤੇ ਇਕ ਕੰਨਿਆ ਭਰੂਣ ਸੁਰੱਖਿਆ ਪੂਰਨ ਇਸ ਸੰਸਾਰ 'ਤੇ ਜਨਮ ਲੈ ਲਵੇ।

ਸਫਾ 1 ਦਾ ਬਾਕੀ

## ਅਕਾਲੀ ਦਲ ਹੋ ਸਕਦੈ...

ਕੁਰਬਾਨੀ ਕਰਨ ਲਈ ਤਿਆਰ ਹਨ। ਕਿਸਾਨ ਮਸਲਿਆਂ ਵਰਗੇ ਵੱਡੇ ਮੁੱਦੇ ਉੱਪਰ ਪੈਦਾ ਹੋਇਆ ਟਕਰਾਅ ਅਕਾਲੀ-ਭਾਜਪਾ ਗੱਠਜੋੜ ਦੀ ਬਲੀ ਵੀ ਲੈ ਸਕਦਾ ਹੈ। ਅਕਾਲੀ ਲੀਡਰਸ਼ਿਪ ਖ਼ਾਸਕਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਰੀ ਦਬਾਅ ਦੇ ਬਾਵਜੂਦ ਭਾਜਪਾ ਲੀਡਰਸ਼ਿਪ ਖ਼ਿਲਾਫ਼ ਕਾਹਲੀ 'ਚ ਕੋਈ ਕਦਮ ਚੁੱਕਣ ਦੀ ਬਜਾਏ ਖੇਤੀ ਆਰਡੀਨੈਂਸਾਂ ਬਾਰੇ ਕਿਸਾਨਾਂ ਦੇ ਸ਼ੰਕੇ ਨਵਿਰਤ ਕਰਨ ਦੇ ਯਤਨ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨਾਲ ਮੀਟਿੰਗਾਂ ਕੀਤੀਆਂ ਪਰ ਗੱਲ ਨਾ ਸੁਣੇ ਜਾਣ ਬਾਅਦ ਆਖ਼ਰ ਅਕਾਲੀ ਦਲ ਨੇ ਇਹ ਸਖ਼ਤ ਫ਼ੈਸਲਾ ਲੈਣ ਬਾਰੇ ਸੋਚਿਆ ਹੈ। ਅਕਾਲੀ ਦਲ ਨੇ ਆਖ਼ਰੀ ਮੌਕੇ ਵੀ ਕੇਂਦਰੀ ਨੇਤਾਵਾਂ ਨੂੰ ਬਿੱਲ ਸੰਸਦ ਵਿਚ ਪੇਸ਼ ਨਾ ਕਰਨ ਦੀ ਅਪੀਲ ਕਰਕੇ ਮੌਕਾ ਦੇਣ ਦਾ ਯਤਨ ਕੀਤਾ ਪਰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਆਪਣਾ ਮਨ ਪਹਿਲਾਂ ਹੀ ਬਣਾ ਚੁੱਕੀ ਸੀ।

ਸਫਾ 1 ਦਾ ਬਾਕੀ

## ਲਾਪਤਾ ਪਾਵਨ ਸਰੂਪ ਮਾਮਲਾ : ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਤੇ ਟਾਸਕ ਫੋਰਸ ਨੇ ਧਰਨਾਕਾਰੀਆਂ 'ਤੇ ਕੀਤਾ...

ਵਿਚਾਲੇ ਮੀਟਿੰਗ ਹੋਈ। ਰਾਤ ਵੇਲੇ ਜਦੋਂ ਧਰਨਾਕਾਰੀ ਘੱਟ ਗਿਣਤੀ 'ਚ ਰਹਿ ਗਏ ਸਨ, ਤਾਂ ਸ਼੍ਰੋਮਣੀ ਕਮੇਟੀ ਨੇ ਗੁਰੂ ਰਾਮਦਾਸ ਨਿਵਾਸ, ਗੁਰਦੁਆਰਾ ਬਾਬਾ ਅਟਲ ਰਾਏ ਅਤੇ ਮੰਜੀ ਸਾਹਿਬ ਦੀਵਾਨ ਹਾਲ ਦੇ ਅੱਗੇ ਲੱਗਪਗ 10 ਫੁੱਟ ਉੱਚੀਆਂ ਟੀਨਾਂ ਲਾ ਕੇ ਇੱਧਰ ਆਉਣ ਵਾਲੇ ਰਸਤੇ ਰੋਕ ਦਿੱਤੇ, ਜਿਸ ਨਾਲ ਧਰਨਾਕਾਰੀ ਅਲੱਗ-ਥਲੱਗ ਹੋ ਕੇ ਰਹਿ ਗਏ। ਸਵੇਰ ਵੇਲੇ ਜਦੋਂ ਧਰਨਾਕਾਰੀਆਂ ਦੇ ਸਮਰਥਨ 'ਚ ਕੁਝ ਨਿਹੰਗ ਸਿੰਘ ਪੁੱਜੇ ਤਾਂ ਉਹ ਰਸਤਾ ਬੰਦ ਦੇਖ ਕੇ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਧਰਨੇ 'ਤੇ ਬੈਠ ਗਏ। ਇਨ੍ਹਾਂ ਨੇ ਇੱਥੇ ਹੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਖ਼ਿਲਾਫ਼ ਕੁਝ ਬੈਨਰ ਵੀ ਲਾਏ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਆਈ ਟਾਸਕ ਫੋਰਸ ਦੇ ਕਰਮਚਾਰੀਆਂ ਨੇ ਪਹਿਲਾਂ ਬੈਨਰ ਇਥੋਂ ਹਟਾਏ, ਜਿਸ ਨਾਲ ਨਿਹੰਗਾਂ ਅਤੇ ਇਨ੍ਹਾਂ ਵਿਚਾਲੇ ਤਕਰਾਰ ਸ਼ੁਰੂ ਹੋ ਗਈ, ਜੋ ਝਗੜੇ ਵਿਚ ਬਦਲ ਗਈ। ਇੱਕ ਨਿਹੰਗ ਨੇ ਕਿਰਪਾਨ ਨਾਲ ਹਮਲਾ ਕਰ ਦਿੱਤਾ, ਜਿਸ ਨੂੰ ਰੋਕਦਿਆਂ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਉਸ ਨਿਹੰਗ ਸਮੇਤ ਹੋਰਨਾਂ ਦੀ ਕੁੱਟਮਾਰ ਕੀਤੀ ਅਤੇ ਕਈਆਂ ਦੀ ਦਸਤਾਰ ਵੀ ਉੱਤਰ ਗਈ। ਇਸ ਕਾਰਵਾਈ 'ਚ ਕੁਝ ਨਿਹੰਗ ਜ਼ਖਮੀ ਵੀ ਹੋਏ ਅਤੇ ਟਾਸਕ ਫੋਰਸ ਨੇ ਉਨ੍ਹਾਂ ਨੂੰ ਭਜਾ ਦਿੱਤਾ। ਇਸੇ ਦੌਰਾਨ ਘਟਨਾ ਦੀ ਕਵਰੇਜ ਕਰ ਰਹੇ ਮੀਡੀਆ ਕਰਮੀਆਂ ਨੂੰ ਰੋਕਣ ਲਈ ਉਨ੍ਹਾਂ ਦੀ ਖਿੱਚ-ਧੂਹ ਕਰਦਿਆਂ ਕੈਮਰੇ ਖੋਹਣ ਦਾ ਵੀ ਯਤਨ ਕੀਤਾ ਗਿਆ। ਘਟਨਾ ਦੀ ਵੀਡੀਓ ਵਾਇਰਲ ਹੋਣ ਮਗਰੋਂ ਧਰਨਾਕਾਰੀਆਂ ਦੇ ਹੋਰ ਵੀ ਸਮਰਥਕ ਮੌਕੇ 'ਤੇ ਪੁੱਜ ਗਏ ਅਤੇ ਉਨ੍ਹਾਂ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਧਰਨਾ ਦੇ ਦਿੱਤਾ। ਧਰਨੇ 'ਚ ਸ਼ਾਮਲ ਹੋਣ ਲਈ ਲੋਕ ਇਨਸਾਫ਼ ਪਾਰਟੀ ਦੇ ਜਗਜੋਤ ਸਿੰਘ ਤੇ ਉਨ੍ਹਾਂ ਦੇ ਸਮਰਥਕ ਵੀ ਪੁੱਜੇ ਸਨ। ਹਵਾਰਾ ਕਮੇਟੀ ਦੇ ਆਗੂਆਂ ਨੇ ਵੀ ਧਰਨੇ 'ਚ ਸ਼ਮੂਲੀਅਤ ਕੀਤੀ।

ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਮੀਡੀਆ ਤੋਂ ਮੰਗੀ ਮੁਆਫ਼ੀ

ਇਸੇ ਦੌਰਾਨ ਸਥਾਨਕ ਸੀਨੀਅਰ ਪੱਤਰਕਾਰਾਂ ਦਾ ਇਕ ਵਫ਼ਦ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਸਕੱਤਰ ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ ਤੇ ਹੋਰ ਅਧਿਕਾਰੀਆਂ ਨੂੰ ਮਿਲਿਆ ਤੇ ਮੀਡੀਆ ਕਰਮੀਆਂ 'ਤੇ ਬਿਨ੍ਹਾਂ ਵਜਾ ਹਮਲਾ ਕਰਨ ਵਾਲੇ ਦੋਸ਼ੀ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਤੇ ਟਾਸਕ ਫੋਰਸ ਕਰਮੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ। ਇਸ 'ਤੇ ਭਾਈ ਮਹਿਤਾ ਨੇ ਉਨ੍ਹਾਂ ਵਲੋਂ ਮੀਡੀਆ ਕਰਮੀਆਂ ਨਾਲ ਕੀਤੀ ਗਈ ਜ਼ਿਆਦਤੀ ਲਈ ਮੁਆਫ਼ੀ ਮੰਗਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੀਡੀਆ ਦਾ ਪੂਰਾ ਸਤਿਕਾਰ ਕਰਦੀ ਹੈ ਤੇ ਇਹ ਮਾਮਲਾ ਜਲਦ ਹੀ ਪ੍ਰਧਾਨ ਭਾਈ ਲੌਂਗੋਵਾਲ ਦੇ ਧਿਆਨ ਵਿਚ ਲਿਆ ਕੇ ਦੋਸ਼ੀ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਰਿਸ਼ਤਿਆਂ ਦਾ ਹੋ ਰਿਹਾ ਕਤਲ ਬਜ਼ੁਰਗਾਂ ਦਾ ਘੱਟ ਰਿਹਾ ਸਤਿਕਾਰ

ਹਰਕੀਰਤ ਕੌਰ ਸਭਰਾ
ਤਰਨਤਾਰਨ
97791-18066
(Punjab Mail USA)





ਜ਼ਿੰਦਗੀ ਵਿਚ ਰਿਸ਼ਤੇ ਬਹੁਤ ਗਹਿਰਾ ਮਹੱਤਵ ਰੱਖਦੇ ਹਨ। ਰਿਸ਼ਤਿਆਂ ਦੀ ਕੜੀ ਹੀ ਇੱਕ ਅਜਿਹੀ ਕੜੀ ਹੈ, ਜੋ ਸਾਨੂੰ ਇੱਕ ਦੂਸਰੇ ਨਾਲ ਜੋੜੀ ਰੱਖਦੀ ਹੈ। ਰਿਸ਼ਤੇਦਾਰ ਉਹ ਅਹਿਮ ਹਿੱਸਾ ਹੈ, ਜੋ ਬੰਦੇ ਦੇ ਦੁੱਖ-ਸੁੱਖ ਵਿਚ ਭਾਗੀਦਾਰ ਹੁੰਦੇ ਹਨ। ਖੁਸ਼ੀਆਂ ਦੇ ਮੌਕੇ ਇਕੱਠੇ ਭੰਗੜਾ ਪਾਉਣ ਤੋਂ ਲੈ ਕੇ ਗਮਾਂ ਦੀਆਂ ਘੜੀਆਂ ਵਿਚ ਇੱਕ ਦੂਸਰੇ ਦਾ ਸਹਾਰਾ ਬਣਦੇ ਹਨ ਰਿਸ਼ਤੇ। ਪੁਰਾਣੇ ਸਮੇਂ ਵੀ ਬਹੁਤ ਨਿਆਰੇ ਹੁੰਦੇ ਸਨ। ਜਦੋਂ ਕਿਤੇ ਕੋਈ ਪ੍ਰਾਹੁਣਾ ਘਰ ਆਉਣਾ, ਤਾਂ ਸਾਰਿਆਂ ਨੂੰ ਬਹੁਤ ਚਾਅ ਚੜ੍ਹਦਾ ਹੁੰਦਾ ਸੀ। ਮੈਨੂੰ ਅੱਜ ਵੀ ਯਾਦ ਹੈ ਕਿ ਜਦੋਂ ਸਾਡੀਆਂ ਭੂਆਂ ਸਾਡੇ ਕੋਲ ਰਹਿਣ ਆਉਦੀਆਂ ਸਨ, ਦੂਰੋਂ ਤੁਰੀਆਂ ਆਉਂਦੀਆਂ ਦੇਖ ਕੇ ਅੱਗਲਵਾਂਡੀ ਲੈਣ ਜਾਣਾ। ਮਾਤਾ ਜੀ ਨੇ ਝੱਟ ਦਿਨੀਂ ਪ੍ਰਾਹੁਣਿਆਂ ਦੇ ਪਸੰਦੀਦਾ ਪਕਵਾਨ ਬਣਾ ਕੇ ਰੱਖ ਦੇਣੇ। ਦਾਦੀ ਨੇ ਆਪਣੇ ਬਾਗ ਪਰਿਵਾਰ ਨੂੰ ਹੱਸਦਾ-ਖੇਡਦਾ ਵੇਖ ਫੁਲੀ ਨਾ ਸਮਾਉਣਾ, ਰੱਬ ਦਾ ਸ਼ੁਕਰਾਨਾ ਕਰਨਾ ਤੇ ਆਪਣੇ ਦੋਹਤਿਆਂ-ਪੋਤਰਿਆਂ ਦੇ ਹਾਸਿਆਂ ਤੋਂ ਵਾਰੇ-ਵਾਰੇ ਜਾਣਾ। ਕਹਿਣ ਤੋਂ ਭਾਵ ਪਿਛਲੇ ਸਮਿਆਂ ਵਿਚ ਪਿਆਰ, ਮਿਲਵਰਤਨ ਬਹੁਤ ਗਹਿਰਾ ਸੀ, ਜਿਸ ਕਾਰਣ ਪ੍ਰਾਹੁਣਿਆਂ ਨੂੰ ਰੱਬ ਵਾਂਗ ਪੂਜਿਆ ਜਾਂਦਾ ਸੀ। ਰਿਸ਼ਤੇਦਾਰੀਆਂ ਦੀਆਂ ਕਦਰਾਂ ਸਨ, ਲੋਕਾਂ ਨੂੰ ਰੁਝੇਵੇਂ ਘੱਟ ਤੇ ਖੁਸ਼ੀਆਂ ਮਾਨਣ ਦੇ ਪਲ ਜ਼ਿਆਦਾ ਸਨ। ਲੋਕਾਂ ਵਿਚ ਨਫਾ ਨੁਕਸਾਨ ਲੱਭਣ ਦੀ ਜਗ੍ਹਾ 'ਤੇ ਪਿਆਰ ਅਤੇ ਮਿਲਵਰਤਨ ਦੀ ਤਾਂਘ ਜ਼ਿਆਦਾ ਹੋਇਆ ਕਰਦੀ ਸੀ। ਪਰ ਜੇਕਰ ਅਜੋਕੇ ਸਮੇਂ ਦੀ ਗੱਲ ਕੀਤੀ ਜਾਵੇ, ਤਾਂ ਲੋਕਾਂ ਦੇ ਰੁਝੇਵੇਂ ਜ਼ਿਆਦਾ ਵੱਧ ਗਏ ਹਨ। ਮਾਮੀਆਂ, ਮਾਸੀਆਂ, ਭੂਆਂ ਦੀ ਗੱਲ ਤਾਂ ਬਾਅਦ ਦੀ ਹੈ, ਹੁਣ ਲੋਕਾਂ ਕੋਲ ਇੱਕ ਛੱਤ ਹੇਠਾਂ ਰਹਿ ਰਹੇ ਪਰਿਵਾਰ ਦੇ ਜੀਆਂ ਕੋਲ ਬੈਠਣ ਦਾ ਸਮਾਂ ਨਹੀਂ ਹੈ। ਰਿਸ਼ਤਿਆਂ ਦੀ ਇਸ ਕਦਰ ਬੇਪਤੀ ਹੋ ਰਹੀ ਹੈ ਕਿ ਕਲਯੁੱਗ ਦਾ ਪਹਿਰਾ ਹੋਣ ਦਾ ਸਾਫ ਸਬੂਤ ਮਿਲਦਾ ਹੈ। ਸਮੇਂ ਦੀ ਐਸੀ ਹਨੇਰੀ ਝੁੱਲੀ ਕਿ ਆਪਸੀ ਪ੍ਰੇਮ ਪਿਆਰ ਤੇ ਮਿਲਵਰਤਨ ਦੀ ਜਗ੍ਹਾ ਈਰਖਾ, ਲੜਾਈ-ਝਗੜੇ ਤੇ ਖਹਿਬਾਜ਼ੀ ਨੇ ਲੈ ਲਈ। ਬਾਕੀ ਰਿਸ਼ਤਿਆਂ ਦੀ ਗੱਲ ਬਾਅਦ ਵਿਚ ਢਿੱਡੋਂ ਜਾਏ ਭੈਣ ਭਰਾਵਾਂ ਵਿਚ ਵੀ ਕੇਵਲ ਸ਼ਰੀਕੇਬਾਜ਼ੀ ਰਹਿ ਗਈ ਹੈ ਅਤੇ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਬਜ਼ੁਰਗਾਂ ਨਾਲ ਹੋ ਰਿਹਾ ਦੁਰਵਿਵਹਾਰ ਮੌਜੂਦਾ ਸਮੇਂ ਦੀ ਸਭ ਤੋਂ ਵੱਡਾ ਕਲੰਕ ਹੈ। ਥੋੜ੍ਹੇ ਦਿਨ ਪਹਿਲਾਂ ਇੰਟਰਨੈੱਟ ਉੱਪਰ ਇੱਕ-ਦੋ ਵੀਡੀਓ ਵਾਇਰਲ ਹੋਈਆਂ, ਜਿਸ ਵਿਚ ਨੂੰਹਾਂ ਵੱਲੋਂ ਬਜ਼ੁਰਗ ਮਾਤਾ ਦੀ ਕੁੱਟਮਾਰ ਕੀਤੀ ਜਾ ਰਹੀ ਸੀ। ਜਿਸ ਨੂੰ ਦੇਖ ਕੇ ਏਦਾਂ ਮਹਿਸੂਸ ਹੋਇਆ ਇਨਸਾਨੀਅਤ ਜਿਵੇਂ ਸੱਚੀ ਕਿਧਰੇ ਖੰਭ ਲਾ ਕੇ ਉੱਡ-ਪੁੱਡ ਗਈ ਹੋਵੇ। ਇੱਕ ਹੋਰ ਘਟਨਾ ਸਾਹਮਣੇ ਆਈ ਕਿ ਇੱਕ ਬਜ਼ੁਰਗ ਮਾਤਾ ਨੂੰ ਤਰਸਯੋਗ ਹਾਲਤ ਵਿਚ ਸੜਕ ਕਿਨਾਰੇ ਪਾਇਆ ਗਿਆ, ਪੁੱਛ ਪੜਤਾਲ ਕਰਨ ਉਪਰੰਤ ਪਤਾ ਚੱਲਿਆ ਕਿ ਉਸ ਬੀਬੀ ਦੇ ਪੁੱਤ ਤੇ ਪੋਤਰੀ ਵੱਡੇ ਸਰਕਾਰੀ ਅਧਿਕਾਰੀ ਸਨ। ਇਸ ਤੋਂ ਵੱਧ ਸ਼ਰਮ ਵਾਲੀ ਗੱਲ ਹੋਰ ਕੀ ਹੋ ਸਕਦੀ ਸੀ ਕਿ ਸਮਾਜ ਦਾ ਇੱਕ ਪੜ੍ਹਿਆ-ਲਿਖਿਆ ਵਰਗ ਵੀ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰ ਰਿਹਾ। ਜਿਹੜੇ ਮਾਤਾ-ਪਿਤਾ ਬੱਚੇ ਨੂੰ ਪੜ੍ਹਾ-ਲਿਖਾ ਕੇ ਕਾਬਿਲ ਬਣਾਉਂਦੇ ਹਨ, ਉਹੀ ਬੱਚੇ-ਬੁਢਾਪੇ ਵਿਚ ਸਹਾਰਾ ਬਨਣ ਦੀ ਬਜਾਏ ਬਜ਼ੁਰਗਾਂ ਦੀ ਦੁਰਦਸ਼ਾ ਕਰਦੇ ਹਨ। ਕਿੰਨੀ ਹੈਰਾਨਗੀ ਦੀ ਗੱਲ ਹੈ, ਇੱਕ ਮਾਂ ਆਪਣੇ ਤਿੰਨਾਂ-ਤਿੰਨਾਂ ਪੁੱਤਰਾਂ ਨੂੰ ਇਕੱਲੀ ਪਾਲਦੀ ਹੈ, ਪਰ ਤਿੰਨਾਂ ਪੁੱਤਰਾਂ ਕੋਲੋਂ ਰਲ ਕੇ ਇੱਕ ਮਾਂ ਨਹੀਂ ਸਾਂਭੀ ਜਾਂਦੀ। ਬਜ਼ੁਰਗ ਸਾਡੇ ਸਮਾਜ ਦਾ ਥੰਮ੍ਹ ਹੁੰਦੇ ਹਨ। ਇਹ ਜਿੱਥੇ ਦੇਸ਼ ਦਾ ਸਰਮਾਇਆ ਹੁੰਦੇ ਹਨ, ਉੱਥੇ ਜ਼ਿੰਦਗੀ ਦੇ ਤਜ਼ੁਰਬੇ ਦਾ ਅਥਾਹ ਖਜ਼ਾਨਾ ਵੀ ਹੁੰਦਾ ਹੈ। ਜੇਕਰ ਬੱਚੇ, ਨੌਜਵਾਨ ਬਜ਼ੁਰਗਾਂ ਨਾਲ ਕੁਝ ਸਮਾਂ ਬਿਤਾਉਣ, ਤਾਂ ਉਨ੍ਹਾਂ ਕੋਲੋਂ ਬਹੁਤ ਕੁਝ ਸਿਖਿਆ ਜਾ ਸਕਦਾ ਹੈ। ਉਨ੍ਹਾਂ ਵੱਲੋਂ ਹੰਢਾਏ ਦੁੱਖ, ਖਾਦੇ ਧੱਕੇ ਸਾਨੂੰ ਜ਼ਿੰਦਗੀ ਜਿਊਣ ਦਾ ਵਲ਼ ਸਿਖਾ ਜਾਂਦੇ ਹਨ। ਪਰ ਅਫਸੋਸ ਦੀ ਗੱਲ ਹੈ ਕਿ ਅੱਜ ਦੀ ਪੀੜ੍ਹੀ ਮੋਬਾਈਲਾਂ ਅਤੇ ਆਪਣੀ ਐਸ਼ਪ੍ਰਸਤੀ ਵਿਚ ਏਨਾਂ ਵਿਅਸਤ ਹਨ ਕਿ ਉਨ੍ਹਾਂ ਕੋਲ ਬਜ਼ੁਰਗਾਂ ਕੋਲ ਬੈਠਣ ਦਾ ਸਮਾਂ ਹੀ ਨਹੀਂ ਹੈ। ਜੇਕਰ ਬੱਚੇ ਸਹਿਮਤ ਹੁੰਦੇ ਹਨ ਸਮਾਂ ਬਿਤਾਉਣ ਲਈ, ਤਾਂ ਬੱਚਿਆਂ ਦੇ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦਾ ਬਜ਼ੁਰਗਾਂ ਕੋਲ ਬੈਠਣਾ ਭਾਉਂਦਾ ਨਹੀਂ। ਖਾਸ ਕਰ ਅੱਜਕੱਲ੍ਹ ਦੀਆਂ ਪੜ੍ਹੀਆਂ-ਲਿਖੀਆਂ ਮਾਵਾਂ ਨੂੰ। ਅੰਤ ਵਿਚ ਇਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬਜ਼ੁਰਗ ਸਾਡੇ ਅਸਲੀ ਮਾਰਗਦਰਸ਼ਕ ਹਨ, ਸਾਡੇ ਵੱਡੇ-ਵਡੇਰੇ ਹਨ, ਉਨ੍ਹਾਂ ਦਾ ਸਤਿਕਾਰ ਕਰਨਾ, ਪਿਆਰ ਕਰਨਾ ਸਾਡਾ ਸਾਰਿਆਂ ਦਾ ਪਹਿਲਾਂ ਫਰਜ਼ ਹੈ। ਹਰ ਰਿਸ਼ਤੇ ਦੀ ਸਾਡੀ ਜ਼ਿੰਦਗੀ ਵਿਚ ਆਪਣੀ ਅਹਿਮੀਅਤ ਹੈ, ਸਾਡੀ ਜ਼ਿੰਮੇਵਾਰੀ ਹੈ ਕਿ ਹਰ ਰਿਸ਼ਤੇ ਨੂੰ ਉਸਦਾ ਬਣਦਾ ਇੱਜ਼ਤ, ਮਾਣ-ਸਤਿਕਾਰ ਅਤੇ ਪਿਆਰ ਦੇਈਏ, ਤਾਂ ਜੋ ਪੁਰਾਣੇ ਸਮਿਆਂ ਵਾਂਗ ਹਰ ਪਾਸਿਓਂ ਆਪਣੇਪਣ ਦੀ ਮਿੱਠੀ-ਮਿੱਠੀ ਖੁਸ਼ਬੂ ਆਵੇ। ਅੰਤ ਵਿਚ ਮੇਰੀ ਕਲਮ ਕਹਿੰਦੀ ਹੈ ਕਿ:

ਨਾ ਮਾਰੋ ਬੁੱਢੇ ਮਾਪਿਆਂ ਨੂੰ
ਆਖਰ ਤੁਸੀਂ ਵੀ ਬੁੱਢੇ ਹੋਣਾ
ਜਿਹੜੇ ਦਿਨ ਇਹ ਕੱਟ ਰਹੇ ਨੇ
ਇਹ ਦਿਨ ਸਾਡੇ 'ਤੇ ਵੀ ਆਉਣਾ
ਨਾ ਮਾਰੋ ਬੁੱਢੇ ਮਾਪਿਆਂ ਨੂੰ
ਆਖਰ ਤੁਸੀਂ ਵੀ ਬੁੱਢੇ ਹੋਣਾ।

# ਡੋਲੀ ਤੋਰਨ ਦੀ ਰਸਮ

ਜਸਪ੍ਰੀਤ ਕੌਰ ਸੰਘਾ
ਹੁਸ਼ਿਆਰਪੁਰ
99150-33176
(Punjab Mail USA)





ਪੰਜਾਬੀ ਸੱਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਆਪਣੇ ਅੰਦਰ ਅਨੇਕਾਂ ਰਸਮਾਂ, ਰੀਤੀ-ਰਿਵਾਜ਼ਾਂ ਨੂੰ ਸਮੋਈ ਬੈਠਾ ਹੈ। ਸਾਡੇ ਸੱਭਿਆਚਾਰ ਵਿਚ ਜਨਮ ਤੋਂ ਲੈ ਕੇ ਮਰਨ ਤੱਕ ਦੇ ਸਫਰ ਨਾਲ ਸਬੰਧਤ ਅਨੇਕਾਂ ਰਸਮਾਂ, ਰੀਤੀ-ਰਿਵਾਜ਼ ਹਨ। ਜ਼ਿੰਦਗੀ ਦੇ ਸਫਰ ਦਾ ਇੱਕ ਖੂਬਸੂਰਤ ਪੜਾਅ ਹੈ - ਵਿਆਹ। ਪੁਰਾਣੇ ਸਮੇਂ ਵਿਚ ਵਿਆਹ ਕਈ-ਕਈ ਦਿਨ ਚੱਲਦੇ ਸਨ ਪਰ ਵਰਤਮਾਨ ਸਮੇਂ ਵਿਚ ਵਿਆਹਾਂ ਦਾ ਸਰੂਪ ਬਿਲਕੁਲ ਹੀ ਬਦਲ ਗਿਆ ਹੈ। ਸਾਡੇ ਸਮਾਜ ਵਿਚ ਵਿਆਹ ਸਮੇਂ ਅਨੇਕਾਂ ਰਸਮਾਂ ਨਿਭਾਈਆਂ ਜਾਂਦੀਆਂ ਹਨ, ਜਿਵੇਂ ਆਟੇ ਪਾਣੀ ਪਾਉਣਾ, ਵਟਣਾ ਮਲਣਾ, ਨ੍ਹਾਈ - ਧੋਈ ਦੀ ਰਸਮ, ਨਾਨਕ ਸ਼ੱਕ, ਜਾਗੋ, ਸਿਹਰਾਬੰਦੀ, ਸੁਰਮਾ ਪਾਉਣਾ, ਰਿਬਨ ਕਟਵਾਉਣਾ, ਮਿਲਣੀ ਕਰਨੀ, ਆਨੰਦ ਕਾਰਜ ਦੀ ਰਸਮ, ਡੋਲੀ ਤੋਰਨ ਦੀ ਰਸਮ ਅਤੇ ਪਾਣੀ ਵਾਰਨਾ ਆਦਿ। ਇਨ੍ਹਾਂ ਤੋਂ ਇਲਾਵਾ ਅਨੇਕਾਂ ਹੋਰ ਛੋਟੀਆਂ-ਛੋਟੀਆਂ ਰਸਮਾਂ ਹਨ, ਜੋ ਅਜੋਕੇ ਯੁੱਗ ਵਿੱਚ ਲੋਪ ਹੁੰਦੀਆਂ ਜਾ ਰਹੀਆਂ ਹਨ।

ਵਿਆਹ ਦੀਆਂ ਇਨ੍ਹਾਂ ਰਸਮਾਂ ਵਿਚੋਂ ਬਹੁਤ ਮਹੱਤਵਪੂਰਨ ਰਸਮ ਹੈ ਡੋਲੀ ਤੋਰਨ ਦੀ। ਜਦੋਂ ਵਿਆਹ ਦੀ ਸਮਾਪਤੀ ਤੋਂ ਬਾਅਦ ਧੀ ਦੀ ਡੋਲੀ ਤੋਰੀ ਜਾਂਦੀ ਹੈ, ਤਾਂ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ। ਕਿੱਡਾ ਵੱਡਾ ਜਿਗਰਾ ਹੁੰਦਾ ਹੈ ਉਸ ਪਿਓ ਦਾ, ਜੋ ਆਪਣੇ ਜਿਗਰ ਦਾ ਟੋਟਾ ਦੂਜੇ ਨੂੰ ਸੌਂਪ ਦਿੰਦਾ ਹੈ। ਕਿੰਨਾ ਹੌਂਸਲਾ ਹੁੰਦਾ ਹੈ ਉਸ ਮਾਂ ਦਾ, ਜੋ ਆਪਣੀ ਲਾਡਲੀ ਧੀ ਨੂੰ ਬੇਗਾਨੇ ਹੱਥੀਂ ਸੌਂਪਦੀ ਹੈ ਪਰ ਜੱਗ ਦੀ ਰੀਤ ਹੈ ਕਿ ਧੀਆਂ ਨੂੰ ਪਰਾਇਆ ਧਨ ਹੀ ਸਮਝਿਆ ਜਾਂਦਾ ਹੈ ਤੇ ਧੀ ਦੇ ਹੱਥ ਪੀਲੇ ਕਰਕੇ, ਉਸਦੀ ਦੀ ਡੋਲੀ ਤੋਰ ਕੇ ਹੀ ਮਾਪਿਆਂ ਨੂੰ ਚੈਨ ਮਿਲਦਾ ਹੈ।

ਗਲੀਆਂ ਤੇ ਹੋਈਆਂ ਬਾਬਲ ਭੀੜੀਆਂ
ਮੇਰਾ ਆਂਗਨ ਹੋਇਆ ਪ੍ਰਦੇਸ ਵੇ ਬਾਬਲ
ਰੱਖ-ਰੱਖ ਬਾਬਲ ਘਰ ਆਪਣੇ
ਧੀ ਚੱਲੀ ਬਿਗਾਨੜੇ ਦੇਸ ਵੇ ਬਾਬਲ।

ਪੁਰਾਣੇ ਸਮੇਂ ਵਿਚ ਵਿਆਹ ਘਰਾਂ ਵਿਚ ਕੀਤੇ ਜਾਂਦੇ ਸਨ ਅਤੇ ਧੀਆਂ ਦੀ ਡੋਲੀ ਵੀ ਘਰੋਂ ਹੀ ਵਿਦਾ ਕੀਤੀ ਜਾਂਦੀ ਸੀ ਪਰ ਹੁਣ ਵਿਆਹ ਘਰ ਦੀ ਬਜਾਏ ਮੈਰਿਜ ਪੈਲਸਾਂ ਵਿਚ ਕੀਤੇ ਜਾਂਦੇ ਹਨ ਅਤੇ ਧੀਆਂ ਦੀ ਡੋਲੀ ਵੀ ਆਮ ਤੌਰ 'ਤੇ ਮੈਰਿਜ ਪੈਲੇਸ ਵਿਚੋਂ ਹੀ ਵਿਦਾ ਕਰ ਦਿੱਤੀ ਜਾਂਦੀ ਹੈ। ਪਹਿਲਾਂ ਧੀਆਂ ਨੂੰ ਡੋਲੀ ਵਿਚ ਵਿਦਾ ਕੀਤਾ ਜਾਂਦਾ ਸੀ ਪਰ ਅੱਜ ਡੋਲੀ ਦੀ ਜਗ੍ਹਾ ਕਾਰਾਂ ਨੇ ਲੈ ਲਈ ਹੈ। ਧੀ ਦੀ ਡੋਲੀ ਤੋਰਨ ਲਈ ਸ਼ਰੀਕੇ ਦੇ ਸਾਰੇ ਲੋਕ, ਰਿਸ਼ਤੇਦਾਰ, ਸੱਜਣ-ਮਿੱਤਰ ਇਕੱਠੇ ਹੁੰਦੇ ਹਨ, ਜੋ ਕਿ ਧੀ ਨੂੰ ਪਿਆਰ ਅਤੇ ਅਸੀਸਾਂ ਦਿੰਦੇ ਹਨ ਅਤੇ ਮਾਪਿਆਂ ਨੂੰ ਦਿਲਾਸਾ ਦਿੰਦੇ ਹਨ। ਡੋਲੀ ਤੁਰਨ ਸਮੇਂ ਸਾਕ-ਸਬੰਧੀਆਂ ਵੱਲੋਂ ਨਵ-ਵਿਆਹੀ ਜੋੜੀ ਨੂੰ ਸ਼ਗਨ ਦਿੱਤਾ ਜਾਂਦਾ ਹੈ। ਧੀ ਦੀ ਮਾਂ ਜਾਂ ਪਰਿਵਾਰ ਦੀ ਕੋਈ ਹੋਰ ਬਜ਼ੁਰਗ ਔਰਤ ਨਵ-ਵਿਆਹੀ ਜੋੜੀ ਨੂੰ ਸ਼ਗਨ ਦਿੰਦੀ ਹੈ ਅਤੇ ਉਨ੍ਹਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਉਂਦੀ ਹੈ। ਉਸ ਤੋਂ ਬਾਅਦ ਧੀ ਜਾਂਦੇ ਸਮੇਂ ਆਪਣੇ ਬਾਬੁਲ ਦੇ ਘਰ ਵਿਚ ਚੌਲਾਂ ਦਾ ਛਿੱਟਾ ਦਿੰਦੀ ਹੋਈ ਜਾਂਦੀ ਹੈ, ਤਾਂ ਕਿ ਉਸ ਦੇ ਬਾਬਲ ਦਾ ਘਰ, ਉਸ ਦੇ ਵੀਰਾਂ ਦਾ ਸੰਸਾਰ ਉਸੇ ਤਰ੍ਹਾਂ ਹਰਿਆ-ਭਰਿਆ ਅਤੇ ਹੱਸਦਾ-ਵੱਸਦਾ ਰਹੇ। ਵੀਰ ਵੀ ਡੋਲੀ ਵਾਲੀ ਕਾਰ ਨੂੰ ਧੱਕਾ ਲਾ ਕੇ ਆਪਣੀ ਲਾਡਲੀ ਭੈਣ ਨੂੰ ਵਿਦਾ ਕਰਦੇ ਹਨ। ਡੋਲੀ ਤੁਰਨ ਸਮੇਂ ਧੀ ਰੋ-ਰੋ ਕੇ ਮਾਂ ਅੱਗੇ ਉਸ ਨੂੰ ਇੱਕ ਦਿਨ ਹੋਰ ਰੱਖਣ ਲਈ ਵਾਸਤੇ ਪਾਉਂਦੀ ਹੋਈ ਆਖਦੀ ਹੈ -

'ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਂ
ਰਹਾਂ ਬਾਪ ਦੀ ਮੈਂ ਬਣ ਕੇ ਗੋਲੀ ਨੀ ਮਾਂ'

ਇਸ ਦੇ ਜਵਾਬ ਵਿਚ ਮਾਂ, ਧੀ ਨੂੰ ਆਖਦੀ ਹੈ -

ਡੋਲੀ ਦਾ ਵਾਣ ਪੁਰਾਣਾ ਨੀਂ
ਨਾ ਰੋ ਧੀਏ
ਧੀਆਂ ਧਨ ਬੇਗਾਨਾ ਨੀਂ
ਤੇਰੀ ਡੋਲੀ ਨੂੰ ਲੱਗੜੇ ਤੀਰ ਨੀਂ
ਤੈਨੂੰ ਵਿਦਾ ਕਰੇਂਦੇ ਤੇਰੇ ਵੀਰ ਨੀਂ।

ਇਸੇ ਤਰ੍ਹਾਂ ਧੀ ਆਪਣੇ ਬਾਬਲ ਅੱਗੇ ਫਰਿਆਦ ਕਰਦੀ ਹੈ ਕਿ ਉਹ ਉਸ ਨੂੰ ਆਪਣੇ ਘਰ ਵਿਚ ਰੱਖ ਲਵੇ ਪਰ ਬਾਬਲ ਸਮਾਜਿਕ ਬੰਦਸ਼ਾਂ ਅਤੇ ਰੀਤੀ-ਰਿਵਾਜ਼ਾਂ ਤੋਂ ਮਜਬੂਰ ਧੀ ਨੂੰ ਆਪਣੇ ਘਰ ਜਾਣ ਲਈ ਆਖਦਾ ਹੈ। ਧੀ ਬਾਬਲ ਨੂੰ ਵਾਸਤਾ ਪਾਉਂਦੀ ਹੈ ਕਿ ਉਸ ਤੋਂ ਬਾਅਦ ਉਸ ਦੇ ਘਰ ਵਿਚ ਗੁੱਡੀਆਂ ਕੌਣ ਖੇਡੇਗਾ ਤਾਂ ਬਾਬਲ ਆਖਦਾ ਹੈ ਕਿ ਉਸ ਦੇ ਘਰ ਵਿਚ ਹੁਣ ਉਸ ਦੀਆਂ ਪੋਤਰੀਆਂ ਗੁੱਡੀਆਂ ਖੇਡਣਗੀਆਂ ਪਰ ਧੀਏ ਤੂੰ ਆਪਣੇ ਘਰ ਜਾ।

'ਤੇਰੇ ਮਹਿਲਾਂ ਦੇ ਵਿਚ-ਵਿਚ ਵੇ
ਬਾਬਲ ਗੁੱਡੀਆਂ ਕੌਣ ਖੇਡੂ
ਮੇਰੀਆਂ ਖੇਡਣ ਪੋਤਰੀਆਂ
ਧੀਏ ਘਰ ਜਾ ਆਪਣੇ'

ਇਸੇ ਤਰ੍ਹਾਂ ਜਦੋਂ ਧੀ ਨੂੰ ਡੋਲੀ ਬਿਠਾਇਆ ਜਾਂਦਾ ਹੈ ਅਤੇ ਧੀ ਰੋਂਦੀ-ਕੁਰਲਾਉਂਦੀ ਹੈ, ਤਾਂ ਸਾਕ-ਸਬੰਧੀ ਧੀ ਨੂੰ ਦਿਲਾਸਾ ਦਿੰਦੇ ਹਨ ਅਤੇ ਉਸ ਦੀ ਝੋਲੀ ਅਸੀਸਾਂ ਨਾਲ ਭਰ ਦਿੰਦੇ ਹਨ। ਜਿਵੇਂ ਕਿਹਾ ਜਾਂਦਾ ਹੈ -

ਨਾ ਰੋ ਬੀਬੀ ਗੌਰਜਾਂ
ਕੋਈ ਗੁਝੜੇ ਰੋਣੇ ਨਾ ਰੋ
ਮਾਪਿਆਂ ਡੋਲੀ ਪਾ ਦਿੱਤੀ
ਤੂੰ ਤਾਂ ਬੁੱਢ ਸੁਹਾਗਣ ਹੋ

ਇਸੇ ਤਰ੍ਹਾਂ ਕਿਹਾ ਜਾਂਦਾ ਹੈ -
ਲਾਲ ਭੈਣੇ ਤੇਰੇ ਕੱਪੜੇ
ਕਾਲੇ ਤੇਰੇ ਕੇਸ
ਮਾਪਿਆਂ ਨੇ ਡੋਲੇ ਪਾ ਦਿੱਤੀ
ਕੋਈ ਖਾਈ ਆਪਣੇ ਲੇਖ ।

ਸਾਡੇ ਸਮਾਜ ਦੀ ਇੱਕ ਧਾਰਨਾ ਹੈ ਕਿ ਸਭ ਤੋਂ ਵੱਡਾ ਦਾਨ ਧੀ ਦਾ ਹੁੰਦਾ ਹੈ, ਜਿਸ ਨੇ ਧੀ ਦੇ ਦਿੱਤੀ, ਸਮਝੋ ਉਸ ਨੇ ਆਪਣਾ ਸਭ ਕੁਝ ਦੇ ਦਿੱਤਾ ਪਰ ਪੈਸੇ ਦੀ ਲੋਭੀ ਦੁਨੀਆਂ ਤਾਂ ਧੀਆਂ ਦੀ ਬਜਾਏ ਧਨ-ਦੌਲਤ ਅਤੇ ਦਾਜ ਨੂੰ ਜ਼ਿਆਦਾ ਮਹੱਤਵ ਦਿੰਦੀ ਹੈ। ਧੀਆਂ ਦੇ ਮਾਪੇ ਤਾਂ ਸਾਰੀ ਉਮਰ ਮੁੰਡੇ ਵਾਲਿਆਂ ਅੱਗੇ ਝੁਕੇ ਹੀ ਰਹਿੰਦੇ ਹਨ। ਡੋਲੀ ਤੋਰਨ ਲੱਗਿਆਂ ਵੀ ਧੀ ਦਾ ਪਿਓ ਆਪਣੇ ਕੁੜਮ ਅੱਗੇ ਬੇਨਤੀ ਕਰਦਾ ਹੈ ਕਿ ਉਹ ਉਨ੍ਹਾਂ ਦੁਆਰਾ ਦਿੱਤੇ ਕੱਪੜੇ, ਗਹਿਣਿਆਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਦੁਆਰਾ ਦਿੱਤੀ ਤਿੱਲਫੁਲ ਭੇਟਾਂ ਨੂੰ ਸਵੀਕਾਰ ਕਰ ਲੈਣ ਅਤੇ ਉਨ੍ਹਾਂ ਦੀ ਧੀ ਨੂੰ ਸਹੁਰੇ ਪਰਿਵਾਰ ਵਿਚ ਪੂਰਾ ਮਾਣ ਬਖ਼ਸ਼ਣ।

ਸੁਣਿਓ ਵੇ ਸੁਣਿਓ ਨਵਿਓ ਕੁੜਮੋ
ਅਰਜ ਬੰਦੀ ਦੀ ਸੁਣਿਓ ਜੀ
ਜੋ ਅਸੀਂ ਦਿੱਤੀਆਂ ਪਾਟੀਆਂ ਲੀਰਾਂ
ਰੇਸ਼ਮ ਕਰਕੇ ਜਾਣਿਓ ਜੀ
ਜੋ ਅਸੀਂ ਦਿੱਤੇ ਚਾਂਦੀ ਦੇ ਗਹਿਣੇ
ਸੋਨਾ ਕਰਕੇ ਜਾਣਿਓ ਜੀ ।

ਅੱਗੇ ਜੇ ਕੁੜਮ ਵੀ ਸੂਝ-ਸਿਆਣਪ ਵਾਲਾ ਹੋਵੇ, ਤਾਂ ਉਹ ਆਪਣੇ ਕੁੜਮ ਨੂੰ ਦਿਲਾਸਾ ਦਿੰਦਾ ਹੋਇਆ ਆਖਦਾ ਹੈ -

ਸਾਡਾ ਅੰਦਰ ਵੀ ਭਰਿਆ
ਸਾਡਾ ਬਾਹਰ ਵੀ ਭਰਿਆ
ਕੁੜਮ ਰਾਜਿਓ ਜੀ
ਸਾਡਾ ਭਰਿਆ ਪੱਖ ਪਰਿਵਾਰ
ਹੋ ਜੇ ਧੀ ਜੁ ਦਿੱਤੀ ਤੁਸਾਂ ਡਾਹਢੀ ਸੋਹਣੀ
ਸਾਡੇ ਘਰ ਦਾ ਹੋਇਆ ਸ਼ਿੰਗਾਰ
ਹੋ ਸਾਈ ਵਸਦੇ ਰਹੋ।

ਧੀਆਂ ਤਾਂ ਅਸਲ ਵਿਚ ਹਨ ਹੀ ਚਿੜੀਆਂ, ਜਿਨ੍ਹਾਂ ਨੇ ਇੱਕ ਨਾ ਇੱਕ ਦਿਨ ਉਡਾਰੀ ਮਾਰਨੀ ਹੀ ਹੁੰਦੀ ਹੈ। ਧੀਆਂ ਨੂੰ ਤਾਂ ਰਾਜੇ-ਰਜਵਾੜੇ ਵੀ ਘਰ ਨਹੀਂ ਰੱਖ ਸਕਦੇ। ਧੀ ਦੇ ਮਾਪਿਆਂ ਦੀ ਚਿੰਤਾ ਉਸ ਨੂੰ ਸਹੁਰੇ ਘਰ ਤੋਰ ਕੇ ਹੀ ਖਤਮ ਹੁੰਦੀ ਹੈ। ਧੀ ਭਾਂਵੇ ਕਦੇ ਵੀ ਆਪਣੇ ਬਾਬਲ ਦਾ ਘਰ ਛੱਡਣਾ ਨਹੀਂ ਚਾਹੁੰਦੀ। ਉਹ ਨਹੀਂ ਚਾਹੁੰਦੀ ਕਿ ਉਹ ਕਦੀ ਵੀ ਉਸ ਸਵਰਗ ਤੋਂ ਦੂਰ ਜਾਵੇ, ਜਿੱਥੇ ਉਸ ਦਾ ਬਚਪਨ ਬੀਤਿਆ, ਜਿੱਥੇ ਉਸਨੂੰ ਜਵਾਨੀ ਚੜ੍ਹੀ ਹੋਵੇ ਅਤੇ ਜਿੱਥੇ ਉਸ ਨੇ ਜ਼ਿੰਦਗੀ ਦੇ ਦੁੱਖ-ਸੁੱਖ ਮਾਣੇ ਹੋਣ।

ਕਾਹਨੂੰ ਕਰਨਾ ਗੁਮਾਨ ਬਾਬਲਾ
ਵੇ ਧੀਆਂ ਪਰਦੇਸਣਾਂ
ਕਾਹਨੂੰ ਹੋਈਆਂ ਸੀ ਜਵਾਨ ਬਾਬਲਾ
ਵੇ ਧੀਆਂ ਪਰਦੇਸਣਾਂ।

ਭਾਵੇਂ ਵਰਤਮਾਨ ਸਮੇਂ ਵਿਆਹਾਂ ਦਾ ਸਰੂਪ ਬਦਲ ਗਿਆ ਹੈ ਪਰ ਡੋਲੀ ਤੁਰਨ ਸਮੇਂ ਜੋ ਦਰਦ ਕੱਲ੍ਹ ਹੁੰਦਾ ਸੀ, ਉਹੀ ਅੱਜ ਹੁੰਦਾ ਹੈ। ਸੱਚਮੁੱਚ ਕਿੰਨਾ ਵੱਡਾ ਜਿਗਰਾ ਹੁੰਦਾ ਹੈ ਉਨ੍ਹਾਂ ਮਾਪਿਆਂ ਦਾ, ਜੋ ਆਪਣੇ ਹੱਥੀਂ ਪਾਲੀਆਂ ਧੀਆਂ ਨੂੰ ਬੇਗਾਨੇ ਹੱਥੀਂ ਸੌਂਪ ਦਿੰਦੇ ਹਨ। ਸੱਚਮੁੱਚ ਕਿੰਨਾ ਵੱਡਾ ਜਿੱਗਰਾ ਹੁੰਦਾ ਹੈ ਇਨ੍ਹਾਂ ਮਾਸੂਮ ਕੁੜੀਆਂ-ਚਿੜੀਆਂ ਦਾ, ਜੋ ਆਪਣੀ ਵਸੀ-ਵਸਾਈ ਦੁਨੀਆਂ ਛੱਡ ਕੇ ਇੱਕ ਨਵੀਂ ਦੁਨੀਆਂ ਨੂੰ ਅਪਣਾਉਂਦੀਆਂ ਹਨ ਅਤੇ ਉਸ ਦੁਨੀਆਂ ਨੂੰ ਸਵਰਗ ਬਣਾਉਣ ਲਈ ਆਪਣਾ ਆਪਾ ਵਾਰ ਦਿੰਦੀਆਂ ਹਨ।

ਮੇਰੀ ਡੋਲੀ ਨੂੰ ਰੱਜ ਕੇ ਵੇਖ ਨੀਂ ਮਾਂ
ਮੈਂ ਤਾਂ ਜਾਣਾਂ ਬਿਗਾਨੜੇ ਦੇਸ ਨੀਂ ਮਾਂ।

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



» ਸਮਝਾਉਣਾ ਔਖਾ ਤੇ ਉਲਝਾਉਣਾ ਸੌਖਾ ਹੁੰਦਾ ਹੈ, ਇਸੇ ਵਾਸਤੇ ਸਾਡੇ ਲੀਡਰ ਸਾਨੂੰ ਉਲਝਾ ਕੇ ਹੀ ਰਾਜ ਵੀ ਕਰੀ ਜਾਂਦੇ ਹਨ, ਮਾਲਾਮਾਲ ਵੀ ਹੋਈ ਜਾਂਦੇ ਹਨ।
» ਕੈਨੇਡਾ ਤੋਂ ਇੰਡੀਆ ਫੋਨ 'ਤੇ ਪੁੱਛੋ, ਕੀ ਕਰਦੇ ਹੋ ? ਜਵਾਬ ਮਿਲਦਾ ਹੈ, ਵਿਹਲੇ ਈ ਆਂ। ਸਵੇਰ ਦੇ ਕੀ ਕਰਦੇ ਸੀ ? ਕੁਝ ਨਹੀਂ ਵਿਹਲੇ ਈ ਸਾਂ। ਹੁਣ ਕੀ ਪ੍ਰੋਗਰਾਮ ਹੈ ? ਕੁਝ ਖਾਸ ਨਹੀਂ ਘਰੇ ਈ ਹਾਂ...। ਇੰਡੀਆ ਤੋਂ ਕੈਨੇਡਾ ਨੂੰ ਫੋਨ ਲਾਉ, ਅੱਗੋਂ ਜਵਾਬ ਹੁੰਦਾ ਹੈ, ਕੰਮ 'ਤੇ ਹਾਂ, ਕੰਮ ਤੋਂ ਆਇਆਂ ਜਾਂ ਕੰਮ 'ਤੇ ਚੱਲਿਆਂ...। ਕੈਨੇਡਾ ਦੀ ਅਮੀਰੀ ਦਾ ਕਾਰਨ ਫਿਰ ਵੀ ਨਹੀਂ ਸਮਝਦੇ !!
» ਤੁਹਾਨੂੰ ਸੱਚੇ ਬੰਦੇ ਦੀ ਕੀਮਤ ਓਨਾ ਚਿਰ ਨਹੀਂ ਪਤਾ ਲੱਗਦੀ, ਜਿੰਨਾ ਚਿਰ ਤੁਹਾਡਾ ਕਿਸੇ ਝੂਠੇ ਨਾਲ ਵਾਹ ਨਹੀਂ ਪੈਂਦਾ।
» ਅਕਸਰ ਰੁੱਸਦੇ ਉਨ੍ਹਾਂ ਨੂੰ ਹੀ ਵੇਖਦੇ ਹਾਂ, ਜਿਨ੍ਹਾਂ ਨੂੰ ਕਿਸੇ ਨੇ ਮਨਾ ਲੈਣਾ ਹੋਵੇ। ਜਿਸ ਨੂੰ ਪਤਾ ਹੋਵੇ ਕਿਸੇ ਨੇ ਮਨਾਉਣਾ ਨਹੀਂ, ਉਹ ਰੁੱਸਦਾ ਵੀ ਨਹੀਂ।
» ਸਿਰਫ "ਲਾਵਾਂ" ਲੈ ਕੇ ਹੀ ਇਨਸਾਨ ਘਰ ਵਾਲਾ ਨਹੀਂ ਬਣ ਜਾਂਦਾ, ਸੁਖੀ ਜੀਵਨ ਜਿਉਣਾ ਹੈ, ਤਾਂ ਲਾਵਾਂ ਲੈਣ ਉਪਰੰਤ "ਲਾਵਾਂ" ਨੂੰ ਦੋਵੇਂ ਜੀਅ ਸਮਝਣ।
» ਬਹੁਤਾਤ ਵਿਚ ਵੇਖਿਆ ਗਿਆ ਹੈ ਕਿ ਇਨਸਾਨ ਪਹਿਲਾਂ ਪੈਸੇ ਨੂੰ ਭਾਲਦਾ ਹੈ, ਫਿਰ ਸਕੂਨ ਨੂੰ।

(Punjab Mail USA)

## ਗ਼ਜ਼ਲ : 47 ਦੇ ਆਰ-ਪਾਰ

ਸ਼ੁੱਧ ਹਵਾ ਤੇ ਸਾਫ ਸੀ ਪਾਣੀ, ਰੋਗ ਰਹਿਤ ਸਭ ਘਰ ਹੁੰਦੇ ਸੀ।
ਤੜਕ ਭੜਕ ਬਿਨ ਸਾਦਾ ਜੀਵਨ, ਖੱਦਰ ਦੇ ਵਸਤਰ ਹੁੰਦੇ ਸੀ।
ਆਉਣ ਜਾਣ ਤੇ ਭਾਰ ਢੋਣ ਲਈ, ਹੁੰਦੇ ਸੀ ਲੱਕੜ ਦੇ ਗੱਡੇ,
ਪਿੰਡ ਦਿਆਂ ਲੋਕਾਂ ਲਈ ਓਦੋਂ ਇਹੀ, ਹੈਲੀਕਾਪਟਰ ਹੁੰਦੇ ਸੀ।
ਘਰ ਵਿਚ ਕੋਈ ਪ੍ਰਾਹੁਣਾ ਆਵੇ, ਸਾਰਿਆਂ ਨੂੰ ਸੀ ਚਾਅ ਚੜ੍ਹ ਜਾਂਦਾ,
ਰਾਹੀ ਪਾਂਧੀ ਮੰਗਤਾ ਆਵੇ, ਸਭ ਲਈ ਖੁੱਲ੍ਹੇ ਦਰ ਹੁੰਦੇ ਸੀ।
ਸ਼ਗਨ ਵਿਚ ਇਕ ਰੁਪਈਆ ਲੈ ਕੇ, ਸਾਰੀ ਜ਼ਿੰਦਗੀ ਸੀ ਕਟ ਲੈਂਦੇ,
ਕਿੰਨੀਆਂ ਸਮਝਦਾਰ ਸੀ ਕੁੜੀਆਂ, ਕਿੰਨੇ ਚੰਗੇ ਵਰ ਹੁੰਦੇ ਸੀ।
ਥਾਲੀਆਂ ਭਰ ਘੀ ਸ਼ੱਕਰ ਖਾਣੀ, ਛੰਨੇ ਭਰ ਭਰ ਦੁੱਧ ਪੀ ਜਾਣਾ,
ਅੱਜਕੱਲ੍ਹ ਦੇ ਗੱਭਰੂਆਂ ਤੋਂ ਤਾਂ, ਬੁੱਢੇ ਜ਼ੋਰਾਵਰ ਹੁੰਦੇ ਸੀ।
ਦਰਿਆਵਾਂ ਬੇਈਆਂ ਦਾ ਪਾਣੀ, ਹੁੰਦਾ ਸ਼ੁੱਧ ਸੀ ਸ਼ੀਸ਼ੇ ਵਰਗਾ,
ਨੌਹਣਾ ਧੋਣਾ ਰੱਜ-ਰੱਜ ਪੀਣਾ, ਵਗਦੇ ਨਿਰਮਲ ਸਰ ਹੁੰਦੇ ਸੀ।
ਇਕ ਚੁੱਲ੍ਹੇ 'ਤੇ ਰੋਟੀ ਪੱਕਣੀ, ਇਕ ਚੌਂਕੇ ਵਿਚ ਬਹਿ ਕੇ ਖਾਣੀ,
ਲਿਪੇ-ਪੋਚੇ ਕੱਚੇ ਭਾਵੇਂ, ਖੁੱਲ੍ਹੇ ਡੁੱਲ੍ਹੇ ਘਰ ਹੁੰਦੇ ਸੀ।
ਸੱਚ ਦੇ ਉੱਤੇ ਪਹਿਰਾ ਦੇਣਾ, ਮਾੜੇ ਦੀ ਮਦਦ 'ਤੇ ਖੜ੍ਹਨਾ,
ਮੂੰਹ ਤੋਂ ਆਖੀ ਗੱਲ ਪਗੌਣੀ, ਬੰਦੇ ਕਿੰਨੇ ਨਰ ਹੁੰਦੇ ਸੀ।
ਗਲੀ-ਮੁੱਹਲੇ ਘਰ ਦੇ ਅੰਦਰ, ਵੱਡਿਆਂ ਦਾ ਸਤਿਕਾਰ ਬੜਾ, ਪਰ,
ਛੋਟੇ ਵੱਡਿਆਂ ਦੇ ਕੋਲੋਂ ਤਾਂ, ਕੰਬਦੇ ਥਰ ਥਰ ਥਰ ਹੁੰਦੇ ਸੀ
ਤਰਕਾਲਾਂ ਨੂੰ ਲੱਗ ਜਾਂਦੇ ਸੀ, ਕੌਡੀ ਅਤੇ ਘੁਲਣ ਦੇ ਖਾੜੇ,
ਨੰਜਣ ਸਿੰਘ, ਜਗੀਰਾ, ਜੀਤਾ, ਡੈਂਕਾ ਤੇ ਸ਼ੈਂਕਰ ਹੁੰਦੇ ਸੀ।
ਪਿੰਡ ਦਿਆਂ ਥੜਿਆਂ ਉੱਤੇ ਬਹਿ ਕੇ, ਸਭ ਝਗੜੇ ਸੁਲਝਾ ਸੀ ਦੇਂਦੇਂ ,
ਪਿੰਡ ਦੇ ਆਗੂ ਅਨਪੜ੍ਹ ਹੁੰਦਿਆਂ, ਕਿੰਨੇ ਦਾਨਿਸ਼ਵਰ ਹੁੰਦੇ ਸੀ।
ਯਾਰ ਲਈ ਕੱਚਿਆਂ 'ਤੇ ਤਰਨਾ, ਯਾਰ ਦੀ ਖਾਤਿਰ ਸੂਲੀ ਚੜ੍ਹਨਾ,
ਕੀਤੇ ਹੋਏ ਕੌਲ ਕਿਸੇ ਦੇ, ਨਿਭਦੇ ਜ਼ਿੰਦਗੀ ਭਰ ਹੁੰਦੇ ਸੀ।
ਪੀਂਘਾ ਝੂਟਦੀਆਂ ਕੁੜੀਆਂ ਨੂੰ, ਮੁੰਡਿਆਂ ਨੇ ਝੂਟੇ ਦੇ ਜਾਣੇ,
ਰਿਸ਼ਤੇ ਭੈਣ ਭਰਾਵਾਂ ਵਰਗੇ, ਸਾਫ ਸੁੱਚੇ ਅੰਦਰ ਹੁੰਦੇ ਸੀ।
ਕੁੜੀਆਂ ਬੁੜ੍ਹੀਆਂ ਸੋਨਾ ਪਾ ਕੇ, ਜਿੱਥੇ ਮਰਜ਼ੀ ਆਉਣ-ਜਾਣ,
ਚੋਰ ਉਚੱਕੇ ਲੁੱਟਾਂ ਖੋਹਾਂ ਦੇ, ਨਾ ਕਿਧਰੇ ਡਰ ਹੁੰਦੇ ਸੀ।
ਹਲਟਾਂ ਦੇ ਕੁੰਡਿਆਂ ਦੀ ਟੱਕ-ਟੱਕ, ਬਲਦਾਂ ਦੇ ਗਲਾਂ ਦੀਆਂ ਟੱਲੀਆਂ,
ਤੜਕੇ ਕਿਸੇ ਹਾਲੀ ਦੀਆਂ ਹੇਕਾਂ, ਕਿਹੋ ਜਿਹੇ ਮਨਜ਼ਰ ਹੁੰਦੇ ਸੀ।
ਬਹੁਤ ਘੱਟ ਸੀ ਝਗੜੇ ਝਾਂਜੇ, ਆਪੋ ਵਿਚ ਪਿਆਰ ਸੀ ਬਹੁਤਾ,
ਇਕ ਦੂਜੇ ਦੇ ਕੰਮ ਆਵਣ ਨੂੰ, ਸਾਰੇ ਹੀ ਤੱਤਪਰ ਹੁੰਦੇ ਸੀ।
ਚੱਕੀਆਂ ਤੇ ਮਧਾਣੀ ਦੀ ਤਾਂ, ਹਰ ਘਰ 'ਚੋਂ ਸੁਣਦੀ ਸੀ ਘੂਕਰ,
ਘਰੜਾਂ ਪੀਦੇਂ ਮੱਝਾਂ ਚਰਾਂਦੇ, ਹਰ ਘਰ ਦੇ ਚੋਬਰ ਹੁੰਦੇ ਸੀ।
ਭੱਠੀਆਂ ਉੱਪਰ ਭਨਾ ਕੇ ਦਾਣੇ, ਖੀਸੇ ਭਰ ਭਰ ਚੱਬੀ ਜਾਣੇ,
ਪਾਪੜ ਟੌਫੀ ਕੁਰਕੁਰਿਆਂ ਤੋਂ, ਕਿੰਨੇ ਤਾਕਤਵਾਰ ਹੁੰਦੇ ਸੀ।
ਵਾਰੋ-ਵਾਰੀ ਸਭ ਨੇ ਜਾਣਾ, ਐਪਰ ਲੋਕੀਂ ਕਿਹਾ ਕਰਨਗੇ,
ਚਾਨੀਆਂ ਪਿੰਡ ਅੰਦਰ ਵੀ ਕੋਈ, 'ਦਰਦੀ' ਜੇਹੇ ਸ਼ਾਇਰ ਹੁੰਦੇ ਸੀ।

ਲੇਖਕ : ਸਤਨਾਮ ਸਿੰਘ ਚਾਨੀਆਂ
92569-73526
(Punjab Mail USA)



# ਵਿਛੁੜੇ ਪਰ ਵਿਸਰੇ ਨਹੀਂ ਰੂਹਾਨੀ ਵਿਗਿਆਨੀ ਡਾ. ਖੇਮ ਸਿੰਘ ਗਿੱਲ



-ਸਰਬਜੀਤ ਸਿੰਘ
ਲੁਧਿਆਣਾ
98146-12004
(Punjab Mail USA)

ਉਘੇ ਰੂਹਾਨੀ ਖੇਤੀ ਵਿਗਿਆਨੀ, ਸਮਾਜ ਸੇਵਕ ਅਤੇ ਪਦਮ ਭੂਸ਼ਣ ਡਾ. ਖੇਮ ਸਿੰਘ ਗਿੱਲ ਪਿਛਲੇ ਸਾਲ ਸੰਨ 2019 ਵਿਚ 89 ਸਾਲ ਦੀ ਆਰਜਾ ਮਾਣ ਕੇ ਮਿਤੀ 17 ਸਤੰਬਰ ਨੂੰ ਆਪਣੀ ਜੀਵਨ ਯਾਤਰਾ ਸੰਪੂਰਨ ਕਰਕੇ ਅਕਾਲ ਚਲਾਣਾ ਕਰ ਗਏ ਸਨ। ਸੰਸਾਰ ਭਰ ਦੇ ਖੇਤੀ ਖੇਤਰ ਹੀ ਨਹੀਂ, ਸਗੋਂ ਰੂਹਾਨੀਅਤ ਦੇ ਅੰਬਰਾਂ 'ਚ ਉਹ ਸਦਾ ਇੱਕ ਚਮਕਦੇ ਸਿਤਾਰੇ ਵਾਂਗ ਯਾਦ ਕੀਤੇ ਜਾਂਦੇ ਰਹਿਣਗੇ।

ਦੁਨਿਆਵੀ ਵੱਖ-ਵੱਖ ਉੱਚ ਅਹੁਦਿਆਂ 'ਤੇ ਬਿਰਾਜਮਾਨ ਰਹੇ ਚਿੱਟੀ ਦਸਤਾਰ ਅਤੇ ਚਿੱਟੇ ਕਪੜਿਆਂ ਵਿਚ ਇਸ ਨੇਕ ਰੂਹ ਨੂੰ ਵੇਖ ਕੇ ਇਹ ਅੰਦਾਜ਼ਾ ਲਗਾਉਣਾ ਔਖਾ ਹੁੰਦਾ ਸੀ ਕਿ ਇਸ ਇਨਸਾਨ ਨੇ ਕਣਕਾਂ ਦੀਆਂ ਨਵੀਆਂ ਕਿਸਮਾਂ ਦੀ ਖੋਜ ਨਾਲ ਕਰੋੜਾਂ ਲੋਕਾਂ ਦਾ ਪੇਟ ਭਰਿਆ। ਹਰੇ ਇਨਕਲਾਬ ਰਾਹੀਂ ਭਾਰਤ ਨੂੰ ਅੰਨ ਦੇ ਮੰਗਤੇ ਤੋਂ 'ਅੰਨਦਾਤਾ' ਬਣਾ ਦਿੱਤਾ। ਖੇਤੀ ਖੋਜਾਂ ਰਾਹੀਂ ਨੇਕ ਕਿਰਤ ਅਤੇ ਸਮਾਜ ਨੂੰ ਨਰੋਈਆਂ ਸੇਧਾਂ ਦੇਣ ਹਿਤ ਆਪ ਜੀ ਨੂੰ ਸੰਨ 1992 'ਚ ਪਦਮ ਭੂਸ਼ਣ ਦੇ ਵੱਡੇ ਸਨਮਾਨ ਨਾਲ ਨਿਵਾਜਿਆ ਗਿਆ ਸੀ।

ਆਪ ਕੇਵਲ ਵਿਗਿਆਨੀ ਹੀ ਨਹੀਂ, ਸਗੋਂ ਸੰਤ ਵਿਗਿਆਨੀ ਸਨ, ਜਿਨ੍ਹਾਂ ਪੰਜਾਬ ਦੀ ਮਿੱਟੀ 'ਚ ਰੂਹਾਨੀਅਤ ਦਾ ਸੰਚਾਰ ਕਰਕੇ ਕੇਵਲ ਤਨ ਦੀ ਭੁੱਖ ਹੀ ਨਹੀਂ ਦੂਰ ਕੀਤੀ, ਸਗੋਂ ਬਾਬਾ ਇਕਬਾਲ ਸਿੰਘ ਜੀ ਦੀ ਅਗਵਾਈ ਵਿਚ ਕਲਗੀਧਰ ਟਰੱਸਟ, ਬੜੂ ਸਾਹਿਬ ਰਾਹੀਂ ਪੰਜਾਬ ਦੇ ਪੇਂਡੂ ਇਲਾਕਿਆਂ, ਹਰਿਆਣਾ, ਰਾਜਸਥਾਨ, ਉਤੱਰ-ਪ੍ਰਦੇਸ਼ ਤੇ ਹਿਮਾਚਲ ਪ੍ਰਦੇਸ਼ ਵਿਚ ਮਿਆਰੀ ਵਿਦਿਆ ਦਾ ਸੰਚਾਰ ਕੀਤਾ ।

'ਖੇਮ' ਦਾ ਅੱਖਰੀ ਅਰਥ ਹੈ - ਖੇੜਾ, ਆਨੰਦ। ਡਾ. ਖੇਮ ਸਿੰਘ ਨੂੰ ਜਦੋਂ ਵੀ ਮਿਲਦੇ ਸਾਂ, ਉਹ ਹਰ ਵੇਲੇ ਖਿੜੇ-ਖਿੜੇ, ਚੜ੍ਹਦੀਕਲਾ ਵਿਚ ਹਰੇਕ ਦਾ ਸਵਾਗਤ ਕਰਦੇ ਨਜ਼ਰੀਂ ਪੈਂਦੇ। ਨਿਮਰ ਸੁਭਾਅ, ਸਾਦਗੀ, ਨਿਰਵੈਰਤਾ ਅਤੇ ਅਣਥੱਕ ਮਿਹਨਤ ਦੀ ਮੂਰਤ, ਡਾ. ਖੇਮ ਸਿੰਘ ਅੰਤਮ ਸੁਆਸਾਂ ਤੱਕ ਵੀ ਅੱਜ ਦੇ ਕਿਸੇ ਗੱਭਰੂ ਤੋਂ ਵੱਧ ਕੰਮ ਕਰਦੇ ਰਹੇ ਸਨ।

ਆਪ ਜੀ ਨੂੰ ਦੇਸ਼-ਵਿਦੇਸ਼ 'ਚ ਬਹੁਤ ਸਾਰੇ ਸਨਮਾਨਾਂ ਨਾਲ ਨਿਵਾਜਿਆ ਗਿਆ, ਜਿਵੇਂ ਖੇਤੀ ਖੋਜ ਦਾ ਸਭ ਤੋਂ ਵੱਡਾ ਇਨਾਮ - ਰਫੀ ਅਹਿਮਦ ਕਿਦਵਈ ਐਵਾਰਡ, ਭਾਰਤੀ ਖੇਤੀ ਖੋਜ ਕੌਂਸਲ ਵਲੋਂ ਟੀਮ ਇਨਾਮ, ਅਮਰੀਕਾ ਦੇ ਖੇਤੀ ਵਿਭਾਗ ਦਾ ਇਨਾਮ, ਟਰੀਟੀਕੇਲ ਲਈ ਖੇਤੀ ਵਿਭਾਗ, ਅਮਰੀਕਾ ਦਾ ਐਵਾਰਡ, ਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਕਾਮਰਸ ਅਤੇ ਇੰਡਸਟਰੀ ਐਵਾਰਡ ਆਦਿ। ਮੈਕਸੀਕੋ ਵਿਖੇ ਅੰਤਰਰਾਸ਼ਟਰੀ ਕਣਕ ਖੋਜ ਕੇਂਦਰ ਸਮੇਤ ਅਨੇਕਾਂ ਅੰਤਰਰਾਸ਼ਟਰੀ ਤੇ ਕੌਮੀ ਖੇਤੀ ਸੰਸਥਾਂਵਾਂ ਦੇ ਆਪ ਟਰੱਸਟੀ ਰਹੇ। ਭਾਰਤੀ ਕੌਮੀ ਵਿਗਿਆਨ ਅਕੈਡਮੀ ਸਹਿਤ ਕਈ ਸਿਖਰਲੀਆਂ ਖੇਤੀ ਸੰਸਥਾਵਾਂ ਦੇ ਫੈਲੋ ਸਨ। ਆਪ ਨੇ 25 ਤੋਂ ਵਧ ਵਿਦਿਆਰਥੀਆਂ ਨੂੰ ਪੀ.ਐੱਚ.ਡੀ. ਅਤੇ ਐੱਮ.ਐੱਸ.ਸੀ. ਲਈ ਗਾਈਡ ਕੀਤਾ, 23 ਤੋਂ ਵਧ ਦੇਸ਼ਾਂ ਵਿਚ ਖੇਤੀ ਖੋਜ ਨਾਲ ਸੰਬਧਿਤ ਯਾਤਰਾਂਵਾਂ ਕੀਤੀਆਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕੁਲਪਤੀ ਵਜੋਂ ਡਾ. ਖੇਮ ਸਿੰਘ ਗਿੱਲ ਨੇ ਕਈ ਨਵੇਂ ਵਿਭਾਗ ਸਥਾਪਿਤ ਕੀਤੇ ਅਤੇ ਦੂਰ-ਰੱਸੀ ਕਾਰਜ ਕੀਤੇ, ਜਿਵੇਂ ਸੀਡ ਤਕਨਾਲੋਜੀ, ਬਾਇਓਟੈਕਨਾਲੋਜੀ ਲੈਬ, ਆਇਲ ਸੀਡ ਖੋਜ ਲੈਬ, ਸੀਰੀਅਲ ਸੀਡ ਤਕਨਾਲੋਜੀ ਲੈਬ ਆਦਿ। ਯੂਨੀਵਰਸਿਟੀ ਦੇ ਗੇਟ ਨੰਬਰ 1 ਦੇ ਨੇੜੇ 'ਕਿਸਾਨ ਸੇਵਾ ਕੇਂਦਰ' ਬਣਾਇਆ ਤਾਂ ਜੋ ਕਿਸਾਨਾਂ ਨੂੰ ਸਾਰੀਆਂ ਸਹੂਲਤਾਂ ਇਕੋ ਥਾਂ 'ਤੇ ਮਿਲ ਸਕਣ। ਖੇਤੀ ਖੋਜ ਕੇਂਦਰਾਂ ਤੇ ਚੰਗੀਆਂ ਖੋਜ ਸਹੂਲਤਾਂ ਕਾਇਮ ਕੀਤੀਆਂ।

ਡਾ. ਖੇਮ ਸਿੰਘ ਗਿੱਲ ਹਰ ਰੋਜ਼ ਅੰਮ੍ਰਿਤ ਵੇਲੇ ਨਿਤਨੇਮ-ਸਿਮਰਨ ਕਰਨ ਉਪਰੰਤ ਕੀਰਤਨ ਕਰਦੇ ਸਨ। ਥਕਾਵਟ ਸ਼ਬਦ ਆਪਦੇ ਸ਼ਬਦ ਕੋਸ਼ ਵਿਚ ਹੈ ਹੀ ਨਹੀਂ ਸੀ। ਡਾ. ਗਿੱਲ ਦਾ ਜੀਵਨ ਅੱਜ ਦੇ ਨੌਜਵਾਨਾਂ ਲਈ ਚਾਨਣ ਮੁਨਾਰਾ ਹੈ। ਸੰਨ 1930 'ਚ ਸਤੰਬਰ ਦੀ ਪਹਿਲੀ ਤਰੀਕ ਨੂੰ ਪਿੰਡ ਕਾਲੇਕੇ ਜ਼ਿਲ੍ਹਾ ਮੋਗਾ ਦੇ ਸਧਾਰਨ ਪਰਿਵਾਰ 'ਚ ਜਨਮੇ ਖੇਮ ਸਿੰਘ ਆਪਣੇ ਸਾਰੇ ਵੱਡੇ ਕੁਟੰਬ ਵਿਚੋਂ ਉੱਚ ਸਿਖਿਆ ਲੈਣ ਵਾਲੇ ਪਹਿਲੇ ਸ਼ਖ਼ਸ ਸਨ।

ਆਪ ਰੋਕਫੈਲਰ ਫਾਊਂਡੇਸ਼ਨ ਦਾ ਵਜ਼ੀਫਾ ਲੈ ਕੇ ਪੀ.ਐੱਚ.ਡੀ. ਕਰਨ ਲਈ ਕੈਲੀਫੋਰਨੀਆ ਯੂਨੀਵਰਸਿਟੀ ਗਏ। ਸਾਰੀ ਪੜ੍ਹਾਈ ਦੌਰਾਨ ਆਪ ਸਭ ਤੋਂ ਵੱਧ ਨੰਬਰ ਲੈ ਕੇ ਪਹਿਲੇ ਸਥਾਨ 'ਤੇ ਆਂਦੇ ਰਹੇ। ਕੁਝ ਸਮਾਂ ਖੇਤੀਬਾੜੀ ਮਹਿਕਮੇ 'ਚ ਨੌਕਰੀ ਕਰਨ ਉਪਰੰਤ ਖੇਮ ਸਿੰਘ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਸੇਵਾ ਆਰੰਭ ਕਰ ਦਿੱਤੀ। ਕੇਵਲ 36 ਸਾਲ ਦੀ ਉਮਰ ਵਿਚ ਆਪ ਜੈਨਟਿਕਸ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਬਣ ਗਏ। ਉਪਰੰਤ ਪਲਾਟ ਬਰੀਡਿੰਗ ਵਿਭਾਗ ਦੇ ਮੁਖੀ, ਡੀਨ, ਖੇਤੀਬਾੜੀ ਕਾਲਜ, ਡਾਇਰੈਕਟਰ ਖੋਜ, ਡਾਇਰੈਕਟਰ ਪਸਾਰ ਸਿਖਿਆ ਤੇ ਓੜਕ 1990 ਵਿਚ ਪੀ.ਏ.ਯੂ. ਦੇ ਵਾਈਸ ਚਾਂਸਲਰ ਬਣ ਗਏ। ਖੇਤੀਬਾੜੀ ਦੇ ਵੱਖ-ਵੱਖ ਵਿਸ਼ਿਆਂ 'ਤੇ 300 ਖੋਜ ਪੱਤਰਾਂ ਅਤੇ ਦਰਜਨਾਂ ਹੀ ਕਿਤਾਬਾਂ ਦੇ ਲੇਖਕ ਤੇ ਸੰਪਾਦਕ ਵਜੋਂ ਡਾ. ਖੇਮ ਸਿੰਘ ਨੇ ਦੇਸ਼-ਵਿਦੇਸ਼ ਵਿਚ ਆਪਣੀ ਵਿਲੱਖਣ ਹੀ ਪਛਾਣ ਬਣਾ ਲਈ ਸੀ। ਡਾ. ਖੇਮ ਸਿੰਘ ਜੀ ਨੇ ਖੇਤੀ ਖੋਜ ਵਿਚ ਵੱਖ-ਵੱਖ ਫਸਲਾਂ ਜਿਵੇਂ ਕਣਕ, ਜੌਂ, ਬਾਜਰਾ, ਅਲਸੀ ਦੀਆਂ ਤੀਹ ਤੋਂ ਵੱਧ ਨਵੀਆਂ ਕਿਸਮਾਂ ਦਿੱਤੀਆਂ। ਕਣਕ ਦੀਆਂ 17 ਨਵੀਆਂ ਕਿਸਮਾਂ ਦਿੱਤੀਆਂ ਵਿਸ਼ੇਸ਼ ਕਰਕੇ ਕਣਕ ਦੀ ਕਿਸਮ ਡਬਲਯੂ.ਐੱਲ. 711 ਪਾਕਿਸਤਾਨ ਵਿਚ ਵੀ ਬਹੁਤ ਪ੍ਰਚਲਿਤ ਹੋਈ।

ਡਾ. ਖੇਮ ਸਿੰਘ ਜੀ ਵਿਚ ਖੇਤੀ ਖੋਜ ਦੀ ਲਗਨ ਏਨੀ ਪ੍ਰਚੰਡ ਸੀ ਕਿ ਉਹ ਹਰ ਰੋਜ਼ ਸਵੇਰੇ ਸਾਈਕਲ 'ਤੇ ਹੀ ਖੇਤਾਂ ਵਿਚ ਚਲੇ ਜਾਂਦੇ ਸਨ। ਯੂਨੀਵਰਸਿਟੀ ਵਿਖੇ 9 ਤੋਂ 5 ਨਹੀਂ, ਸਗੋਂ ਆਪ ਦੇ ਕੰਮ ਦਾ ਸਮਾਂ ਸਵੇਰੇ 8 ਤੋਂ ਸ਼ਾਮ 6 ਵਜੇ ਜਾਂ ਅਕਸਰ ਦੇਰ ਰਾਤ ਤੱਕ ਹੁੰਦਾ। ਬਹੁਤੀ ਵਾਰੀ ਉਹ ਆਪ ਖੇਤਾਂ ਵਿਚ ਹੱਥੀਂ ਕੰਮ ਕਰਦੇ ਅਤੇ ਕਦੇ-ਕਦੇ ਤਾਂ ਉਨ੍ਹਾਂ ਦੀਆਂ ਉਂਗਲਾਂ 'ਤੇ ਛਾਲੇ ਵੀ ਪੈ ਜਾਂਦੇ। ਇਕ ਪ੍ਰਬੰਧਕ ਵਜੋਂ ਵੀ ਡਾ. ਖੇਮ ਸਿੰਘ ਨੇ ਆਦਰਸ਼ਕ ਮਿਸਾਲਾਂ ਕਾਇਮ ਕੀਤੀਆਂ। ਉਨ੍ਹਾਂ ਨੂੰ ਐਨਾ ਕੰਮ ਕਰਦਿਆਂ ਵੇਖ ਕੇ ਯੂਨੀਵਰਸਿਟੀ ਦੇ ਬਾਕੀ ਸਾਥੀਆਂ ਨੂੰ ਵੀ ਪ੍ਰੇਰਨਾ ਮਿਲਦੀ ਕਿ ਉਹ ਵੱਧ ਤੋਂ ਵੱਧ ਕੰਮ ਕਰਨ। ਡਾ. ਖੇਮ ਸਿੰਘ ਜੀ ਆਪਣੇ ਅਫਸਰਾਂ ਨੂੰ ਜੋ ਵੀ ਕੰਮ ਦਿੰਦੇ, ਉਨ੍ਹਾਂ ਨੂੰ ਇਹ ਸਭ ਯਾਦ ਰਹਿੰਦਾ। ਆਪ ਹਰੇਕ ਨੂੰ ਹਰ ਵੇਲੇ ਉਤਸ਼ਾਹਿਤ ਕਰਦੇ, ਸ਼ਾਬਾਸ਼ ਦਿੰਦੇ। ਜਿਸਨੇ ਕੰਮ ਨਹੀਂ ਵੀ ਸੀ ਕੀਤਾ ਹੁੰਦਾ, ਉਹ ਵੀ ਸ਼ਾਬਾਸ਼ ਲੈ ਕੇ ਸ਼ਰਮਸਾਰ ਹੁੰਦਾ ਤੇ ਅੱਗੇ ਤੋਂ ਸਮੇਂ ਸਿਰ ਕੰਮ ਕਰਨ ਲਈ ਵਚਨਬੱਧ ਹੋ ਜਾਂਦਾ।

ਡਾ. ਖੇਮ ਸਿੰਘ ਜੀ ਦਾ ਅਨੰਦ ਕਾਰਜ ਬੀਬੀ ਸੁਰਜੀਤ ਕੌਰ ਜੀ ਨਾਲ ਹੋਇਆ। ਆਪ ਨੇ ਅਨੰਦ ਕਾਰਜ ਤੋਂ ਬਾਅਦ ਹੀ ਆਪਣੀ ਉਚੇਰੀ ਵਿਦਿਆ ਹਾਸਲ ਕੀਤੀ, ਜਿਸ ਵਿਚ ਬੀਬੀ ਜੀ ਦਾ ਭਰਪੂਰ ਸਹਿਯੋਗ ਰਿਹਾ। ਆਪ ਜੀ ਦੇ ਦੋ ਬੇਟੇ ਬਲਜੀਤ ਸਿੰਘ, ਰਣਜੀਤ ਸਿੰਘ ਅਤੇ ਇਕ ਬੇਟੀ ਦਵਿੰਦਰ ਕੌਰ ਹੈ। ਦੋ ਬੱਚੇ ਮੈਡੀਕਲ ਡਾਕਟਰ ਹਨ ਤੇ ਇਕ ਐੱਮ.ਐੱਸ.ਸੀ. ਹਨ। ਸੰਨ 1957 'ਚ ਜਦ ਬੇਟੀ ਦਵਿੰਦਰ ਕੌਰ ਦਾ ਜਨਮ ਹੋਇਆ ਤਾਂ ਉਸ ਵੇਲੇ ਉਨ੍ਹਾਂ ਨੇ ਲੜਕੀ ਦੇ ਜਨਮ 'ਤੇ ਬਹੁਤ ਖੁਸ਼ੀਆਂ ਮਨਾਈਆਂ ਤੇ ਪਰਿਵਾਰ ਵਿਚ ਗੁੜ ਵੰਡਿਆ। ਧਰਮ ਸੁਪਤਨੀ ਬੀਬੀ ਸੁਰਜੀਤ ਕੌਰ ਜੀ ਘਰ ਆਏ ਹਰ ਮਹਿਮਾਨ ਦੀ ਚਾਹ ਪਾਣੀ, ਪ੍ਰਸ਼ਾਦੇ ਰਾਹੀਂ ਚਾਉ ਨਾਲ ਸੇਵਾ ਕਰਦੇ ਹੁੰਦੇ ਸਨ। ਡਾਕਟਰ ਸਾਹਿਬ ਨੇ ਆਪਣੇ ਰਿਸ਼ਤੇਦਾਰਾਂ ਤੇ ਪਿੰਡ ਵਾਸੀਆਂ ਨੂੰ ਵੀ ਉੱਚ ਵਿਦਿਆ ਲਈ ਪ੍ਰੇਰਣਾ ਕੀਤੀ।

ਸ਼ਬਦਾਂ ਵਿਚ ਡਾ. ਖੇਮ ਸਿੰਘ ਜੀ ਦੀਆਂ ਬੇਅੰਤ ਪ੍ਰਾਪਤੀਆਂ ਨੂੰ ਲਿਖ ਸਕਣਾ ਮੁਸ਼ਕਿਲ ਹੀ ਨਹੀਂ, ਸਗੋਂ ਅਸੰਭਵ ਜਾਪਦਾ ਹੈ। ਡਾ. ਸਾਹਿਬ ਦੀਆਂ ਖੇਤੀ ਖੋਜਾਂ ਅਤੇ ਕਲਗੀਧਰ ਟਰੱਸਟ ਰਾਹੀਂ ਕੀਤੇ ਵਿਦਿਅਕ ਪਸਾਰ ਲਈ ਪੰਜਾਬ ਜਾਂ ਦੇਸ਼ ਭਰ ਹੀਂ ਨਹੀਂ, ਸਗੋਂ ਸਮੁੱਚੀ ਲੋਕਾਈ ਸਦਾ ਰਿਣੀ ਰਹੇਗੀ। ਡਾਕਟਰ ਸਾਹਿਬ ਜੀ ਦੀਆਂ ਬਾਕਮਾਲ ਸੇਵਾਵਾਂ ਬਾਰੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ 120 ਪੰਨਿਆਂ ਦੀ ਪੁਸਤਕ 'Saint Scientist – Biography of Dr. Khem Singh Gill' ਛਾਪੀ ਗਈ ਹੈ। ਯੂਨੀਵਰਸਿਟੀ ਵਿਖੇ ਗੇਟ ਨੰਬਰ 1 ਦੇ ਕੋਲ ਬਣੇ ਕਿਸਾਨ ਸੇਵਾ ਕੇਂਦਰ ਦਾ ਨਾਮ ਵੀ 'ਡਾ. ਖੇਮ ਸਿੰਘ ਗਿੱਲ ਕਿਸਾਨ ਸੇਵਾ ਕੇਂਦਰ' ਰਖਿਆ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਚਾਹੀਦਾ ਹੈ ਕਿ ਡਾਕਟਰ ਸਾਹਿਬ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਗਾਇਆ ਜਾਵੇ, ਤਾਂ ਜੋ ਆਉਂਦੇ ਸਮਿਆਂ ਵਿਚ ਵੀ ਆਪ ਦੀਆਂ ਅਣਥੱਕ ਸੇਵਾਵਾਂ ਤੋਂ ਨੌਜਵਾਨ ਪ੍ਰੇਰਣਾ ਲੈਂਦੇ ਰਹਿਣ। ਅਜਿਹੇ ਰੂਹਾਨੀ ਵਿਗਿਆਨੀਆਂ ਦਾ ਸਨਮਾਨ ਕਰਕੇ ਹੀ ਅਸੀਂ ਭਵਿੱਖ ਵਿਚ ਨੇਕ ਰੂਹਾਂ ਦੀ ਘਾੜਤ ਘੜ ਸਕਦੇ ਹਾਂ, ਜੋ ਦੁਨਿਆਵੀ ਤੇ ਪਰਮਾਰਥਕ ਦੋਹਾਂ ਖੇਤਰਾਂ ਵਿਚ ਮੋਹਰੀ ਹੋ ਕੇ ਵਿਚਰਨਗੇ।

## ਨਵਾਂ ਸਬਕ

ਮਿੱਤਰੋ ਕੋਰੋਨਾ ਕਾਲ ਜਦੋਂ ਦਾ ਹੈ ਆ ਗਿਆ।
ਦੁਨੀਆਂ ਨੂੰ ਸਬਕ ਇਹ ਨਵਾਂ ਹੀ ਪੜ੍ਹਾ ਗਿਆ।
ਕੁਦਰਤ ਨਾਲ ਖਿਲਵਾੜ ਕਹਿੰਦਾ ਕਰੋ ਨਾ,
ਵੱਢ-ਵੱਢ ਜੰਗਲ ਤਿਜੋਰੀਆਂ ਨੂੰ ਭਰੋ ਨਾ,
ਰੁੱਖ ਲਾਓ ਹੋਰ ਗੱਲ ਸਾਨੂੰ ਸਮਝਾ ਗਿਆ।
ਦੁਨੀਆਂ ਨੂੰ.... .... .... .... .... .... .... ।
ਸਾਦੇ ਰਹੋ, ਸਾਦਾ ਕਹਿੰਦਾ ਖਾਣਾ-ਪੀਣਾ ਰੱਖਿਓ।
ਮਾਰ ਸਾਰੇ ਜੀਵ ਨਾ ਸੁਆਦ ਐਵੇਂ ਚੱਖਿਓ।
ਲੱਗਦਾ ਇਹ ਗੱਲ ਪੱਲੇ ਸਾਰਿਆਂ ਦੇ ਪਾ ਗਿਆ।
ਦੁਨੀਆਂ ਨੂੰ.... .... .... .... .... .... .... ।
ਛੋਟੇ-ਵੱਡੇ ਵਿਚ ਇਹਨੇ ਪਾੜਾ ਨਾ ਕੋਈ ਰੱਖਿਆ,
ਜੀਹਦਾ ਚਿੱਤ ਕੀਤਾ ਉਹਦਾ ਜਾ ਕੇ ਘੰਡ ਨੱਪਿਆ,
ਇੱਕੋ ਤੱਕੜੀ ਦੇ ਵਿਚ ਸਭ ਨੂੰ ਤੁਲਾ ਗਿਆ।
ਦੁਨੀਆਂ ਨੂੰ.... .... .... .... .... .... .... ।
ਜਾਤਾਂ-ਪਾਤਾਂ, ਊਚ-ਨੀਚ ਗੱਲਾਂ ਇਹ ਫਜ਼ੂਲ ਨੇ,
ਰੱਬ ਦੇ ਤਾਂ ਸਾਰਿਆਂ ਲਈ ਇੱਕੋ ਜਿਹੇ ਅਸੂਲ ਨੇ,
ਬਣੇ ਸੀ ਜੋ ਰੱਬ ਉਨ੍ਹਾਂ ਨੂੰ ਇਹ ਛੁਟਿਆ ਗਿਆ।
ਦੁਨੀਆਂ ਨੂੰ.... .... .... .... .... .... .... ।
ਮਾੜੇ-ਧੀੜੇ ਉੱਤੇ ਸੀ ਕੁਮੈਂਟ ਜਿਹੜੇ ਕੱਸਦੇ,
ਮਰਨੇ ਦਾ ਵਿਹਲ ਹੈ ਨੀਂ ਸੀਗੇ ਜਿਹੜੇ ਦੱਸਦੇ,
'ਨਾਗਰਾ' ਇਹ ਘਰੀਂ ਵਿਹਲੇ ਉਨ੍ਹਾਂ ਨੂੰ ਬਿਠਾ ਗਿਆ।
ਦੁਨੀਆਂ ਨੂੰ.... .... .... .... .... .... .... ।

ਜਸਪਾਲ ਸਿੰਘ ਨਾਗਰਾ
'ਮਹਿੰਦਪਰੀਆ', ਯੂਬਾ ਸਿਟੀ
ਫੋਨ : 001-360-448-1989
(Punjab Mail USA)



## ਅਸੀਂ ਪੰਜਾਬੀ

ਅਸੀਂ ਗਿਲਾ ਨਾ ਕਰੀਏ ਰੱਬ ਉੱਤੇ,
ਸਿੱਖੇ ਹਾਂ ਰਹਿਣਾ ਸਦਾ ਭਾਣੇ ਅੰਦਰ।

ਸਾਫ਼ ਦਿਲ ਹਾਂ ਕਪਟ ਨਹੀਂ ਕਰਦੇ,
ਦੁੱਖ 'ਚ ਖੜ੍ਹਦੇ ਮਸਜ਼ਿਦ ਜਾਂ ਮੰਦਰ।

ਕਰਦੇ ਹਾਂ ਅਰਦਾਸ ਸਰਬੱਤ ਵਾਲੀ,
ਭਲਾ ਮੰਗਦੇ ਹਾਂ ਸਦਾ ਜੱਗ ਅੰਦਰ।

ਦਿੱਤਾ ਵਰਦਾਨ ਸਾਰੇ ਪੀਰਾਂ ਫਕੀਰਾਂ,
ਜੋਤ ਮਾਨਵਤਾ ਦੀ ਸਦਾ ਜਗੇ ਅੰਦਰ।

ਮਜ਼੍ਹਬ ਦੇ ਪੱਕੇ ਹਾਂ ਪਰ ਨਾ ਦਵੈਸ਼ ਕਰਦੇ,
ਦੂਜੇ ਧਰਮ ਦਾ ਅਦਬ ਸਦਾ ਮਨ ਅੰਦਰ।

ਆਫ਼ਤ ਸਦਾ ਰਹੀ ਖੜ੍ਹੀ ਸਿਰ ਦੇ ਉੱਤੇ,
ਲਿਤਾੜੇ ਅਬਦਾਲੀਆਂ ਜਾਂ ਢਾਹੇ ਮੰਦਰ।

ਕੁਦਰਤੀ ਆਫ਼ਤਾਂ ਦੇ ਵੀ ਹੋਏ ਹਾਂ ਆਦੀ,
ਵਿਚ ਮੁਸੀਬਤਾਂ ਦੇ ਜਾ ਲਾਈਏ ਲੰਗਰ।

ਰਲ ਮਿਲ ਰਹਿਣਾ ਹੈ ਫ਼ਿਤਰਤ ਬਣੀ,
ਗੁਰਦਵਾਰਾ ਮਸਜ਼ਿਦ ਜਾਂ ਹੋਵੇ ਮੰਦਰ।

ਦੁਸ਼ਮਣ ਨਾਲ ਵੀ ਦੋ ਹੱਥ ਕਰ ਲਈਦੇ,
ਸੁੱਕਾ ਜਾਣ ਨਾ ਦੇਈਏ ਭਾਵੇਂ
ਵੜੇ ਅੰਦਰ।

ਸੇਵਾ ਸਿੰਘ ਨੂਰਪੁਰੀ
(Punjab Mail USA)



## ਮਾਸਟਰ ਜੀ

ਓ ਅ ੲ ਸ, ਸਾਨੂੰ ਸਿਖਾਉਂਦੇ ਨੇ ਮਾਸਟਰ ਜੀ।
ਗਿਣਤੀ ਪਹਾੜੇ ਵੀ ਪੜ੍ਹਾਉਂਦੇ ਨੇ ਮਾਸਟਰ ਜੀ।
ਛੋਟੇ ਹੁੰਦਿਆਂ ਤੋਂ ਪੜ੍ਹਣ ਲਿਖਣ ਤੇ ਖੇਡਣ 'ਚ,
ਹਰ ਵੇਲੇ ਹੀ ਹੌਂਸਲਾ ਵਧਾਉਂਦੇ ਨੇ ਮਾਸਟਰ ਜੀ।
ਗਿਆਨ ਦੇ ਚਾਨਣ ਮੁਨਾਰੇ ਬਣ ਚਮਕਦੇ ਨੇ ,
ਜ਼ਿੰਦਗੀ ਦੇ ਰਾਹ ਰੁਸ਼ਨਾਉਂਦੇ ਨੇ ਮਾਸਟਰ ਜੀ।
ਜੇ ਕੋਈ ਪੜ੍ਹਾਈ ਵਿਚ ਦਿਲਚਸਪੀ ਨਾ ਦਿਖਾਵੇ,
ਮਾਂ ਪਿਓ ਨੂੰ ਸਕੂਲ 'ਚ ਬੁਲਾਉਂਦੇ ਨੇ ਮਾਸਟਰ ਜੀ।
ਜਿਉਂ-ਜਿਉਂ ਸਾਡੇ ਪੇਪਰ ਨੇੜੇ ਆਉਂਦੇ ਰਹਿੰਦੇ ਨੇ,
ਓਵਰ ਟਾਈਮ 'ਚ ਵੀ ਪੜ੍ਹਾਉਂਦੇ ਨੇ ਮਾਸਟਰ ਜੀ।
ਇਨ੍ਹਾਂ ਦੀ ਮਿਹਨਤ ਨਾਲ ਮੰਜ਼ਿਲਾਂ ਨੂੰ ਪਾਉਂਦੇ,
ਸੱਚੀ ਅਹਿਮ ਰੋਲ ਨਿਭਾਉਂਦੇ ਨੇ ਮਾਸਟਰ ਜੀ।
ਸੱਤੀ ਸਿਰ ਝੁੱਕ ਜਾਂਦਾ ਕਿਤੇ ਵੀ ਮਿਲ ਜਾਵਣ,
ਕਦੇ-ਕਦੇ ਬਹੁਤ ਚੇਤੇ ਆਉਂਦੇ ਨੇ ਮਾਸਟਰ ਜੀ।

ਸੱਤੀ ਉਟਾਲਾਂ ਵਾਲਾ, ਸ਼ਹੀਦ
ਭਗਤ ਸਿੰਘ ਨਗਰ
ਵਟਸਅੱਪ : 99157-70356
(Punjab Mail USA)



## ਜ਼ਰਾ ਸੋਚ-ਕੁੱਝ ਸੋਚ

ਪਿੰਡੋਂ ਤੁਰ ਪਹੁੰਚ ਗਏ ਮੁਲਕ ਉੱਥੇ,
ਜਿੱਥੇ ਦਾ ਬੱਸ ਸੁਪਨਾ ਲੈਂਦੇ ਆ ਲੋਕ।
ਦਿਲ ਅੱਜ ਵੀ ਉਡੀਕੇ ਉਸ ਬਚਪਨ ਨੂੰ,
ਜਦੋਂ ਉਡਦੇ ਸੀ ਉੱਚੇ ਤੇ ਨਾਂ ਸੀ ਕੋਈ ਰੋਕ।
ਅੱਜ ਹੋਲੀ-ਹੋਲੀ ਸਭ ਮਿਲੀ ਜਾਂਦਾ,
ਪਰ ਫਿਰ ਵੀ ਦਿਲ ਵਿਚ ਰਹਿੰਦੀ ਆ ਕੋਈ ਤੋਟ।
ਜ਼ਿੰਦਗੀ ਮੁੱਕ ਜਾਣੀ ਇੱਕ ਦਿਨ ਬਿਨਾਂ ਦੱਸੇ,
ਪੰਨੂੰ ਕੀਮਤੀ ਆ ਬਹੁਤ, ਜ਼ਰਾ ਸੋਚ ਕੁੱਝ ਸੋਚ।

ਪ੍ਰਭਜੋਤ ਸਿੰਘ ਪੰਨੂ
(Punjab Mail USA)

## ਸੁਣੋ ਫਰਿਆਦ ਜੀ, ਅੰਮ੍ਰਿਤਾ


ਮੇਰੀ ਸੁਣੋ ਫਰਿਆਦ ਜੀ, ਅੰਮ੍ਰਿਤਾ,
ਕਿਤੋਂ ਅੰਬਰਾਂ ਵਿਚੋਂ ਬੋਲ।
ਅੱਜ ਪੰਜਾਬ ਦੇ ਦਰਦ ਦਾ,
ਕੋਈ ਅਗਲਾ ਵਰਕਾ ਖੋਲ੍ਹ।
ਦਰਦ ਪੰਜਾਬ ਦੀ ਵੰਡ ਦਾ,
ਤੂੰ ਦਿੱਤਾ ਸੀ, ਦੁਨੀਆਂ ਨੂੰ ਸੁਣਾ।
ਅੱਜ ਸੁੱਤੀ ਹੋਈ ਸਰਕਾਰ ਨੂੰ,
ਕਾਸ! ਤੂੰ ਹੀ ਦੇਵੇਂ ਜਗਾ।
ਅਸਲ ਪੰਜਾਬ ਦੇ ਦਰਦ ਦਾ,
ਸ਼ੀਸ਼ਾ, ਮਨਾਖਿਆਂ ਨੂੰ ਦੇਵੇਂ ਦਿਖਾ।
ਅੱਜ ਪੂਰੇ ਵਿਚ ਸੰਸਾਰ ਦੇ,
ਵੱਜ ਗਏ, ਸਾਡੀ ਤਬਾਹੀ ਦੇ ਢੋਲ।
ਆਪਣੇ ਹੀ ਨਾਦਰ ਹੋ ਗਏ,
ਸਣਾਈਏ ਕਿਸ ਨੂੰ ਦੁੱਖੜੇ ਫੋਲ।
ਖ਼ੁਦ ਆਪਣੇ ਹੀ ਇੱਜ਼ਤਾਂ ਲੁੱਟਦੇ,
ਧੀਆਂ ਮਰ ਰਹੀਆਂ ਅਣਭੋਲ।
ਕਰਜ਼ੇ ਦੀ ਹੋ ਰਹੀ, ਭਾਰੀ ਪੰਡ ਨੇ,
ਕਿਸਾਨੀ ਦਾ, ਬਿਸਤਰ ਕਰਤਾ ਗੋਲ।
ਫਸਲਾਂ ਮੰਡੀਆਂ ਦੇ ਵਿਚ ਰੁਲਦੀਆਂ,
ਮਾਫ਼ੀਆਂ ਰੇਤਾ ਵੀ ਵੇਚਦਾ ਤੋਲ।
ਜਵਾਨੀ ਵਿਦੇਸ਼ਾਂ ਨੂੰ ਉੱਡ ਚੱਲੀ,
ਬੁਢਾਪਾ ਦਿੱਤਾ ਦੁੱਖਾਂ ਨੇ ਰੋਲ।
ਦੁੱਧ, ਲੱਸੀ, ਮੱਖਣ, ਸਭ ਭੁੱਲ ਗਏ,
ਘਰ-ਘਰ ਮਿਲਣ, ਸ਼ਰਾਬਾਂ ਦੇ ਢੋਲ।
ਰਾਜੇ ਮਦਹੋਸ਼, ਸੱਤਾ ਦੇ ਨਸ਼ੇ ਵਿਚ,
ਪਰਜਾ ਦਿੱਤੀ, ਮਿੱਟੀ ਵਿਚ ਰੋਲ।
ਰੁੱਖ ਤੇ ਸੁੱਖ ਸਭ ਉੱਜੜ ਗਏ,
ਦਿੱਤੀ ਜ਼ਹਿਰ ਫਿਜਾ ਵਿਚ ਘੋਲ।
'ਪੰਜਰੁੱਖੇ' ਆਬ ਵੀ, ਪੰਜਾਬ ਤੋਂ ਖੁੱਸ ਗਏ,
ਹਿੱਕ ਧਰਤੀ ਦੀ ਦਿੱਤੀ, ਕਾਵਾਂ ਵਾਂਗ ਫੋਲ।
ਮੇਰੀ ਸੁਣੋ ਫਰਿਆਦ ਜੀ, ਅੰਮ੍ਰਿਤਾ,
ਕਿਤੋਂ ਅੰਬਰਾਂ ਵਿਚੋਂ ਬੋਲ।
ਅੱਜ ਪੰਜਾਬ ਦੇ ਦਰਦ ਦਾ,
ਕੋਈ ਅਗਲਾ ਵਰਕਾ ਖੋਲ੍ਹ।

-ਸੁਖਦੇਵ ਸਿੰਘ ਪੰਜਰੁੱਖਾ, ਰੂਪਨਗਰ
ਮੋਬ :- 78888-92342
email- sukhdevpanjrukha@gmail.com
(Punjab Mail USA)

# ਕੀ ਸਤਿਯੁੱਗ, ਕਲਿਯੁੱਗ ਸੱਚ ਮੁੱਚ ਹੋਏ ਹਨ ?

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)





ਭਾਰਤੀ ਪੁਰਾਤਨ ਧਾਰਮਿਕ ਸਾਹਿਤ ਵਿਚ ਵਾਰ-ਵਾਰ ਕਲਿਯੁੱਗ, ਸਤਿਯੁੱਗ ਆਦਿ ਕਾਲਾਂ ਦਾ ਵਰਨਣ ਆਉਂਦਾ ਹੈ। ਭਾਰਤੀ ਰੂੜੀਵਾਦੀ ਡਾਰਵਿਨ ਵਰਗੇ ਪੱਛਮੀ ਵਿਗਿਆਨੀਆਂ ਵੱਲੋਂ ਖੋਜੀ ਗਈ ਮਨੁੱਖੀ ਵਿਕਾਸ ਦੀ ਕਹਾਣੀ (ਥਿਊਰੀ ਆਫ ਐਵੋਲਿਊਸ਼ਨ) 'ਤੇ ਯਕੀਨ ਨਹੀਂ ਕਰਦੇ। ਉਹ ਅੰਧਵਿਸ਼ਵਾਸ ਅਤੇ ਪ੍ਰਾਚੀਨ ਗ੍ਰੰਥਾਂ ਵਿਚ ਵਰਣਿਤ ਪਰੀ ਕਹਾਣੀਆਂ ਅਨੁਸਾਰ ਹੀ ਚੱਲਣਾ ਚਾਹੁੰਦੇ ਹਨ। ਭਾਰਤੀ ਮਿਥਿਹਾਸ ਅਨੁਸਾਰ ਮਨੁੱਖ ਦੇ ਜੀਵਨ ਅਤੇ ਨੈਤਿਕਤਾ ਦਾ ਵਿਕਾਸ ਅਤੇ ਵਿਨਾਸ਼ ਸਤਿਯੁੱਗ, ਤਰੇਤਾ, ਦੁਆਪਰ ਅਤੇ ਕਲਿਯੁੱਗ, ਚਾਰ ਯੁੱਗਾਂ ਦੌਰਾਨ ਹੋਇਆ ਹੈ। ਇਹ ਸਤਿਯੁੱਗ ਤੋਂ ਸ਼ੁਰੂ ਹੋਇਆ ਸੀ ਤੇ ਕਲਿਯੁੱਗ ਨਾਲ ਖਤਮ ਹੋ ਜਾਵੇਗਾ। ਚਾਰੇ ਯੁੱਗਾਂ ਬਾਰੇ ਸ਼ਾਸਤਰਾਂ ਵਿਚ ਹੇਠ ਲਿਖੇ ਅਨੁਸਾਰ ਵੇਰਵਾ ਦਿੱਤਾ ਗਿਆ ਹੈ।

ਸਤਿਯੁੱਗ:- ਸਤਿਯੁੱਗ ਨੂੰ ਕਰਿਤਾਯੁੱਗ (ਸੁਨਹਿਰੀ ਕਾਲ) ਵੀ ਕਿਹਾ ਜਾਂਦਾ ਹੈ। ਇਹ 1728000 ਸਾਲ ਪਹਿਲਾਂ ਸ਼ੁਰੂ ਹੋਇਆ ਤੇ 432000 ਸਾਲ ਚੱਲ ਕੇ 1296000 ਸਾਲ ਪਹਿਲਾਂ ਖਤਮ ਹੋ ਗਿਆ। ਇਹ ਪਹਿਲਾ ਅਤੇ ਸਭ ਤੋਂ ਉੱਤਮ ਯੁੱਗ ਸੀ। ਇਸ ਸਮੇਂ ਦੌਰਾਨ ਲੋਕ ਸਾਧੂ ਸੁਭਾ, ਵਿਸ਼ਾਲਕਾਈ, ਤਾਕਤਵਰ, ਇਮਾਨਦਾਰ, ਅਕਲਮੰਦ ਅਤੇ ਖੂਬਸੂਰਤ ਸਨ ਤੇ 10000 ਸਾਲ ਤੱਕ ਦੀ ਉਮਰ ਭੋਗਦੇ ਸਨ। ਹਰ ਵਿਅਕਤੀ ਦਿਆਲੂ ਹੋਣ ਕਾਰਨ ਕੋਈ ਅਪਰਾਧ ਨਹੀਂ ਸੀ ਹੁੰਦਾ। ਪਾਪਾਂ ਦੀ ਅਣਹੋਂਦ ਕਾਰਨ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਕ੍ਰਿਆ ਕਰਮ ਕਰਨ ਦੀ ਜ਼ਰੂਰਤ ਨਹੀਂ ਸੀ ਪੈਂਦੀ ਤੇ ਹਰੇਕ ਨੂੰ ਮਰਨ ਤੋਂ ਬਾਅਦ ਸਵਰਗ ਦੀ ਪ੍ਰਾਪਤੀ ਹੁੰਦੀ ਸੀ। ਖੇਤੀਬਾੜੀ ਤੇ ਉਦਯੋਗ ਨਹੀਂ ਸਨ, ਕਿਉਂਕਿ ਸਭ ਵਸਤਾਂ ਧਰਤੀ ਖੁਦ ਹੀ ਉਤਪੰਨ ਕਰਦੀ ਸੀ। ਮੌਸਮ ਖੁਸ਼ਗਵਾਰ ਸੀ ਤੇ ਸਾਰੇ ਹਮੇਸ਼ਾਂ ਖੁਸ਼ ਰਹਿੰਦੇ ਸਨ। ਗਰੀਬੀ, ਬਿਮਾਰੀ, ਡਰ, ਬੁਢਾਪਾ ਅਤੇ ਧਾਰਮਿਕ ਭੇਦ-ਭਾਵ ਨਹੀਂ ਸੀ। ਇਸ ਕਾਰਨ ਸਤਿਯੁੱਗ ਵਿਚ ਕਿਸੇ ਦੇਵਤੇ ਨੂੰ ਅਵਤਾਰ ਧਾਰਨ ਦੀ ਜ਼ਰੂਰਤ ਨਹੀਂ ਪਈ। ਇਸ ਯੁੱਗ ਵਿਚ ਇੱਕ ਹੀ ਵੇਦ ਸੀ।

ਤਰੇਤਾ ਯੁੱਗ:- ਦੂਸਰੇ ਯੁੱਗ ਨੂੰ ਤਰੇਤਾ ਯੁੱਗ ਕਿਹਾ ਜਾਂਦਾ ਹੈ। ਇਹ ਯੁਗ ਚਾਹੇ ਦੂਸਰਾ ਹੈ ਪਰ ਸੰਸਕ੍ਰਿਤ ਵਿਚ ਤਰੇਤਾ ਦਾ ਅਰਥ ਤੀਸਰਾ ਹੁੰਦਾ ਹੈ। ਇਹ ਯੁੱਗ 1296000 ਸਾਲ ਪਹਿਲਾਂ ਸ਼ੁਰੂ ਹੋ ਕੇ 864000 ਸਾਲ ਪਹਿਲਾਂ ਖਤਮ ਹੋਇਆ। ਇਹ ਵੀ 432000 ਸਾਲ ਚੱਲਿਆ। ਇਸ ਯੁੱਗ ਵਿਚ ਹੌਲੀ-ਹੌਲੀ ਧਰਮ ਦਾ ਨਾਸ਼ ਹੋਣ ਲੱਗ ਪਿਆ। ਅਨੇਕਾਂ ਸਮਰਾਟ ਪੈਦਾ ਹੋਏ ਤੇ ਉਨ੍ਹਾਂ ਦਰਮਿਆਨ ਸੰਸਾਰ 'ਤੇ ਕਬਜ਼ਾ ਕਰਨ ਲਈ ਖੂਨੀ ਜੰਗਾਂ ਹੋਣੀਆਂ ਸ਼ੁਰੂ ਹੋ ਗਈਆਂ। ਮੌਸਮ ਬਦਲਣ ਲੱਗ ਪਿਆ ਤੇ ਉਸ ਦੇ ਪ੍ਰਭਾਵ ਹੇਠ ਧਰਤੀ 'ਤੇ ਪਹਾੜ, ਮੈਦਾਨ, ਦਰਿਆ, ਸਮੁੰਦਰ ਅਤੇ ਮਾਰੂਥਲ ਬਣਨੇ ਸ਼ੁਰੂ ਹੋ ਗਏ। ਲੋਕ ਕੁਝ ਹੱਦ ਤੱਕ ਚਰਿੱਤਰਹੀਣ, ਝੂਠੇ, ਧੋਖੇਬਾਜ਼ ਅਤੇ ਪਾਪੀ ਹੋ ਗਏ ਤੇ ਗੁਜ਼ਾਰਾ ਕਰਨ ਲਈ ਖੇਤੀਬਾੜੀ ਅਤੇ ਵਪਾਰ ਸ਼ੁਰੂ ਹੋ ਗਿਆ। ਤਰੇਤਾ ਯੁੱਗ ਵਿਚ ਅਧਰਮ ਦਾ ਨਾਸ਼ ਕਰਨ ਲਈ ਵਿਸ਼ਣੂੰ ਨੇ ਸ਼੍ਰੀ ਰਾਮ ਚੰਦਰ ਦੇ ਰੂਪ ਵਿਚ ਅਵਤਾਰ ਧਾਰਿਆ ਅਤੇ ਰਾਵਣ ਦਾ ਖਾਤਮਾ ਕੀਤਾ। ਇਨਸਾਨਾਂ ਦੀ ਔਸਤ ਉਮਰ 1000 ਸਾਲ ਰਹਿ ਗਈ।

ਦੁਆਪਰ ਯੁੱਗ:- ਦੁਆਪਰ ਯੁੱਗ ਤੀਸਰਾ ਯੁੱਗ ਹੈ। ਦੁਆਪਰ ਸ਼ਬਦ ਦਾ ਸੰਸਕ੍ਰਿਤ ਵਿਚ ਅਰਥ ਹੈ, ਜੋ ਦੋ ਤੋਂ ਬਾਅਦ ਆਉਂਦਾ ਹੋਵੇ। ਇਸ ਯੁੱਗ ਵਿਚ ਲੋਕ ਹੋਰ ਵੀ ਅਧਰਮੀ ਤੇ ਲਾਲਚੀ ਹੋ ਗਏ, ਆਪਣੇ ਪੂਰਵਜਾਂ ਵਰਗੇ ਸ਼ਕਤੀਸ਼ਾਲੀ ਨਾ ਰਹੇ, ਬਿਮਾਰੀਆਂ ਵਧ ਗਈਆਂ ਤੇ ਧਰਤੀ 'ਤੇ ਕਬਜ਼ੇ ਵਾਸਤੇ ਜੰਗਾਂ ਹੋਰ ਵੀ ਭਿਆਨਕ ਹੋ ਗਈਆਂ। ਵੇਦਾਂ ਦੇ ਚਾਰ ਹਿੱਸੇ ਕਰ ਦਿੱਤੇ ਗਏ। ਇਨਸਾਨਾਂ ਦੀ ਔਸਤ ਉਮਰ 500 ਸਾਲ ਰਹਿ ਗਈ। ਦੁਆਪਰ ਯੁੱਗ 864000 ਸਾਲ ਪਹਿਲਾਂ ਸ਼ੁਰੂ ਹੋ ਕੇ 438000 ਸਾਲ ਪਹਿਲਾਂ ਖਤਮ ਹੋਇਆ ਸੀ। ਇਸ ਯੁੱਗ ਵਿਚ ਪਾਪੀਆਂ ਦਾ ਖਾਤਮਾ ਕਰਨ ਲਈ ਵਿਸ਼ਣੂੰ ਨੇ ਸ਼੍ਰੀ ਕ੍ਰਿਸ਼ਣ ਨੇ ਰੂਪ ਵਿਚ ਅਵਤਾਰ ਧਾਰਿਆ। ਮਹਾਂਭਾਰਤ ਦਾ ਯੁੱਧ ਇਸੇ ਕਾਲ ਵਿਚ ਹੋਇਆ ਸੀ।

ਕਲਿਯੁੱਗ:- ਹੁਣ 438000 ਸਾਲ ਤੋਂ ਲੈ ਕੇ ਸਭ ਤੋਂ ਬੁਰਾ ਕਾਲ, ਕਲਿਯੁੱਗ (ਕਾਲਾ ਸਮਾਂ) ਚੱਲ ਰਿਹਾ ਹੈ। ਇਹ ਹਨੇਰੇ ਅਤੇ ਅਗਿਆਨਤਾ ਦਾ ਯੁੱਗ ਹੈ। ਲੋਕ ਬੇਹੱਦ ਪਾਪੀ ਹੋ ਗਏ ਹਨ ਤੇ ਕਿਸੇ ਦਾ ਕੋਈ ਅਸੂਲ ਨਹੀਂ ਰਿਹਾ। ਉਹ ਆਪਣੀਆਂ ਵਾਸ਼ਨਾਵਾਂ ਦੇ ਗੁਲਾਮ ਬਣ ਕੇ ਸ਼ਕਤੀਹੀਣ ਹੋ ਗਏ ਹਨ। ਸਮਾਜਿਕ ਜੀਵਨ ਖਤਮ ਹੋ ਰਿਹਾ ਹੈ, ਲੋਕ ਝੂਠੇ ਤੇ ਪਾਖੰਡੀ ਹੋ ਗਏ ਹਨ। ਹੌਲੀ-ਹੌਲੀ ਗਿਆਨ ਪੂਰੀ ਤਰ੍ਹਾਂ ਨਾਲ ਨਸ਼ਟ ਹੋ ਜਾਵੇਗਾ ਅਤੇ ਪੁਰਾਤਨ ਗ੍ਰੰਥਾਂ ਦੀ ਅਹਿਮੀਅਤ ਖਤਮ ਹੋ ਜਾਵੇਗੀ। ਇਨਸਾਨ ਗੈਰ ਮਨੁੱਖੀ ਅਤੇ ਮਨਾਹੀ ਵਾਲਾ ਭੋਜਨ ਗ੍ਰਹਿਣ ਕਰਨਗੇ, ਵਾਤਾਵਰਣ ਪਲੀਤ ਹੋ ਜਾਵੇਗਾ, ਖਾਧ ਪਦਾਰਥ ਅਤੇ ਪਾਣੀ ਮਿਲਣਾ ਮੁਸ਼ਕਲ ਹੋ ਜਾਵੇਗਾ, ਮੋਹ ਮਾਇਆ, ਛਲ, ਕਪਟ ਪ੍ਰਧਾਨ ਹੋ ਜਾਵੇਗਾ। ਕਲਿਯੁੱਗ ਦੇ ਖਤਮ ਹੁੰਦੇ-ਹੁੰਦੇ ਔਸਤ ਇਨਸਾਨ ਦੀ ਉਮਰ 20 ਸਾਲ ਰਹਿ ਜਾਵੇਗੀ। ਕਲਿਯੁੱਗ ਆਪਣੇ ਨਾਲ-ਨਾਲ ਧਰਤੀ ਨੂੰ ਵੀ ਨਸ਼ਟ ਕਰ ਦੇਵੇਗਾ ਤੇ ਮਨੁੱਖ ਜਾਤੀ ਦਾ ਅੰਤ ਹੋ ਜਾਵੇਗਾ।

> ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਹ ਯੁੱਗ ਵਾਕਿਆ ਹੀ ਹੋਏ ਸਨ? ਸ਼ਾਸਤਰਾਂ ਵਿਚ ਲਿਖੇ ਅਨੁਸਾਰ ਪਹਿਲਾ ਯੁੱਗ (ਸਤਿਯੁੱਗ) 1728000 (ਸਤਾਰਾਂ ਲੱਖ ਅਠਾਈ ਹਜ਼ਾਰ) ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਪਰ ਇਹ ਗੱਲ ਇੱਕ ਕਲਪਨਾ ਹੀ ਕਹੀ ਜਾ ਸਕਦੀ ਹੈ ਕਿਉਂਕਿ ਉਸ ਸਮੇਂ ਤੱਕ ਤਾਂ ਅਜੇ ਮਨੁੱਖ ਪੈਦਾ ਹੀ ਨਹੀਂ ਸੀ ਹੋਇਆ। ਮਨੁੱਖ ਵਿਕਾਸ ਦੇ ਅਨੇਕਾਂ ਪੜਾਵਾਂ ਵਿਚੋਂ ਲੰਘਦਾ ਹੋਇਆ ਅੱਜ ਤੋਂ ਲਗਪਗ ਚਾਰ ਲੱਖ ਸਾਲ ਪਹਿਲਾਂ ਸਿੱਧਾ ਖੜ੍ਹਾ ਹੋ ਕੇ ਚੱਲਣ ਲੱਗਾ ਸੀ। ਇਸ ਤੋਂ ਪਹਿਲਾਂ ਉਹ ਜਾਨਵਰਾਂ ਵਾਂਗ ਚਾਰੇ ਹੱਥਾਂ ਪੈਰਾਂ 'ਤੇ ਚੱਲਦਾ ਸੀ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਹ ਯੁੱਗ ਵਾਕਿਆ ਹੀ ਹੋਏ ਸਨ? ਸ਼ਾਸਤਰਾਂ ਵਿਚ ਲਿਖੇ ਅਨੁਸਾਰ ਪਹਿਲਾ ਯੁੱਗ (ਸਤਿਯੁੱਗ) 1728000 (ਸਤਾਰਾਂ ਲੱਖ ਅਠਾਈ ਹਜ਼ਾਰ) ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਪਰ ਇਹ ਗੱਲ ਇੱਕ ਕਲਪਨਾ ਹੀ ਕਹੀ ਜਾ ਸਕਦੀ ਹੈ ਕਿਉਂਕਿ ਉਸ ਸਮੇਂ ਤੱਕ ਤਾਂ ਅਜੇ ਮਨੁੱਖ ਪੈਦਾ ਹੀ ਨਹੀਂ ਸੀ ਹੋਇਆ। ਮਨੁੱਖ ਵਿਕਾਸ ਦੇ ਅਨੇਕਾਂ ਪੜਾਵਾਂ ਵਿਚੋਂ ਲੰਘਦਾ ਹੋਇਆ ਅੱਜ ਤੋਂ ਲਗਪਗ ਚਾਰ ਲੱਖ ਸਾਲ ਪਹਿਲਾਂ ਸਿੱਧਾ ਖੜ੍ਹਾ ਹੋ ਕੇ ਚੱਲਣ ਲੱਗਾ ਸੀ। ਇਸ ਤੋਂ ਪਹਿਲਾਂ ਉਹ ਜਾਨਵਰਾਂ ਵਾਂਗ ਚਾਰੇ ਹੱਥਾਂ ਪੈਰਾਂ 'ਤੇ ਚੱਲਦਾ ਸੀ। ਹੋਮੋ ਸੈਪੀਅਨ (ਸਮਝਦਾਰ ਇਨਸਾਨ) ਬਣਨ, ਹਥਿਆਰ ਵਰਤਣ, ਘਰ ਬਣਾਉਣ, ਅਨਾਜ ਪੈਦਾ ਕਰਨ, ਅੱਗ ਦੀ ਖੋਜ ਅਤੇ ਪਰਿਵਾਰਾਂ-ਕਬੀਲਿਆਂ ਵਿਚ ਰਹਿਣ ਤੱਕ ਪਹੁੰਚਣ ਲਈ ਉਸ ਨੂੰ ਦੋ ਲੱਖ ਸਾਲ ਹੋਰ ਲੱਗ ਗਏ। ਦੁਨੀਆਂ ਦੀ ਸਭ ਤੋਂ ਪੁਰਾਣੀ ਸੱਭਿਅਤਾ ਜੀਆਹੂ (ਹੈਨਾਨ ਪ੍ਰਾਂਤ, ਚੀਨ) 7000 ਸਾਲ ਪਹਿਲਾਂ ਹੋਂਦ ਵਿਚ ਆਈ ਸੀ। ਭਾਰਤ ਦੀ ਆਪਣੀ ਤੇ ਦੁਨੀਆਂ ਦੀ ਦੂਸਰੀ ਸਭ ਤੋਂ ਪੁਰਾਣੀ ਸਿੰਧੂ ਘਾਟੀ ਦੀ ਸੱਭਿਅਤਾ (ਹੁਣ ਪਾਕਿਸਤਾਨ) ਸਿਰਫ 5500 ਸਾਲ ਪਹਿਲਾਂ ਵਿਕਸਿਤ ਹੋਈ ਸੀ। ਆਰੀਆ ਕਬੀਲਿਆਂ ਨੇ ਯੂਰਪ ਅਤੇ ਏਸ਼ੀਆ ਤੋਂ 3500 ਸਾਲ ਪਹਿਲਾਂ ਭਾਰਤ ਵੱਲ ਆਪਣਾ ਪ੍ਰਵਾਸ ਸ਼ੁਰੂ ਕੀਤਾ ਸੀ। ਉਨ੍ਹਾਂ ਨੇ ਦਰਾਵੜਾਂ ਨੂੰ ਦੱਖਣ ਵੱਲ ਧੱਕ ਕੇ ਕੌਸ਼ਲ, ਮੱਲ, ਪਾਂਚਾਲ, ਕੁਰੂ, ਗੰਧਾਰ, ਕੰਬੋਜ, ਸੁਰਸੇਨਾ, ਮਤਸਿਆ, ਆਵੰਤੀ, ਵਿਦੇਹ, ਅੰਗ, ਕਾਸ਼ੀ, ਸੂਰਸੇਨ, ਚੇਦੀ ਅਤੇ ਮਗਧ ਵਰਗੇ ਰਾਜਾਂ ਦੀ ਸਥਾਪਨਾ ਕੀਤੀ।

ਰਮਾਇਣ ਅਤੇ ਮਹਾਂਭਾਰਤ ਦੇ ਸਾਰੇ ਮਹਾਂਪੁਰਸ਼ਾਂ ਅਤੇ ਯੋਧਿਆਂ ਨੂੰ ਆਰੀਆ ਪੁੱਤਰ ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ। ਇਸ ਲਈ ਜੇ ਆਰੀਆ ਭਾਰਤ ਵਿਚ ਆਏ ਹੀ 3500 ਸਾਲ ਪਹਿਲਾਂ ਸਨ, ਤਾਂ ਫਿਰ ਆਰੀਆ ਪੁੱਤਰ 1728000 ਸਾਲ ਪਹਿਲਾਂ ਕਿਵੇਂ ਪੈਦਾ ਹੋ ਸਕਦੇ ਹਨ? ਇਸ ਤੋਂ ਇਲਾਵਾ ਮਹਾਂਭਾਰਤ ਅਤੇ ਰਮਾਇਣ ਵਿਚ ਦਰਸਾਈਆਂ ਗਈਆਂ ਜੰਗਾਂ ਵਿਚ ਵਰਤੇ ਗਏ ਰੱਥ, ਘੋੜੇ ਅਤੇ ਲੋਹੇ ਦੇ ਹਥਿਆਰ ਆਰੀਅਨ ਹੀ ਭਾਰਤ ਲੈ ਕੇ ਆਏ ਸਨ। ਸਿੰਧੂ ਘਾਟੀ ਸੱਭਿਅਤਾ ਨੂੰ ਘੋੜੇ, ਰੱਥ ਅਤੇ ਲੋਹੇ ਬਾਰੇ ਜਾਣਕਾਰੀ ਨਹੀਂ ਸੀ, ਉਹ ਤਾਂਬੇ ਦੇ ਔਜ਼ਾਰ ਵਰਤਦੇ ਸਨ। ਇਸ ਤੋਂ ਇਲਾਵਾ ਕਲਿਯੁੱਗ ਨੂੰ ਅਗਿਆਨ ਦਾ ਯੁੱਗ ਕਿਹਾ ਗਿਆ ਹੈ। ਇਹ ਗੱਲ ਠੀਕ ਹੈ ਕਿ ਇਸ ਯੁੱਗ ਵਿਚ ਇਨਸਾਨ ਦਾ ਨੈਤਿਕ ਪਤਨ ਹੋ ਗਿਆ ਹੈ, ਪ੍ਰਦੂਸ਼ਣ ਵੱਧ ਗਿਆ ਹੈ ਤੇ ਖਾਣ-ਪੀਣ ਬੇਹੱਦ ਘਟੀਆ ਹੋ ਗਿਆ ਹੈ। ਵਾਤਾਵਰਣ ਦੀ ਬਰਬਾਦੀ ਤੇ ਮਾਰੂ ਹਥਿਆਰਾਂ ਦੇ ਨਿਰਮਾਣ ਕਾਰਨ ਇਹ ਗੱਲ ਵੀ ਮੰਨਣ ਯੋਗ ਹੈ ਕਿ ਜੇ ਇਨਸਾਨ ਨੇ ਆਪਣੇ ਚਾਲੇ ਠੀਕ ਨਾ ਕੀਤੇ, ਤਾਂ ਦੁਨੀਆਂ ਬਹੁਤ ਜਲਦੀ ਨਸ਼ਟ ਹੋ ਜਾਵੇਗੀ। ਪਰ ਇਸ ਯੁੱਗ ਵਿਚ ਇਨਸਾਨ ਨੇ ਗਿਆਨ ਦੇ ਖੇਤਰ ਵਿਚ ਅਥਾਹ ਤਰੱਕੀ ਕੀਤੀ ਹੈ। ਇਨਸਾਨ ਚੰਦਰਮਾ ਤੋਂ ਲੈ ਕੇ ਮੰਗਲ ਤੱਕ ਰਾਕੇਟ ਭੇਜ ਚੁੱਕਾ ਹੈ। ਹਰੇਕ ਖੇਤਰ ਵਿਚ ਹੈਰਾਨੀਜਨਕ ਖੋਜਾਂ ਹੋਈਆਂ ਹਨ ਤੇ ਇਨਸਾਨ ਦੀ ਜ਼ਿੰਦਗੀ ਬਹੁਤ ਹੀ ਸੌਖੀ ਹੋ ਗਈ ਹੈ। ਇਸ ਲਈ ਤਰਕ ਦੇ ਆਧਾਰ 'ਤੇ ਕੱਸਣ ਤੋਂ ਬਾਅਦ ਇਹੀ ਗੱਲ ਸਾਹਮਣੇ ਆਉਂਦੀ ਹੈ ਕਿ ਚਾਰੇ ਯੁੱਗ ਸਿਰਫ ਧਾਰਮਿਕ ਵਿਅਕਤੀਆਂ ਦੇ ਮਨ ਦੀ ਕਲਪਨਾ ਹੈ, ਇਸ ਵਿਚ ਕੋਈ ਸੱਚਾਈ ਨਹੀਂ ਹੈ।

## ਨਸ਼ਾ ਹਟਾਉ ਪੰਜਾਬ ਬਚਾਉ

ਅਰਸ਼ਦੀਪ ਸਿੰਘ ਢੋਟੀਆਂ
ਨਿਸ਼ਾਨ-ਏ-ਸਿੱਖੀ,
ਖਡੂਰ ਸਾਹਿਬ।
ਸੰਪ:- +91-75081-34486
(Punjab Mail USA)



ਨਸ਼ਾ ਹੁਣ ਕਈ ਲੋਕਾਂ ਲਈ ਆਪਣੀ ਜਾਨ ਤੋਂ ਵੱਧ ਕੀਮਤੀ ਹੁੰਦਾ ਜਾਪ ਰਿਹਾ ਹੈ। ਆਮ ਮਨੁੱਖ ਜੀਊਣ ਲਈ ਭੋਜਨ ਨੂੰ ਆਧਾਰ ਬਣਾਉਂਦਾ ਹੈ ਪਰ ਨਸ਼ੇ ਦਾ ਆਦੀ ਮਨੁੱਖ ਨਸ਼ੇ ਸਹਾਰੇ ਹੀ ਜੀਊਂਦਾ ਹੈ। ਨਸ਼ੇ ਨਾਲ ਬਰਬਾਦੀ ਦੀਆਂ ਕਈ ਉਦਾਹਰਣਾਂ ਹੁੰਦੇ ਹੋਏ ਵੀ ਕਈ ਲੋਕ ਇਸ ਦਾ ਸ਼ਿਕਾਰ ਹੋ ਰਹੇ ਹਨ। ਮਿਸਾਲ ਦੇ ਤੌਰ 'ਤੇ ਬੀਤੇ ਦਿਨਾਂ ਵਿਚ ਨਕਲੀ ਸ਼ਰਾਬ ਦੀ ਤਸਕਰੀ ਕਾਰਨ ਕਈ ਅਣਆਈਆਂ ਮੌਤਾਂ ਹੋਈਆਂ ਹਨ। ਇੰਨਾ ਕੁੱਝ ਹੁੰਦਿਆਂ ਹੋਇਆਂ ਹੁਣ ਵੀ ਕਈ ਐਸੇ ਵਿਅਕਤੀ ਮਿਲ ਜਾਣਗੇ, ਜਿਨ੍ਹਾਂ ਲਈ ਨਸ਼ਾ ਹੀ ਜਿੰਦ-ਜਾਨ ਹੈ। ਇੱਥੇ ਇਹ ਕਹਿਣਾ ਕੋਈ ਗ਼ਲਤ ਨਹੀਂ ਹੋਵੇਗਾ ਕਿ ਜਿੱਥੇ ਇਸ ਪਿੱਛੇ ਕਸੂਰ ਅਸੀਂ ਸਰਕਾਰ, ਕਾਨੂੰਨ ਵਿਵਸਥਾ ਦਾ ਮੰਨਦੇ ਹਾਂ, ਉੱਥੇ ਕਮੀ ਸਾਡੀ ਚੇਤਨਤਾ ਵਿਚ ਵੀ ਹੈ। ਇਹ ਬਰਬਾਦੀ ਸਿਰਫ਼ ਪੰਜਾਬ ਨਹੀਂ, ਬਲਕਿ ਪੂਰੇ ਸੰਸਾਰ ਲਈ ਵਿਨਾਸ਼ਕਾਰੀ ਹੈ। ਲੋੜ ਹੈ ਸਭ ਸੰਸਥਾਵਾਂ ਅਤੇ ਨੌਜਵਾਨਾਂ ਦਾ ਸਹਿਯੋਗ ਤੇ ਇੱਕਜੁਟ ਹੋਣ ਦੀ, ਤਾਂ ਜੋ ਲੋਕਾਂ ਨੂੰ ਖਾਸਕਰ ਨੌਜਵਾਨਾਂ ਨੂੰ ਇਸ ਦੇ ਜਾਨਲੇਵਾ ਸਿੱਟਿਆਂ ਤੋਂ ਜਾਣੂ ਕਰਾਇਆ ਜਾਵੇ। ਕਿਉਂਕਿ ਆਉਂਦੇ ਸਮੇਂ ਪੰਜਾਬ ਨਵੀਂ ਪੀੜ੍ਹੀ ਦੇ ਹੱਥਾਂ ਵਿਚ ਹੋਣਾ ਹੈ। ਜੇਕਰ ਇਹ ਨਸ਼ਿਆਂ ਦੀ ਲਾਗ ਤੋਂ ਬਚੇ ਰਹੇ, ਤਾਂ ਅਸੀਂ ਨਸ਼ਾ ਮੁਕਤ ਪੰਜਾਬ ਦੀ ਆਸ ਰੱਖ ਸਕਦੇ ਹਾਂ।

## ਮਿੰਨੀ ਕਹਾਣੀ : ਸ਼ਗਨ ਵਾਲਾ ਲਿਫਾਫਾ

ਪਰਵਿੰਦਰ ਸਿੰਘ ਢਿੱਲੋਂ
(Punjab Mail USA)



ਸਮੇਂ ਨਾਲ ਕਿਸ ਤਰ੍ਹਾਂ ਹਾਲਾਤ ਬਦਲ ਜਾਂਦੇ ਨੇ। ਸੋਚਿਆ ਕੁੱਝ ਹੋਰ ਹੁੰਦਾ ਪਰ ਵਾਪਰ ਕੁੱਝ ਹੋਰ ਜਾਂਦਾ ਹੈ। ਸੁਰੈਣਦੀਪ ਸਿੰਘ ਨੇ ਬੇਟੇ ਸ਼ਗਨ ਸਿੰਘ ਦੇ ਵਿਆਹ 'ਤੇ ਥੋੜੇ ਜਿਹੇ ਲੋਕਾਂ ਨੂੰ ਬੁਲਾਇਆ ਕਿਉਂਕਿ ਅੱਜਕੱਲ੍ਹ ਤਾਂ ਹਰ ਕੋਈ ਆਪਣੇ ਆਪ ਤੋਂ ਡਰੀ ਜਾਂਦਾ ਹੈ, ਪਰ ਫਿਰ ਵੀ 100 ਦੇ ਲਗਭਗ ਇਕੱਠ ਹੋ ਗਿਆ। ਜੇਕਰ ਕੋਰੋਨਾ ਦੇ ਡਰੋਂ ਕੋਈ ਨਹੀਂ ਆ ਸਕਿਆ ਪਰ ਉਸਨੇ ਲਿਫਾਫਾ ਜ਼ਰੂਰ ਭੇਜਿਆ। ਜਿਵੇਂ ਕਿਸੇ ਗਾਉਣ ਵਾਲੇ ਸਾਹਮਣੇ ਨੋਟਾਂ ਦਾ ਢੇਰ ਲੱਗ ਜਾਂਦਾ, ਇਸੇ ਤਰ੍ਹਾਂ ਲਿਫਾਫਿਆਂ ਦਾ ਲੱਗ ਗਿਆ। ਸਾਰੇ ਸ਼ਗਨ ਵਿਹਾਰ ਕਰਕੇ ਸੁਰੈਣਦੀਪ ਸਿੰਘ ਨੇ ਸ਼ਗਨ ਦੀ ਮਾਤਾ ਨੈਣਜੀਤ ਕੌਰ ਨੂੰ ਲਿਫਾਫੇ ਖੋਲ੍ਹਣ ਲਈ ਬੁਲਾਇਆ। ਜਿਹੜਾ ਵੀ ਖੋਲ੍ਹਣ, ਸਾਰੇ ਖਾਲੀ ਨਿਕਲੇ। ਸਾਰਿਆਂ ਨੇ ਵਧਾਈ ਲਿਖਿਆ ਤੇ ਸ਼ਗਨ ਬਾਰੇ ਆਪਣੀਆਂ ਮਜਬੂਰੀਆਂ ਲਿਖੀਆਂ। ਪੈਸੇ ਇਸ ਕਰਕੇ ਨਹੀਂ ਪਾਏ ਕਹਿੰਦੇ ਹਨ ਕਿ ਉਨ੍ਹਾਂ ਨੂੰ ਹੱਥ ਲਗਾਉਣ ਨਾਲ ਵੀ ਕੋਵਿਡ-19 ਹੋ ਜਾਂਦਾ ਹੈ, ਪਰ ਇਕ ਸ਼ਗਨ ਦਾ ਲਿਫਾਫਾ ਸੀ, ਜਿਸ ਵਿਚੋਂ 501 ਡਾਲਰ ਨਿਕਲੇ ਤੇ ਨਾਮ ਲਿਖਿਆ ਸੀ ਅਣ ਪਰਖਿਆ ਦੋਸਤ ਤੇ ਨਾਲ ਹੀ ਲਿਖਿਆ ਸੈਨੀਟਾਈਜ਼ਰ ਨਾਲ ਹੱਥ ਸਾਫ ਕਰ ਲੈਣਾ। ਮੇਰੇ ਕੰਵਲਿਆ ਦੋਸਤ, ਕਿੰਨਾ ਚੰਗਾ ਹੁੰਦਾ, ਜੇ ਤੂੰ ਬਾਕੀਆਂ ਦੇ ਕੰਨਾਂ ਵਿਚ ਵੀ ਫੂਕ ਮਾਰ ਦਿੰਦਾ। ਸੁਰੈਣਦੀਪ ਸ਼ਗਨ ਵਾਲਾ ਲਿਫ਼ਾਫ਼ਾ ਉਪਰ-ਥੱਲੇ ਦੇਖ ਰਿਹਾ ਸੀ ਪਰ ਉਸਦੀ ਸਮਝ ਤੋਂ ਬਾਹਰ ਸੀ।

### ਵਿਅੰਗ/ਮਿੰਨੀ ਕਹਾਣੀ

## ਰਾਣੀ ਹਾਰ ਬਨਾਮ ਮਾਸਕ

-ਇਕਵਾਕ ਸਿੰਘ ਪੱਟੀ
ਰਤਨ ਇੰਸਟੀਚਿਊਟ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
(Punjab Mail USA)






ਭਾਈ ਉਜਾਗਰ ਸਿੰਹਾਂ, ਆਹ! ਕੋਰੋਨਾ ਕਾਲ ਦੌਰਾਨ ਤਾਂ ਲੋਕਾਂ ਦੀ ਜ਼ਿੰਦਗੀ ਹੀ ਬਦਲ ਗਈ ਹੈ, ਕਿਤੇ ਪਾਉਣ ਨੂੰ ਮਾਸਕ ਨਹੀਂ ਮਿਲ ਰਿਹਾ ਤੇ ਕੋਈ ਸੋਨੇ-ਚਾਂਦੀ ਦਾ ਮਾਸਕ ਬਣਾ ਕੇ ਪਹਿਣ ਰਿਹਾ। ਭਾਈ ਬੰਤਾ ਸਿੰਘ ਨੇ ਆਪਣੇ ਆੜੀ ਨਾਲ ਸਰਸਰੀ ਤੌਰ 'ਤੇ ਮੌਜੂਦਾ ਹਾਲਾਤਾਂ 'ਤੇ ਗੱਲਬਾਤ ਕਰਦਿਆਂ ਕਿਹਾ। ਤਾਂ ਅੱਗੋਂ ਭਾਈ ਉਜਾਗਰ ਸਿੰਘ ਕਹਿਣ ਲੱਗਾ, 'ਗੱਲ ਤਾਂ ਤੇਰੀ ਠੀਕ ਹੈ, ਬੰਤਾ ਸਿੰਹਾਂ, ਪਰ ਕਰੀਏ ਵੀ ਕੀ, ਇੱਥੇ ਤਾਂ ਸਾਡੇ ਆਲੀ ਜਨਤਾ ਮਨਮਰਜ਼ੀ ਦੀ ਮਾਲਕ ਹੈ। ਕਿਸੇ ਨੇ ਸੋਨੇ-ਚਾਂਦੀ ਦੇ ਮਾਸਕ ਬਣਵਾ ਲਏ ਤੇ ਬਹੁਤਿਆਂ ਨੇ ਮਾਸਕ ਦਾ ਰਾਣੀ ਹਾਰ ਬਣਾ ਲਿਆ।'

ਬੰਤਾਂ ਸਿੰਘ ਨੇ ਹੈਰਾਨੀ ਨਾਲ ਪੁੱਛਿਆ, 'ਉਹ ਕਿਵੇਂ?'

ਤਾਂ ਉਜਾਗਰ ਸਿੰਘ ਕਹਿਣ ਲੱਗਾ, 'ਆਹ ਦੇਖ ਲੈ! ਜਿੱਧਰ ਮਰਜ਼ੀ, ਜਿਆਦਤਰ ਲੋਕਾਂ ਨੇ ਮਾਸਕ ਨੂੰ ਮੂੰਹ-ਨੱਕ ਢੱਕਣ ਦੀ ਥਾਂ ਗਲ ਵਿਚ ਹੀ ਪਾਇਆ ਹੋਇਆ ਹੈ, ਜਿਵੇਂ ਇਹ ਮਾਸਕ ਨਹੀਂ ਰਾਣੀ ਹਾਰ ਹੋਵੇ।' ਤਾਂ ਦੋਵੇਂ ਨਿੰਮਾ-ਨਿੰਮਾ ਮੁਸਕਰਾਉਣ ਲੱਗ ਪਏ।




## Los Angeles to Northern California

## ਡਰਾਈਵਰ ਅਤੇ ਓਨਰ ਆਪ੍ਰੇਟਰ ਚਾਹੀਦੇ ਹਨ।

**ਅਸੀਂ ਡਰਾਈਵਰਾਂ ਨੂੰ**

- W2
- ਮੈਡੀਕਲ
- ਅੱਖਾਂ ਅਤੇ ਦੰਦਾਂ ਵਾਸਤੇ ਮੈਡੀਕਲ
- 401 K ਪਲੈਨ
- ਪੈਨਸ਼ਨ ਪਲੈਨ

ਆਦਿ ਸੁਵਿਧਾਵਾਂ ਦਿੰਦੇ ਹਾਂ।

**80%**
**ਹੁੱਕ ਡਰਾਪ**

**ਡਰਾਈਵਰ ਮਹੀਨੇ ਦਾ**
**6000 ਤੋਂ 7000**
**ਡਾਲਰ ਕਮਾ ਸਕਦੇ ਹਨ।**

**80 % Hook & Drop**

**WEEKLY PAY**
**DIRECT DEPOSIT**

**ਸਟਾਕਟਨ ਏਰੀਏ ਤੋਂ ਫੀਨਿਕਸ, ਐਰੀਜੋਨਾ ਦੇ ਡੈਡੀਕੇਡਿਟ ਲੋਡ ਹਨ**

Dadicated Load available from stockton to Phoenix, Arizona,

**ਲਾਸ ਏਂਜਲਸ ਤੋਂ ਟੈਕਸਸ ਦੇ ਲੋਡਾਂ ਲਈ ਡਰਾਈਵਰਾਂ ਦੀ ਲੋੜ ਹੈ।**

Loads available from Los Angels to Texas

ਵਧੇਰੇ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ

**530-788-2588, 855-210-2300**

www.newlegendinc.com

